@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 23 August 2026
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਐਤਵਾਰ 23 ਅਗਸਤ 2026, 8 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 289, qpatrika@gmail.com ਫੋਨ : 9971359517 www.qaumipatrika.org

## ਮਿਸ਼ਨ 2027 ਦੀ ਤਿਆਰੀ, ਰਾਹੁਲ ਗਾਂਧੀ ਲੈਣਗੇ ਪੰਜਾਬ ਕਾਂਗਰਸ ਦੇ ਦਿੱਗਜ ਨੇਤਾਵਾਂ ਦੀ ਮੀਟਿੰਗ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਚੰਡੀਗੜ੍ਹ 22 ਅਗਸਤ। ਪੰਜਾਬ ਕਾਂਗਰਸ ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਗੁੱਟਬਾਜ਼ੀ ਦਰਮਿਆਨ ਪਾਰਟੀ ਹਾਈਕਮਾਨ ਨੇ ਹੁਣ ਸੀਨੀਅਰ ਨੇਤਾਵਾਂ ਨੂੰ ਇੱਕਠੇ ਬਿਠਾ ਕੇ ਚੋਣ ਰਣਨੀਤੀ 'ਤੇ ਮੰਥਨ ਕਰਨ ਦੀ ਤਿਆਰੀ ਕੀਤੀ ਹੈ। ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨਾਲ ਪੰਜਾਬ ਕਾਂਗਰਸ ਦੇ ਪ੍ਰਮੁੱਖ ਨੇਤਾਵਾਂ ਦੀ ਦਿੱਲੀ 'ਚ 19 ਅਤੇ 22 ਅਗਸਤ ਨੂੰ ਅਹਿਮ ਮੀਟਿੰਗ ਹੋਣ ਦੀ ਸੰਭਾਵਨਾ ਹੈ। ਮੀਟਿੰਗ ਵਿੱਚ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਨਾਲ-ਨਾਲ ਸੂਬਾ ਸੰਗਠਨ ਵਿੱਚ ਚੱਲ ਰਹੇ ਮਤਭੇਦਾਂ 'ਤੇ ਵੀ ਚਰਚਾ ਹੋ ਸਕਦੀ ਹੈ। 22 ਅਗਸਤ ਨੂੰ ਪ੍ਰਸਤਾਵਿਤ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਯੂ.ਸੀ.) ਦੀ ਮੀਟਿੰਗ 'ਚ ਵੱਖ-ਵੱਖ ਰਾਜਾਂ ਵਿੱਚ ਆਉਣ ਵਾਲੀਆਂ ਚੋਣਾਂ ਦੀ



ਰਣਨੀਤੀ 'ਤੇ ਚਰਚਾ ਹੋਣੀ ਹੈ। ਇਸੇ ਦੌਰਾਨ ਪੰਜਾਬ ਦੇ ਨੇਤਾਵਾਂ ਦੀ ਰਾਹੁਲ ਗਾਂਧੀ ਨਾਲ ਵੱਖਰੀ ਮੀਟਿੰਗ ਹੋਣ ਦੀ ਸੰਭਾਵਨਾ ਹੈ। ਇਸ ਵਿੱਚ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਨ ਸਭਾ ਵਿੱਚ ਨੇਤਾ ਪ੍ਰਤੀਪੱਖ ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਚੋਣ ਕੈਂਪੇਨ ਕਮੇਟੀ ਦੇ ਚੇਅਰਮੈਨ ਵਿਜੇ ਇੰਦਰ ਸਿੰਗਲਾ ਸਮੇਤ ਸੀਨੀਅਰ ਨੇਤਾ ਸ਼ਾਮਲ ਹੋ ਸਕਦੇ ਹਨ। ਇਹ ਪਹਿਲੀ ਵਾਰ ਹੋਵੇਗਾ ਜਦੋਂ ਪੰਜਾਬ ਕਾਂਗਰਸ ਦੇ ਵੱਖ-ਵੱਖ ਗੁਟਾਂ ਦੇ ਪ੍ਰਮੁੱਖ ਚਿਹਰੇ ਇੱਕਠੇ ਰਾਹੁਲ ਗਾਂਧੀ ਦੇ ਸਾਹਮਣੇ ਹੋਣਗੇ। ਅਜਿਹੇ ਵਿੱਚ ਸੂਬਾ ਸੰਗਠਨ ਵਿੱਚ ਲੀਡਰਸ਼ਿਪ, ਚੋਣ ਕਮੇਟੀਆਂ ਅਤੇ ਟਿਕਟ ਵੰਡ ਨੂੰ ਲੈ ਕੇ ਚੱਲ ਰਹੀ ਖਿੱਚੋਤਾਣ 'ਤੇ ਹਾਈਕਮਾਨ ਦਾ ਰੁਖ਼ ਸਪੱਸ਼ਟ ਹੋਣ ਦੀ ਉਮੀਦ ਹੈ। ਖ਼ਾਸਕਰ ਵੜਿੰਗ ਦੀ ਲੀਡਰਸ਼ਿਪ ਨੂੰ ਲੈ ਕੇ ਚੰਨੀ ਖੇਮੇ ਦੀ ਨਾਰਾਜ਼ਗੀ ਅਤੇ ਰੰਧਾਵਾ-ਵੜਿੰਗ ਵਿਚਕਾਰ ਹਾਲੀਆ ਮਤਭੇਦ ਵੀ ਚਰਚਾ ਵਿੱਚ ਆ ਸਕਦੇ ਹਨ। ਪ੍ਰਤਾਪ ਸਿੰਘ ਬਾਜਵਾ ਨੇ ਪਿਛਲੇ ਹਫ਼ਤੇ ਰਾਹੁਲ ਗਾਂਧੀ ਤੋਂ ਪੰਜਾਬ ਦੇ ਕਰੀਬ 15 ਵਿਧਾਇਕਾਂ ਨਾਲ ਮੀਟਿੰਗ ਲਈ ਸਮਾਂ ਮੰਗਿਆ ਸੀ। ਹੁਣ ਪ੍ਰਸਤਾਵਿਤ ਦਿੱਲੀ ਮੀਟਿੰਗ ਨੂੰ ਕਾਂਗਰਸ ਦੀ ਪੰਜਾਬ ਇਕਾਈ ਵਿੱਚ ਚੱਲ ਰਹੇ ਵਿਵਾਦ ਨੂੰ ਸੁਲਝਾਉਣ ਦੀ ਹਾਈਕਮਾਨ ਦੀ ਗੰਭੀਰ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਕਾਂਗਰਸ ਇੰਚਾਰਜ ਭੂਪੇਸ਼ ਬਘੇਲ ਦੇ ਪੰਜਾਬ ਦੌਰੇ ਦੌਰਾਨ ਵੀ ਸੰਗਠਨਾਤਮਕ ਮਤਭੇਦ ਖੁੱਲ੍ਹ ਕੇ ਸਾਹਮਣੇ ਆਏ ਸਨ। ਹਾਈਕਮਾਨ ਹੁਣ ਚੋਣਾਂ ਤੋਂ ਪਹਿਲਾਂ ਸਾਰੇ ਨੇਤਾਵਾਂ ਨੂੰ ਇੱਕਜੁੱਟ ਕਰਕੇ ਬੂਥ ਪੱਧਰ ਤੱਕ ਸੰਗਠਨ ਮਜ਼ਬੂਤ ਕਰਨ ਅਤੇ ਸਮੂਹਿਕ ਰਣਨੀਤੀ ਬਣਾਉਣ 'ਤੇ ਜ਼ੋਰ ਦੇ ਸਕਦੀ ਹੈ। ਰਾਹੁਲ ਗਾਂਧੀ ਦੇ ਅਗਸਤ ਦੇ ਆਖ਼ਰੀ ਹਫ਼ਤੇ ਪੰਜਾਬ ਦੌਰੇ ਅਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਚੋਣ ਮੁਹਿੰਮ ਦੀ ਸ਼ੁਰੂਆਤ ਦੀਆਂ ਸੰਭਾਵਨਾਵਾਂ ਦਰਮਿਆਨ ਦਿੱਲੀ ਦੀ ਇਹ ਮੀਟਿੰਗ ਬੇਹੱਦ ਅਹਿਮ ਮੰਨੀ ਜਾ ਰਹੀ ਹੈ।

## ਅਮਰੀਕਾ ਜੰਮੂ ਕਸ਼ਮੀਰ ਲਈ ਜਾਰੀ ਯਾਤਰਾ ਐਡਵਾਇਜ਼ਰੀ ਦੀ ਕਰੇਗਾ ਸਮੀਖਿਆ : ਸਰਜੀਓ ਗੋਰ

**ਕੌਮੀ ਪਤ੍ਰਿਕਾ**

ਸ਼੍ਰੀਨਗਰ 22 ਅਗਸਤ। ਭਾਰਤ 'ਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਜੰਮੂ ਕਸ਼ਮੀਰ ਜਾਰੀ ਯਾਤਰਾ ਐਡਵਾਇਜ਼ਰੀ ਦੀ ਸਮੀਖਿਆ ਕਰੇਗਾ, ਕਿਉਂਕਿ ਕੇਂਦਰ ਸਰਕਾਰ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਖੇਤਰ ਨੂੰ ਵੱਧ ਸੁਰੱਖਿਅਤ ਬਣਾਉਣ ਲਈ ਕਦਮ ਚੁੱਕੇ ਹਨ। ਗੋਰ ਜੰਮੂ ਕਸ਼ਮੀਰ ਅਤੇ ਲੱਦਾਖ ਦੇ 2 ਦਿਨਾਂ ਦੌਰੇ 'ਤੇ ਬੁੱਧਵਾਰ ਨੂੰ ਸ਼?ਰੀਨਗਰ ਪਹੁੰਚੇ। ਉਨ੍ਹਾਂ ਨੇ ਉਮਰ ਨਾਲ ਇਕ ਸੰਯੁਕਤ ਪ੍ਰੈੱਸ ਵਾਰਤਾ 'ਚ ਕਿਹਾ ਕਿ ਜੰਮੂ ਕਸ਼ਮੀਰ ਭਾਰਤ ਦਾ ਅਹਿਮ ਹਿੱਸਾ ਅਤੇ ਇਕ ਬੇਹੱਦ ਖ਼ੂਬਸੂਰਤ ਜਗ?ਹਾ ਹੈ। ਗੋਰ ਨੇ ਕਿਹਾ,"ਅਮਰੀਕਾ ਯਾਤਰਾ ਨਾਲ ਜੁੜੀਆਂ ਚਿਤਾਵਨੀਆਂ ਜਾਰੀ ਕਰਦਾ ਹੈ ਅਤੇ ਅਸੀਂ ਸਮੇਂ-ਸਮੇਂ 'ਤੇ ਇਨ੍ਹਾਂ ਦੀ ਸਮੀਖਿਆ ਕਰਦੇ ਹਨ। ਮੈਂ ਅੱਜ ਇੱਥਏ ਕੋਈ ਵੱਡਾ ਐਲਾਨ ਤਾਂ ਨਹੀਂ ਕਰ ਸਕਦਾ ਪਰ ਅਸੀਂ ਇਸ ਮੁੱਦੇ 'ਤੇ ਵਿਚਾਰ ਜ਼ਰੂਰ ਕਰਾਂਗੇ।" ਉਨ੍ਹਾਂ ਕਿਹਾ,"ਸਾਡਾ ਮੰਨਣਾ ਹੈ ਕਿ ਨਵੀਂ ਦਿੱਲੀ, ਇੱਥੇ ਦੇ ਮੁੱਖ ਮੰਤਰੀ ਅਤੇ ਇੱਥੇ ਦੇ



ਪ੍ਰਸ਼ਾਸਨ ਨੇ ਇਸ ਖੇਤਰ ਨੂੰ ਹੋਰ ਵੱਧ ਸੁਰੱਖਿਅਤ ਬਣਾਉਣ ਲਈ ਕੁਝ ਬਿਹਤਰੀਨ ਕਦਮ ਚੁੱਕੇ ਹਨ।" ਗੋਰ ਨੇ ਕਿਹਾ,"ਇਸ ਲਈ ਅਸੀਂ ਇਸ ਗੱਲ 'ਤੇ ਵਿਚਾਰ ਕਰਾਂਗੇ ਕਿ ਕੀ ਅਮਰੀਕਾ ਵਲੋਂ ਜਾਰੀ ਯਾਤਰਾ ਚਿਤਾਵਨੀ ਦੇ ਪੱਧਰ ਨੂੰ ਘੱਟ ਕੀਤਾ ਜਾਣਾ ਚਾਹੀਦਾ, ਕਿਉਂਕਿ ਜਿਵੇਂ ਕਿ ਮੈਂ ਪਹਿਲਾਂ ਕਿਹਾ, ਇਹ ਇਕ ਖ਼ੂਬਸੂਰਤ ਜਗ?ਹਾ ਹੈ। ਮੈਨੂੰ ਲੱਗਦਾ ਹੈ ਕਿ ਬਹੁਤ ਸਾਡੇ ਅਮਰੀਕੀ ਜੰਮੂ ਕਸ਼ਮੀਰ ਆ ਕੇ ਇਸ ਦੀ ਖ਼ੂਬਸੂਰਤੀ ਦਾ ਦੀਦਾਰ ਕਰਨਾ ਅਤੇ ਇੱਥੇ ਮੌਜੂਦ ਮੌਕਿਆਂ ਬਾਰੇ ਜਾਣਨਾ ਪਸੰਦ ਕਰਨਗੇ।" ਸ਼?ਰੀਨਗਰ ਪਹੁੰਚਣ ਦੇ ਤੁਰੰਤ ਬਾਅਦ ਗੋਰ ਨੇ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਘਰ ਮੁਲਾਕਾਤ ਕੀਤੀ। ਉਨ੍ਹਾਂ ਕਿਹਾ,"ਮੈਂ ਇੱਥੇ ਆ ਕੇ ਉਤਸ਼ਾਹਤ ਹਾਂ। ਸਾਡੀ ਅਜੇ ਬਹੁਤ ਚੰਗੀ ਗੱਲਬਾਤ ਹੋਈ। ਕੁਝ ਅਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਅਸੀਂ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਦੇ ਸਾਹਮਣੇ ਚੁੱਕਣ ਦੀ ਉਮੀਦ ਕਰਦੇ ਹਾਂ। ਇਹ ਇਕ ਬਹੁਤ ਹੀ ਗਰਮਜੋਸ਼ੀ ਭਰੀ ਬੈਠਕ ਸੀ। ਅਸੀਂ ਇਸ ਰਿਸ਼ਤੇ ਨੂੰ ਅੱਗੇ ਵਧਾਉਣ ਲਈ ਉਤਸੁਕ ਹਾਂ।" ਗੋਰ ਵੀਰਵਾਰ ਨੂੰ ਲੱਦਾਖ ਦਾ ਦੌਰਾ ਕਰਨਗੇ। ਉਮਰ ਨੇ ਕਿਹਾ ਕਿ ਉਨ੍ਹਾਂ ਨੇ ਗੋਰ ਨਾਲ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਾਲੇ ਸੰਬੰਧਾਂ 'ਤੇ ਚਰਚਾ ਕੀਤੀ, ਜਿਸ 'ਚ ਜੰਮੂ ਕਸ਼ਮੀਰ 'ਤੇ ਖਾਸ ਤੌਰ 'ਤੇ ਧਿਆਨ ਦਿੱਤਾ ਗਿਆ। ਉਨ੍ਹਾਂ ਕਿਹਾ,"ਇਹ ਇਕ ਬਹੁਤ ਚੰਗੀ ਬੈਠਕ ਸੀ। ਸਾਨੂੰ ਦੋਵਾਂ ਦੇਸ਼ਾਂ ਵਿਚਾਲੇ ਸੰਬੰਧਾਂ 'ਤੇ ਚਰਚਾ ਕਰਨ ਦਾ ਮੌਕਾ ਮਿਲਿਆ, ਜਿਸ 'ਚ ਖਾਸ ਤੌਰ 'ਤੇ ਇਸ ਗੱਲ ਦਾ ਧਿਆਨ ਦਿ4ਤਾ ਗਿਆ ਕਿ ਅਮਰੀਕਾ ਜੰਮੂ ਕਸ਼ਮੀਰ ਦੇ ਮਾਮਲੇ 'ਚ ਕੀ ਕਰ ਸਕਦਾ ਹੈ।"

## ਕੁੱਤਿਆਂ ਦੇ ਆਤੰਕ ਖ਼ਿਲਾਫ਼ ਅਨੋਖਾ ਪ੍ਰਦਰਸ਼ਨ ! 'ਡੌਗੀ' ਦਾ ਭੇਸ ਬਣਾ ਕੇ ਆ ਗਿਆ ਬੰਦਾ

ਨੈਸ਼ਨਲ ਡੈਸਕ 22 ਅਗਸਤ। ਦੇਸ਼ 'ਚ ਆਵਾਰਾ ਕੁੱਤਿਆਂ ਦਾ ਆਤੰਕ ਲਗਾਤਾਰ ਵਧਦਾ ਜਾ ਰਿਹਾ ਹੈ। ਪਿਛਲੇ ਲੰਬੇ ਸਮੇਂ ਤੋਂ ਬੱਚਿਆਂ ਤੇ ਔਰਤਾਂ 'ਤੇ ਕੁੱਤਿਆਂ ਦੇ ਹਮਲੇ ਦੀਆਂ ਖ਼ਬਰਾਂ ਸਾਹਮਣੇ ਆਉਣ ਨਾਲ ਲੋਕਾਂ 'ਚ ਡਰ ਦਾ ਮਾਹੌਲ ਦੇਖਿਆ ਜਾ ਰਿਹਾ ਹੈ। ਇਸੇ ਦੌਰਾਨ ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲ੍ਹੇ ਵਿੱਚ ਆਵਾਰਾ ਕੁੱਤਿਆਂ ਦੀ ਵਧਦੀ ਸਮੱਸਿਆ ਅਤੇ ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਨਸਬੰਦੀ ਪ੍ਰੋਗਰਾਮ 'ਚ ਹੋਈ ਗੜਬੜੀ ਖ਼?ਲਾਫ਼ ਇੱਕ ਅਨੋਖਾ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਕੁਲੈਕਟਰ ਦਫ਼ਤਰ 'ਚ ਚੱਲ ਰਹੀ ਜਨਸੁਣਵਾਈ ਦੌਰਾਨ ਇੱਕ ਵਿਅਕਤੀ ਆਵਾਰਾ ਕੁੱਤਿਆਂ ਦੀ ਦੁਰਦਸ਼ਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਖਿੱਚਣ ਲਈ 'ਕੁੱਤੇ ਦਾ ਕਾਸਟਿਊਮ ਪਹਿਨ ਕੇ ਪਹੁੰਚ ਗਿਆ, ਜਿਸ ਨੂੰ ਦੇਖ ਕੇ ਉੱਥੇ ਮੌਜੂਦ ਅਧਿਕਾਰੀ ਅਤੇ ਆਮ ਲੋਕ ਹੈਰਾਨ ਰਹਿ ਗਏ। ਡੌਗੀ ਦੇ ਕਾਸਟਿਊਮ 'ਚ ਪਹੁੰਚੇ ਇਸ ਵਿਅਕਤੀ ਨੇ ਖੁਦ ਕੋਈ ਬਿਆਨ ਨਹੀਂ ਦਿੱਤਾ, ਪਰ ਉਸ ਦੇ ਇਸ ਅਨੋਖੇ ਵਿਰੋਧ ਪ੍ਰਦਰਸ਼ਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਲੋਕਾਂ ਨੇ ਇਸ ਨੂੰ ਅਨੋਖਾ ਪ੍ਰਦਰਸ਼ਨ ਦੱਸਦਿਆਂ ਤੇਜ਼ੀ ਨਾਲ ਸ਼ੇਅਰ ਕੀਤਾ ਹੈ। ਖੰਡਵਾ ਨਗਰ ਨਿਗਮ ਦੇ ਵਿਰੋਧੀ ਧਿਰ ਦੇ ਨੇਤਾ ਦੀਪਕ ਰਾਠੌਰ ਵੀ ਇਸ ਪ੍ਰਦਰਸ਼ਨ ਦੌਰਾਨ ਮੌਜੂਦ ਸਨ। ਰਾਠੌਰ ਨੇ ਦੋਸ਼ ਲਗਾਇਆ ਕਿ ਖੰਡਵਾ 'ਚ ਕੁੱਤਿਆਂ ਦੀ ਨਸਬੰਦੀ ਦੇ ਨਾਂ 'ਤੇ ਵੱਡਾ ਭ੍ਰਿਸ਼ਟਾਚਾਰ ਹੋਇਆ ਹੈ। ਨਗਰ ਨਿਗਮ ਨੇ ਨਸਬੰਦੀ ਦੇ ਨਾਂ 'ਤੇ ਲਗਭਗ 40 ਲੱਖ ਰੁਪਏ ਦਾ ਬਿਲ ਪਾਸ ਕੀਤਾ ਹੈ, ਪਰ ਇਸ ਦੇ ਬਾਵਜੂਦ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਦੀਪਕ ਰਾਠੌਰ ਨੇ ਦੱਸਿਆ ਕਿ ਪ੍ਰਸ਼ਾਸਨ ਦਾ ਧਿਆਨ ਇਸ ਘੁਟਾਲੇ ਅਤੇ ਆਵਾਰਾ ਕੁੱਤਿਆਂ ਦੀ ਸਮੱਸਿਆ ਵੱਲ ਦਿਵਾਉਣ ਲਈ ਦਿੱਲੀ ਤੋਂ ਆਏ ਇੱਕ ਸਮਾਜਿਕ ਕਰਮਚਾਰੀ ਨੇ 'ਡੌਗੀ' ਬਣ ਕੇ ਇਹ ਪ੍ਰਦਰਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਦੇ ਰਿਹਾਇਸ਼ੀ ਇਲਾਕਿਆਂ ਅਤੇ ਸੜਕਾਂ 'ਤੇ ਆਵਾਰਾ ਕੁੱਤਿਆਂ ਦੇ ਵਧਦੇ ਆਤੰਕ ਕਾਰਨ ਬੱਚਿਆਂ, ਬਜ਼ੁਰਗਾਂ ਅਤੇ ਪੈਦਲ ਚੱਲਣ ਵਾਲੇ ਰਾਹਗੀਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਲੈਕਟਰ ਦਫ਼ਤਰ ਵਿੱਚ ਅਰਜ਼ੀ ਦੇ ਕੇ ਇਸ ਸਾਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਗਈ ਹੈ।

## ਹਰੇਕ ਵਿਧਾਇਕ ਨੂੰ ਨਵੀਂ ਗੱਡੀ, ਡਰਾਈਵਰਾਂ ਨੂੰ 75,000 ਰੁਪਏ ਪ੍ਰਤੀ ਮਹੀਨਾ ! ਮੁੱਖ ਮੰਤਰੀ ਵਿਜੇ ਨੇ ਕਰ 'ਤਾ ਵੱਡਾ ਐਲਾਨ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੇਨਈ 22 ਅਗਸਤ। ਤਾਮਿਲਨਾਡੂ ਦੇ ਮੁੱਖ ਮੰਤਰੀ ਸੀ. ਜੋਸਫ਼ ਵਿਜੇ ਨੇ ਰਾਜ ਵਿਧਾਨ ਸਭਾ ਵਿੱਚ ਵਿਧਾਇਕਾਂ ਨੂੰ ਲੈ ਕੇ ਇੱਕ ਵੱਡਾ ਐਲਾਨ ਕਰ ਦਿੱਤਾ। ਮੁੱਖ ਮੰਤਰੀ ਵਿਜੇ ਨੇ ਐਲਾਨ ਕੀਤਾ ਕਿ ਸੂਬੇ ਦੇ ਸਾਰੇ ਵਿਧਾਇਕਾਂ ਨੂੰ ਉਨ੍ਹਾਂ ਦੇ ਸਬੰਧਤ ਹਲਕਿਆਂ ਵਿੱਚ ਆਉਣ-ਜਾਣ ਦੀ ਸਹੂਲਤ ਲਈ ਨਵੀਆਂ ਕਾਰਾਂ ਦਿੱਤੀਆਂ ਜਾਣਗੀਆਂ। ਤਾਮਿਲਨਾਡੂ ਵਿਧਾਨ ਸਭਾ ਵਿੱਚ ਬੋਲਦਿਆਂ ਮੁੱਖ ਮੰਤਰੀ ਵਿਜੇ ਨੇ ਕਿਹਾ ਕਿ ਵਿਧਾਇਕਾਂ ਨੂੰ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਿਯਮਿਤ ਤੌਰ 'ਤੇ ਆਪਣੇ ਹਲਕਿਆਂ ਦਾ ਦੌਰਾ ਕਰਨਾ ਪੈਂਦਾ ਹੈ। ਸਰਕਾਰ ਸਾਰੇ ਵਿਧਾਇਕਾਂ ਨੂੰ ਉਨ੍ਹਾਂ ਦੇ ਹਲਕਿਆਂ ਵਿੱਚ ਯਾਤਰਾ ਕਰਨ ਵਿੱਚ ਮਦਦ ਕਰਨ ਲਈ ਕਾਰਾਂ ਪ੍ਰਦਾਨ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਵਿਧਾਇਕਾਂ ਲਈ ਐਲਾਨੀ ਗਈ ਇਸ ਸਹਾਇਤਾ ਦੇ ਤਹਿਤ ਉਨ੍ਹਾਂ ਨੂੰ ਡਰਾਈਵਰ ਦੀ ਤਨਖਾਹ ਅਤੇ ਕਾਰ ਨਾਲ ਸਬੰਧਤ ਖਰਚਿਆਂ ਲਈ ਹਰ ਮਹੀਨੇ




75,000 ਰੁਪਏ ਵੀ ਮਿਲਣਗੇ। ਇਸ ਤੋਂ ਇਲਾਵਾ ਸਰਕਾਰ ਹਰੇਕ ਵਿਧਾਇਕ ਦੇ ਦਫ਼ਤਰ ਵਿੱਚ ਇੱਕ ਸਹਾਇਕ ਰੱਖਣ ਲਈ ਪ੍ਰਤੀ ਮਹੀਨਾ ?25,000 ਪ੍ਰਦਾਨ ਦੇਵੇਗੀ। ਇਹ ਐਲਾਨ ਵੀਸੀਕੇ ਵਿਧਾਇਕ ਜੋਤੀਮਣੀ ਦੇ ਉਸ ਬਿਆਨ ਤੋਂ ਬਾਅਦ ਕੀਤਾ ਗਿਆ, ਜਿਸ ਵਿਚ ਉਨ੍ਹਾਂ ਕਿਹਾ ਕਿ ਵਿਧਾਇਕ ਜ਼ਰੂਰੀ ਲੌਜਿਸਟਿਕਲ ਸਹਾਇਤਾ ਤੋਂ ਬਿਨਾਂ ਸਹੀ ਢੰਗ ਨਾਲ ਕੰਮ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੇ ਉਨ੍ਹਾਂ ਲਈ ਕਾਰਾਂ ਦੀ ਮੰਗ ਕੀਤੀ ਸੀ। ਰਿਪੋਰਟ ਦੇ ਅਨੁਸਾਰ ਡੀਐਮਕੇ ਦੇ ਇੱਕ ਸੀਨੀਅਰ ਵਿਧਾਇਕ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਵਿੱਤੀ ਰੁਕਾਵਟਾਂ ਦਾ ਹਵਾਲਾ ਦਿੰਦੇ ਹੋਏ ਵਿਧਾਇਕਾਂ ਦੀਆਂ ਅਜਿਹੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਸੀ। ਵਿਧਾਇਕ ਨੇ ਦੱਸਿਆ ਕਿ ਸਥਾਨਕ ਸੰਸਥਾਵਾਂ ਦੇ ਮੁਖੀਆਂ ਨੂੰ ਪਹਿਲਾਂ ਹੀ ਸਰਕਾਰੀ ਵਾਹਨ ਮਿਲਦੇ ਹਨ। ਸਰਕਾਰ ਨਗਰ ਨਿਗਮ ਅਤੇ ਯੂਨੀਅਨ ਚੇਅਰਪਰਸਨਾਂ, ਮੇਅਰਾਂ ਅਤੇ ਡਿਪਟੀ ਮੇਅਰਾਂ ਨੂੰ ਵਾਹਨ ਪ੍ਰਦਾਨ ਕਰਦੀ ਹੈ, ਪਰ ਵਿਧਾਇਕਾਂ ਨੂੰ ਇਸ ਵਿਸ਼ੇਸ਼ ਅਧਿਕਾਰ ਤੋਂ ਵਾਂਝਾ ਰੱਖਿਆ ਜਾਂਦਾ ਹੈ। ਜਦੋਂ ਜੋਤੀਮਣੀ ਨੇ ਸਦਨ ਵਿੱਚ ਇਹ ਮੰਗ ਚੁੱਕੀ ਤਾਂ ਮੁੱਖ ਮੰਤਰੀ ਵਿਜੇ ਨੇ ਤੁਰੰਤ ਆਪਣੇ ਸੀਨੀਅਰ ਸਹਿਯੋਗੀ ਐਨ. ਆਨੰਦ ਨਾਲ ਗੱਲ ਕੀਤੀ ਤਾਂ ਵਿਧਾਇਕ ਸਪੱਸ਼ਟ ਤੌਰ 'ਤੇ ਖੁਸ਼ ਦਿਖਾਈ ਦਿੱਤੇ।

## ਕਰਨਾਟਕ ਤੇ ਗੁਜਰਾਤ 'ਚ 21 ਥਾਈਂ ਈ.ਡੀ. ਦੇ ਛਾਪੇ !

ਨੈਸ਼ਨਲ ਡੈਸਕ 22 ਅਗਸਤ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਵੈਟਰਨਰੀ ਅਫਸਰ ਭਰਤੀ ਪ੍ਰੀਖਿਆ ਘਪਲੇ ਮਾਮਲੇ 'ਚ ਮੰਗਲਵਾਰ ਨੂੰ ਮਨੀ ਲਾਂਡਰਿੰਗ ਜਾਂਚ ਦੇ ਹੇਠ ਕਰਨਾਟਕ ਲੋਕ ਸੇਵਾ ਕਮਿਸ਼ਨ (ਕੇ.ਪੀ.ਐੱਸ.ਸੀ.) ਦੇ ਕੰਪਲੈਕਸ, ਇਸ ਦੇ ਮੁਅੱਤਲ ਚੇਅਰਮੈਨ ਸ਼ਿਵਸ਼ੰਕਰੱਪਾ ਐੱਸ. ਸਾਹੂਕਾਰ, ਮੈਂਬਰ ਸ਼ਾਂਤਾ ਹੋਸਮਾਨੀ ਅਤੇ ਕੁਝ ਹੋਰ ਲੋਕਾਂ ਦੇ ਕੰਪਲੈਕਸਾਂ 'ਤੇ ਛਾਪੇ ਮਾਰੇ। ਅਧਿਕਾਰੀਆਂ ਨੇ ਦੱਸਿਆ ਕਿ ਕਰਨਾਟਕ ਅਤੇ ਗੁਜਰਾਤ 'ਚ 21 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸੰਘੀ ਜਾਂਚ ਏਜੰਸੀ ਨੇ ਇਨ੍ਹਾਂ ਕਥਿਤ ਬੇਨਿਯਮੀਆਂ ਦੇ ਸਬੰਧ 'ਚ ਮਨੀ ਲਾਂਡਰਿੰਗ ਨਿਵਾਰਣ ਐਕਟ (ਪੀ. ਐੱਮ. ਐੱਲ. ਏ.) ਹੇਠ ਮਾਮਲਾ ਦਰਜ ਕਰਨ ਤੋਂ ਬਾਅਦ ਇਹ ਕਾਰਵਾਈ ਸ਼ੁਰੂ ਕੀਤੀ। ਈ. ਡੀ. ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਬੈਂਗਲੁਰੂ ਪੁਲਸ ਦੇ ਵਿਧਾਨ ਸੌਧ ਥਾਣੇ 'ਚ ਦਰਜ 4 ਐੱਫ. ਆਈ. ਆਰਜ਼ ਦਾ ਨੋਟਿਸ ਲਿਆ ਹੈ। ਇਨ੍ਹਾਂ ਐੱਫ. ਆਈ. ਆਰਜ਼ 'ਚ ਵੈਟਰਨਰੀ ਅਫਸਰਾਂ ਦੀ ਅੰਤਿਮ ਚੋਣ 'ਚ ਬੇਨਿਯਮੀਆਂ ਦੇ ਦੋਸ਼ ਲਗਾਏ ਗਏ ਹਨ। ਦੋਸ਼ ਹੈ ਕਿ ਕੁਝ ਵਿਚੋਲਿਆਂ ਨੇ ਸ਼ਿਕਾਇਤਕਰਤਾ ਸਮੇਤ ਉਮੀਦਵਾਰਾਂ ਨੂੰ ਫੋਨ ਕੀਤਾ ਅਤੇ ਚੋਣ ਲਈ ਪ੍ਰਤੀ ਉਮੀਦਵਾਰ 70 ਤੋਂ 80 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੇ ਸ਼ਿਕਾਇਤਕਰਤਾ ਨੇ ਇਨ੍ਹਾਂ ਵਿਚੋਲਿਆਂ ਦੀ ਆਡੀਓ ਰਿਕਾਰਡਿੰਗ ਪੁਲਸ ਨੂੰ ਸੌਂਪੀ ਹੈ।

## ਜਾਤੀ ਗਣਨਾ 'ਤੇ ਸਰਕਾਰ ਨੇ ਫਿਰ ਲਿਆ ਯੂ-ਟਰਨ : ਜੈਰਾਮ ਰਮੇਸ਼

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 22 ਅਗਸਤ। ਕਾਂਗਰਸ ਨੇ ਜਾਤੀ ਆਧਾਰਤ ਜਨਗਣਨਾ ਨੂੰ ਲੈ ਕੇ ਮੋਦੀ ਸਰਕਾਰ 'ਤੇ ਫਿਰ ਯੂ-ਟਰਨ ਲੈਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਹ ਜਾਤੀ ਆਧਾਰਤ ਜਨਗਣਨਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਐਕਸ' 'ਤੇ ਕਿਹਾ ਕਿ 21 ਸਤੰਬਰ 2021 ਨੂੰ ਮੋਦੀ ਸਰਕਾਰ ਨੇ ਸੁਪਰੀਮ ਕੋਰਟ 'ਚ ਦਾਇਰ ਕੀਤੇ ਇਕ ਹਲਫ਼ਨਾਮੇ 'ਚ ਜਾਤੀ ਜਨਗਣਨਾ ਦੀ ਮੰਗ ਨੂੰ ਸਪੱਸ਼ਟ ਤੌਰ 'ਤੇ ਖਾਰਜ ਕਰ ਦਿੱਤਾ ਸੀ। ਹਾਲਾਂਕਿ, ਹਲਫ਼ਨਾਮੇ ਦੇ ਪੈਰਾ 12 (ਡੀ) 'ਚ ਸਰਕਾਰ ਨੇ ਕਿਹਾ ਕਿ 2011 ਦੀ ਜਨਗਣਨਾ ਤੋਂ ਪਹਿਲਾਂ ਕੋਈ ਜਾਤੀਆਂ ਦਾ ਕੋਈ ਰਜਿਸਟਰ ਤਿਆਰ ਨਹੀਂ ਕੀਤਾ ਗਿਆ ਸੀ ਅਤੇ ਬਿਹਤਰ ਹੁੰਦਾ ਕਿ ਜਾਤੀਆਂ ਦੀ ਚੋਣ ਲਈ 'ਡ?ਰੌਪ-ਡਾਊਨ ਮੀਨੂ' ਯਾਨੀ



ਜਾਤੀਆਂ ਦੀ ਪਹਿਲਾਂ ਤੋਂ ਤਿਆਰ ਸੂਚੀ ਹੁੰਦੀ, ਜਿਸ ਨਾਲ ਇਕਸਾਰ ਅਤੇ ਭਰੋਸੇਮੰਦ ਅੰਕੜੇ ਜੁਟਾਏ ਜਾ ਸਕੇ। ਜੈਰਾਮ ਰਮੇਸ਼ ਨੇ ਸਵਾਲ ਕੀਤਾ ਕਿ ਜਦੋਂ ਸਰਕਾਰ ਨੇ ਖੁਦ ਅਜਿਹੀ ਵਿਵਸਥਾ ਨੂੰ ਆਦਰਸ਼ ਦੱਸਿਆ ਸੀ ਤਾਂ ਜਨਗਣਨਾ-2027 'ਚ ਜਾਤੀਆਂ ਦੀ ਅਜਿਹੀ ਸੂਚੀ ਕਿਉਂ ਨਹੀਂ ਹੈ।

## ਰੱਖਿਆ ਸਹਿਯੋਗ ਵਧਾਉਣਗੇ ਭਾਰਤ-ਜਾਪਾਨ, ਸਮੁੰਦਰੀ ਸੁਰੱਖਿਆ ਸਮਝੌਤੇ 'ਤੇ ਦਸਤਖ਼ਤ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 22 ਅਗਸਤ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਇੱਥੇ ਜਾਪਾਨ ਦੇ ਰੱਖਿਆ ਮੰਤਰੀ ਸ਼ਿੰਜਿਰੋ ਕੋਇਜ਼ੁਮੀ ਨਾਲ ਰੱਖਿਆ ਮੰਤਰੀ ਪੱਧਰ ਦੀ ਮੀਟਿੰਗ ਕੀਤੀ। ਜਿਸ 'ਚ ਦੋਹਾਂ ਧਿਰਾਂ ਨੇ ਮੁਕਤ ਅਤੇ ਖੁੱਲ੍ਹੇ ਹਿੰਦ-ਪ੍ਰਸ਼ਾਂਤ ਖੇਤਰ ਲਈ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਪ੍ਰਗਟਾਈ। ਰੱਖਿਆ ਮੰਤਰਾਲਾ ਨੇ ਬੈਠਕ ਤੋਂ ਬਾਅਦ ਜਾਰੀ ਸਾਂਝੇ ਪ੍ਰੈੱਸ ਬਿਆਨ 'ਚ ਕਿਹਾ ਕਿ ਦੋਹਾਂ ਮੰਤਰੀਆਂ ਨੇ ਖੇਤਰੀ ਅਤੇ ਅੰਤਰਰਾਸ਼ਟਰੀ ਸੁਰੱਖਿਆ ਸਥਿਤੀ 'ਤੇ ਮੁਲਾਂਕਣ ਸਾਂਝਾ ਕਰਨ ਅਤੇ ਸ਼ਿਪਿੰਗ ਅਤੇ ਹਵਾਈ ਉਡਾਣ ਦੀ ਆਜ਼ਾਦੀ ਅਤੇ ਸੁਰੱਖਿਆ 'ਚ ਰੁਕਾਵਟ ਪਾਉਣ ਵਾਲੀਆਂ ਇਕ ਪਾਸੜ ਕਾਰਵਾਈਆਂ ਅਤੇ ਤਾਕਤ ਜਾਂ ਦਬਾਅ ਰਾਹੀਂ ਸਥਿਤੀ ਬਦਲਣ ਦੇ ਯਤਨਾਂ ਦਾ ਸਖ਼ਤ ਵਿਰੋਧ ਕੀਤਾ ਹੈ। ਰਾਜਨਾਥ ਸਿੰਘ ਨੇ ਮੀਟਿੰਗ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ ਕਿ ਹਿੰਦ ਪ੍ਰਸ਼ਾਂਤ ਦੀ ਸਥਿਰਤਾ 'ਚ ਅਹਿਮ ਕਦਮ। ਨਵੀਂ ਦਿੱਲੀ 'ਚ ਜਾਪਾਨ ਦੇ ਰੱਖਿਆ ਮੰਤਰੀ ਸ਼ਿੰਜਿਰੋ ਕੋਇਜ਼ੁਮੀ ਨਾਲ ਸਾਰਥਕ ਮੀਟਿੰਗ ਹੋਈ। ਦੋਹਾਂ ਧਿਰਾਂ ਨੇ ਇਕ ਸਮਝੌਤਾ ਪੱਤਰ 'ਤੇ ਦਸਤਖ਼ਤ ਵੀ ਕੀਤੇ ਜਿਸ 'ਚ ਸਮੁੰਦਰੀ ਖੇਤਰ ਨਾਲ ਸਬੰਧਤ ਜਾਗਰੂਕਤਾ, ਖੋਜ ਅਤੇ ਬਚਾਅ, ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ ਅਤੇ ਭਾਰਤੀ ਸਮੁੰਦਰੀ ਫ਼ੌਜ ਤੇ ਜਾਪਾਨ ਮੈਰੀਟਾਈਮ ਸੈਲਫ਼-ਡਿਫ਼ੈਂਸ ਫੋਰਸ ਵਿਚਾਲੇ ਸਹਿਯੋਗ ਮਜ਼ਬੂਤ ਕਰਨਾ ਸ਼ਾਮਲ ਹੈ। ਸਾਂਝੇ ਪ੍ਰੈੱਸ ਬਿਆਨ 'ਚ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਹਿੰਦ-ਪ੍ਰਸ਼ਾਂਤ ਖੇਤਰ 'ਚ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਲਈ ਵਿਹਾਰਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮੁੰਦਰੀ ਸੁਰੱਖਿਆ ਸਹਿਯੋਗ ਵਧਾਉਣ ਲਈ ਸਹਿਮਤ ਹੋਈਆਂ। ਦੋਵੇਂ ਮੰਤਰੀਆਂ ਨੇ ਸਮੁੰਦਰੀ ਸੰਚਾਰ ਲਾਈਨਾਂ ਦੀ ਸੁਰੱਖਿਆ ਲਈ ਸਮੁੰਦਰੀ ਫ਼ੌਜ ਦੇ ਜਹਾਜ਼ਾਂ ਦੀ ਆਪਸੀ ਯਾਤਰਾਵਾਂ, ਸਾਂਝੇ ਅਭਿਆਸ, ਫ਼ੌਜੀ ਜਵਾਨਾਂ ਅਤੇ ਮਾਹਰਾਂ ਦੇ ਵਟਾਂਦਰੇ ਅਤੇ ਬੰਦਰਗਾਹਾਂ, ਰੱਖ-ਰਖਾਅ ਤੇ ਮੁਰੰਮਤ ਸਹੂਲਤਾਂ ਦੀ ਵਰਤੋਂ ਸਮੇਤ ਲਾਜਿਸਟਿਕ ਸਹਿਯੋਗ ਵਧਾਉਣ 'ਤੇ ਸਹਿਮਤੀ ਪ੍ਰਗਟਾਈ। ਦੋਹਾਂ ਧਿਰਾਂ ਨੇ ਬਾਰੂਦੀ ਸੁਰੰਗ ਵਿਰੋਧੀ ਸਮਰੱਥਾਵਾਂ 'ਚ ਤਾਲਮੇਲ ਵਧਾਉਣ ਅਤੇ ਜਾਪਾਨ ਦੀ ਤਕਨੀਕੀ ਮੁਹਾਰਤ ਤੇ ਭਾਰਤ ਦੀਆਂ ਉਤਪਾਦਨ ਸਮਰੱਥਾਵਾਂ ਦੀ ਵਰਤੋਂ ਕਰਦੇ ਹੋਏ ਸਮੁੰਦਰੀ ਫ਼ੌਜ ਦੇ ਜਹਾਜ਼ ਨਿਰਮਾਣ ਅਤੇ ਡਿਜ਼ਾਈਨ 'ਚ ਸਾਂਝੇ ਵਿਕਾਸ ਦੀਆਂ ਸੰਭਾਵਨਾਵਾਂ ਤਲਾਸ਼ਣ 'ਤੇ ਵੀ ਸਹਿਮਤੀ ਪ੍ਰਗਟਾਈ।

## ਸਿਹਤ ਵਿਭਾਗ ਨੇ ਸਵਾਈਨ ਫਲੂ ਤੋਂ ਬਚਾਅ ਲਈ ਜਾਰੀ ਕੀਤੀ ਐਡਵਾਈਜ਼ਰੀ

ਚੰਡੀਗੜ੍ਹ, 22 ਅਗਸਤ: ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਬਦਲਦੇ ਮੌਸਮ ਦੇ ਚੱਲਦਿਆਂ ਸਵਾਈਨ ਫਲੂ ਤੋਂ ਬਚਾਅ ਲਈ ਆਮ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ ਅਤੇ ਇਸ ਤੋਂ ਬਚਾਅ ਲਈ ਐਡਵਾਈਜ਼ਰੀ ਵੀ ਜਾਰੀ ਕੀਤੀ ਗਈ ਹੈ ਅਤੇ ਨਾਗਰਿਕਾਂ ਨੂੰ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਇੱਕ ਸਰਕਾਰੀ ਬੁਲਾਰੇ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਅਨੁਸਾਰ ਸਵਾਈਨ ਫਲੂ ਦੇ ਮੁੱਖ ਲੱਛਣਾਂ ਵਿੱਚ ਬੁਖਾਰ, ਖੰਘ, ਗਲੇ ਵਿੱਚ ਖਰਾਸ਼, ਨੱਕ ਵਗਣਾ ਜਾਂ ਬੰਦ ਹੋਣਾ, ਸਾਹ ਲੈਣ ਵਿੱਚ ਪਰੇਸ਼ਾਨੀ, ਸਿਰਦਰਦ, ਸਰੀਰ ਤੇ ਜੋੜਾਂ ਵਿੱਚ ਦਰਦ, ਕਮਜ਼ੋਰੀ ਅਤੇ ਭੁੱਖ ਘੱਟ ਲੱਗਣਾ, ਜੀਅ ਕੱਚਾ ਹੋਣਾ, ਉਲਟੀ ਅਤੇ ਦੱਸ ਸ਼ਾਮਲ ਹਨ। ਬੁਖਾਰ, ਖੰਘ ਜਾਂ ਛਿੱਕ ਵਰਗੇ ਲੱਛਣ ਹੋਣ ਤਾਂ ਜਨਤਕ ਥਾਵਾਂ ਤੋਂ ਦੂਰੀ ਬਣਾ ਕੇ ਰੱਖੋ, ਤਾਂ ਜੋ ਲਾਗ ਫੈਲਣ ਦਾ ਖਤਰਾ ਘੱਟ ਕੀਤਾ ਜਾ ਸਕੇ। ਬਚਾਅ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ। ਉਨ੍ਹਾਂ ਦੱਸਿਆ ਕਿ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਖੰਘਦੇ ਜਾਂ ਛਿੱਕਦੇ ਸਮੇਂ ਮੂੰਹ ਅਤੇ ਨੱਕ ਨੂੰ ਰੁਮਾਲ ਨਾਲ ਢੱਕੋ। ਹੱਥਾਂ ਨੂੰ ਵਾਰ-ਵਾਰ ਸਾਬਣ ਅਤੇ ਪਾਣੀ ਨਾਲ ਧੋਵੋ। ਲੋੜੀਂਦੀ ਮਾਤਰਾ ਵਿੱਚ ਪਾਣੀ ਪੀਣ ਦੇ ਨਾਲ ਪੌਸ਼ਟਿਕ ਭੋਜਨ ਲਓ। ਪੂਰੀ ਨੀਂਦ ਲਓ ਅਤੇ ਆਰਾਮ ਕਰੋ। ਜੇਕਰ ਬੁਖਾਰ, ਖੰਘ ਜਾਂ ਛਿੱਕ ਵਰਗੇ ਲੱਛਣ ਹੋਣ ਤਾਂ ਜਨਤਕ ਥਾਵਾਂ ਤੋਂ ਦੂਰੀ ਬਣਾ ਕੇ ਰੱਖੋ, ਤਾਂ ਜੋ ਲਾਗ ਫੈਲਣ ਦਾ ਖਤਰਾ ਘੱਟ ਕੀਤਾ ਜਾ ਸਕੇ।

## ਕੇਂਦਰੀ ਵਿੱਤ ਮੰਤਰੀ ਸੀਤਾਰਮਨ ਨੇ ਪੀਐਸਬੀ ਨੂੰ ਨੌਜਵਾਨ ਅਤੇ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਲਈ ਦਿੱਤੇ ਨਵੇਂ ਸੁਝਾਅ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਬਿਜ਼ਨੈੱਸ ਡੈਸਕ 22 ਅਗਸਤ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜਨਤਕ ਖੇਤਰ ਦੇ ਬੈਂਕਾਂ ਨੂੰ ਆਪਣੀ ਰਵਾਇਤੀ ਸਰਕਾਰੀ ਮਾਲਕੀ ਵਾਲਾ ਅਕਸ ਛੱਡਣ ਅਤੇ ਨੌਜਵਾਨਾਂ ਅਤੇ ਜਨਰਲ ਜ਼ੈੱਡ ਨੂੰ ਆਕਰਸ਼ਿਤ ਕਰਨ ਲਈ ਆਪਣੇ ਆਪ ਨੂੰ ਠੰਡਾ ਅਤੇ ਆਧੁਨਿਕ ਬਣਾਉਣ ਲਈ ਕਿਹਾ ਹੈ। ਦੋ-ਰੋਜ਼ਾ ਪੀਐਸਬੀ ਕਨਫਲੂਐਂਸ 2026 ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ, ਵਿੱਤ ਮੰਤਰੀ ਨੇ ਬੈਂਕਾਂ ਨੂੰ 16 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਨੌਜਵਾਨਾਂ ਲਈ ਆਸਾਨ, ਵਿਅਕਤੀਗਤ ਅਤੇ 24-ਘੰਟੇ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਦੀ ਅਪੀਲ ਕੀਤੀ। ਸੀਤਾਰਮਨ ਨੇ ਸੁਝਾਅ ਦਿੱਤਾ ਕਿ ਬੈਂਕਾਂ ਪ੍ਰਸਿੱਧ ਵਿਦਿਅਕ ਪਲੇਟਫਾਰਮਾਂ ਅਤੇ ਸੰਸਥਾਵਾਂ ਨਾਲ ਸਹਿਯੋਗ ਕਰਕੇ ਮੁਫਤ ਔਨਲਾਈਨ ਸਿਖਲਾਈ ਸਮੱਗਰੀ ਪ੍ਰਦਾਨ ਕਰਨ। ਉਸਨੇ ਕਿਹਾ ਕਿ ਸਿਖਲਾਈ ਅਤੇ ਹੁਨਰ ਵਿਕਾਸ ਬੈਂਕਾਂ ਨੂੰ ਨੌਜਵਾਨਾਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਰਸਮੀ ਬੈਂਕਿੰਗ ਪ੍ਰਣਾਲੀ ਵਿੱਚ ਲਿਆਉਣ ਵਿੱਚ ਮਦਦ ਕਰ ਸਕਦਾ ਹੈ। ਵਿੱਤ ਮੰਤਰੀ ਨੇ ਜੀਵਨ ਸ਼ੈਲੀ ਦੇ ਲਾਭਾਂ ਜਿਵੇਂ ਕਿ ਫਿਟਨੈਸ ਸੈਂਟਰਾਂ, ਯੋਗਾ ਕੇਂਦਰਾਂ ਅਤੇ ਭਰੋਸੇਯੋਗ ਮਾਨਸਿਕ ਤੰਦਰੁਸਤੀ ਪਲੇਟਫਾਰਮਾਂ ਲਈ ਕੂਪਨ ਅਤੇ ਵਾਊਚਰ ਦਾ ਵੀ ਸੁਝਾਅ ਦਿੱਤਾ। ਉਸਨੇ ਭੌਤਿਕ ਸ਼ਾਖਾਵਾਂ, ਜਿਵੇਂ ਕਿ ਯੂਥ ਕਿਓਸਕ ਜਾਂ ਯੂਥ ਬੈਂਕਿੰਗ ਸਪੇਸ ਵਿੱਚ ਨੌਜਵਾਨਾਂ ਲਈ ਸਮਰਪਿਤ ਬੈਂਕਿੰਗ ਸਥਾਨ ਬਣਾਉਣ ਦਾ ਪ੍ਰਸਤਾਵ ਰੱਖਿਆ। ਇਹਨਾਂ ਸਥਾਨਾਂ 'ਤੇ, ਇੱਕ ਸਮਰਪਿਤ ਕਰਮਚਾਰੀ ਨੌਜਵਾਨ ਗਾਹਕਾਂ ਨੂੰ ਉਨ੍ਹਾਂ ਦੀ ਵਿੱਤੀ ਯਾਤਰਾ ਵਿੱਚ ਸਹਾਇਤਾ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਬੈਂਕਿੰਗ ਸੇਵਾਵਾਂ ਬਾਰੇ ਦੱਸ ਸਕਦਾ ਹੈ। ਵਿੱਤ ਮੰਤਰੀ ਨੇ ਨੌਜਵਾਨ ਗਾਹਕਾਂ ਵਿੱਚ ਜਨਤਕ ਅਤੇ ਨਿੱਜੀ ਖੇਤਰ ਦੇ ਬੈਂਕਾਂ ਬਾਰੇ ਧਾਰਨਾਵਾਂ ਵਿੱਚ ਅੰਤਰ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਜਨਤਕ ਖੇਤਰ ਦੇ ਬੈਂਕਾਂ ਦਾ ਅਜੇ ਵੀ ਸਰਕਾਰੀ ਬੈਂਕਾਂ ਵਰਗਾ ਅਕਸ ਹੈ ਅਤੇ ਅਕਸਰ ਉਨ੍ਹਾਂ ਨੂੰ ਨਿੱਜੀ ਬੈਂਕਾਂ ਨਾਲੋਂ ਘੱਟ ਆਕਰਸ਼ਕ ਮੰਨਿਆ ਜਾਂਦਾ ਹੈ। ਨੌਜਵਾਨਾਂ ਨਾਲ ਹਾਲ ਹੀ ਵਿੱਚ ਹੋਈ ਗੱਲਬਾਤ ਦਾ ਹਵਾਲਾ ਦਿੰਦੇ ਹੋਏ, ਸੀਤਾਰਮਨ ਨੇ ਕਿਹਾ ਕਿ ਉਹ ਖਾਤੇ ਖੋਲ੍ਹਣ ਲਈ ਨਿੱਜੀ ਖੇਤਰ ਦੇ ਬੈਂਕਾਂ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹ ਉਨ੍ਹਾਂ ਨੂੰ ਵਧੀਆ ਮੰਨਦੇ ਹਨ। ਉਨ੍ਹਾਂ ਨੇ ਜਨਤਕ ਖੇਤਰ ਦੇ ਬੈਂਕਾਂ ਨੂੰ ਨੌਜਵਾਨਾਂ ਨਾਲ ਸਿੱਧੇ ਜੁੜਨ ਦੀ ਅਪੀਲ ਕੀਤੀ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਹੋਰ ਆਕਰਸ਼ਕ ਕਿਵੇਂ ਬਣਾਇਆ ਜਾ ਸਕਦਾ ਹੈ। ਸੀਤਾਰਮਨ ਨੇ ਕਿਹਾ, ਕਿਸੇ ਤਰ੍ਹਾਂ, ਨਿੱਜੀ ਬੈਂਕਾਂ ਦਾ ਅਕਸ ਸਿਰਫ਼ ਚੰਗੇ ਬੈਂਕਾਂ ਵਰਗਾ ਹੈ... ਮੈਂ ਚਾਹੁੰਦੀ ਹਾਂ ਕਿ ਜਨਤਕ ਖੇਤਰ ਦੇ ਬੈਂਕਾਂ ਨੂੰ ਗੈਰ-ਕੂਲ ਹੋਣ ਦੀ ਅਕਸ ਤੋਂ ਵੱਖ ਹੋਣ ਦਿਓ। ਉਨ੍ਹਾਂ ਬੈਂਕਾਂ ਨੂੰ



ਨੌਜਵਾਨਾਂ ਨਾਲ ਗੱਲ ਕਰਨ ਅਤੇ ਇਹ ਸਮਝਣ ਦੀ ਅਪੀਲ ਕੀਤੀ ਕਿ ਬੈਂਕਿੰਗ ਸੇਵਾਵਾਂ ਨੂੰ ਵਧੀਆ ਕੀ ਬਣਾਉਂਦਾ ਹੈ। ਸੀਤਾਰਮਨ ਨੇ ਜਨਤਕ ਖੇਤਰ ਦੇ ਬੈਂਕਾਂ ਨੂੰ ਬੈਂਕਿੰਗ ਵਿੱਚ ਸਮਝਦਾਰ ਮਿਆਰ ਅਤੇ ਗੰਭੀਰਤਾ ਬਣਾਈ ਰੱਖਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ, ਸਾਨੂੰ ਨੌਜਵਾਨਾਂ ਦੀਆਂ ਉਮੀਦਾਂ ਦੇ ਅਨੁਸਾਰ ਚੱਲਣਾ ਚਾਹੀਦਾ ਹੈ ਅਤੇ ਠੰਡੇ ਰਹਿਣ ਅਤੇ ਜ਼ਿੰਮੇਵਾਰ ਬੈਂਕਿੰਗ ਪ੍ਰੈਕਟਿਸ ਨੂੰ ਬਣਾਈ ਰੱਖਣ ਵਿਚਕਾਰ ਸੰਤੁਲਨ ਬਣਾਉਣ ਦੀ ਮੰਗ ਕਰਨੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਜਨਤਕ ਖੇਤਰ ਦੇ ਬੈਂਕਾਂ (ਪੀਐਸਬੀ) ਨੂੰ ਆਪਣੇ ਵਿੱਤੀ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਨੌਜਵਾਨਾਂ ਲਈ ਪਹਿਲੀ ਅਤੇ ਸਭ ਤੋਂ ਭਰੋਸੇਮੰਦ ਪਸੰਦ ਬਣਨ ਦਾ ਟੀਚਾ ਰੱਖਣਾ ਚਾਹੀਦਾ ਹੈ। ਇਨ੍ਹਾਂ ਵਿੱਚ ਆਪਣਾ ਪਹਿਲਾ ਖਾਤਾ ਖੋਲ੍ਹਣਾ, ਆਪਣੀ ਪਹਿਲੀ ਤਨਖਾਹ ਪ੍ਰਾਪਤ ਕਰਨਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਕਾਰੋਬਾਰ ਸ਼ੁਰੂ ਕਰਨਾ, ਜਾਂ ਆਪਣਾ ਪਹਿਲਾ ਨਿਵੇਸ਼ ਕਰਨਾ ਸ਼ਾਮਲ ਹੈ। ਸੀਤਾਰਮਨ ਨੇ ਰਸਮੀ ਕ੍ਰੈਡਿਟ ਪ੍ਰਣਾਲੀ ਬਾਰੇ ਜਾਗਰੂਕਤਾ ਵਧਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਉਸਨੇ ਬੈਂਕਾਂ ਨੂੰ ਨੌਜਵਾਨਾਂ ਨੂੰ ਕ੍ਰੈਡਿਟ ਸਕੋਰ, ਵੱਖ-ਵੱਖ ਬੈਂਕ ਕ੍ਰੈਡਿਟ ਉਤਪਾਦਾਂ ਅਤੇ ਸਰਕਾਰੀ ਕ੍ਰੈਡਿਟ ਸਕੀਮਾਂ ਬਾਰੇ ਸਿੱਖਿਅਤ ਕਰਨ ਦੀ ਅਪੀਲ ਕੀਤੀ ਤਾਂ ਜੋ ਉਹ ਭਵਿੱਖ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਆਸਾਨੀ ਨਾਲ ਵਿੱਤ ਤੱਕ ਪਹੁੰਚ ਕਰ ਸਕਣ। ਉਸਨੇ ਬੈਂਕਾਂ ਨੂੰ ਨੌਜਵਾਨਾਂ ਨੂੰ ਜ਼ਿੰਮੇਵਾਰ ਕ੍ਰੈਡਿਟ ਅਨੁਸ਼ਾਸਨ ਦੇ ਹਿੱਸੇ ਵਜੋਂ ਇੱਕ ਚੰਗੇ ਕ੍ਰੈਡਿਟ ਸਕੋਰ ਅਤੇ ਕ੍ਰੈਡਿਟ ਹਿਸਟਰੀ ਨੂੰ ਬਣਾਈ ਰੱਖਣ ਦੀ ਮਹੱਤਤਾ ਬਾਰੇ ਸਿੱਖਿਅਤ ਕਰਨ ਦੀ ਵੀ ਅਪੀਲ ਕੀਤੀ। ਸੀਤਾਰਮਨ ਨੇ ਜਨਤਕ ਖੇਤਰ ਦੇ ਬੈਂਕਾਂ ਨੂੰ 2 ਅਕਤੂਬਰ, 2026 (ਗਾਂਧੀ ਜਯੰਤੀ) ਤੋਂ ਇੱਕ ਮਹੀਨੇ ਲਈ ਇੱਕ ਵਿਸ਼ੇਸ਼ 'ਨੌਜਵਾਨਾਂ ਲਈ ਬੈਂਕਿੰਗ' ਮੁਹਿੰਮ ਸ਼ੁਰੂ ਕਰਨ 'ਤੇ ਵਿਚਾਰ ਕਰਨ ਲਈ ਵੀ ਕਿਹਾ। ਉਸਨੇ ਕਿਹਾ ਕਿ ਇਹ ਮੁਹਿੰਮ ਵਿੱਤੀ ਸੇਵਾਵਾਂ ਵਿਭਾਗ ਅਤੇ ਇੰਡੀਅਨ ਬੈਂਕਸ ਐਸੋਸੀਏਸ਼ਨ (921) ਰਾਹੀਂ ਚਲਾਈ ਜਾ ਸਕਦੀ ਹੈ। ਉਸਨੇ ਕਿਹਾ ਕਿ ਮੁਹਿੰਮ ਦਾ ਉਦੇਸ਼ ਨੌਜਵਾਨਾਂ ਨੂੰ ਉਨ੍ਹਾਂ ਦੀ ਵਿੱਤੀ ਯਾਤਰਾ ਦੀ ਸ਼ੁਰੂਆਤ ਵਿੱਚ ਉਨ੍ਹਾਂ ਨਾਲ ਜੁੜਨਾ ਅਤੇ ਲੰਬੇ ਸਮੇਂ ਦੇ ਸਬੰਧ ਬਣਾਉਣਾ ਹੋਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਨੂੰ ਇੱਕ ਵਾਰ ਖਾਤਾ ਖੋਲ੍ਹਣ ਤੱਕ ਸੀਮਤ ਰੱਖਣਾ। ਸੀਤਾਰਮਨ ਨੇ ਬੈਂਕਾਂ ਨੂੰ ਕੈਂਪਸ ਤੋਂ ਲੈ ਕੇ ਕਰੀਅਰ ਅਤੇ ਇਸ ਤੋਂ ਅੱਗੇ ਨੌਜਵਾਨ ਗਾਹਕਾਂ ਨਾਲ ਸਬੰਧ ਬਣਾਉਣ ਦੀ ਅਪੀਲ ਕੀਤੀ। ਉਸਨੇ ਪੀਐਸਬੀਜ਼ ਨੂੰ ਨੌਜਵਾਨਾਂ ਦੇ ਸ਼ਾਖਾਵਾਂ ਵਿੱਚ ਜਾਣ ਦੀ ਉਡੀਕ ਕਰਨ ਦੀ ਬਜਾਏ, ਖਾਤਾ ਖੋਲ੍ਹਣ ਦੀਆਂ ਪਹਿਲਕਦਮੀਆਂ, ਵਿੱਤੀ ਜਾਗਰੂਕਤਾ ਪ੍ਰੋਗਰਾਮਾਂ ਅਤੇ ਸਿੱਧੀਆਂ ਗੱਲਬਾਤਾਂ ਰਾਹੀਂ ਮੁਹਿੰਮ ਨੂੰ ਕਾਲਜਾਂ, ਯੂਨੀਵਰਸਿਟੀਆਂ, ਹੁਨਰ-ਨਿਰਮਾਣ ਸੰਸਥਾਵਾਂ ਅਤੇ ਹੋਰ ਕੈਂਪਸਾਂ ਵਿੱਚ ਲਿਜਾਣ ਲਈ ਕਿਹਾ। ਨਵੀਂ ਜਨਤਕ ਗਰੇਡਿੰਗ ਪ੍ਰਣਾਲੀ ਦੇ ਤਹਿਤ, ਖਾਣ-ਪੀਣ ਵਾਲੀਆਂ ਥਾਵਾਂ ਨੂੰ ਰਸੋਈ ਦੀ ਸਫਾਈ, ਭੋਜਨ-ਸੰਭਾਲ ਦੇ ਅਭਿਆਸਾਂ, ਕੀਟ-ਨਿਯੰਤਰਣ, ਰਹਿੰਦ-ਖੂੰਹਦ ਪ੍ਰਬੰਧਨ ਅਤੇ ਸਟਾਫ ਦੀ ਸਫਾਈ ਵਰਗੇ ਕਾਰਕਾਂ ਦੇ ਆਧਾਰ 'ਤੇ 'ਏ' ਤੋਂ 'ਡੀ' ਤੱਕ ਰੇਟਿੰਗ ਪ੍ਰਾਪਤ ਹੋਵੇਗੀ।

# ਨਾਜਾਇਜ਼ ਹਥਿਆਰਾਂ ਸਾਹਮਣੇ ਖਾਕੀ ਹੋਈ ਬੇਅਸਰ : ਸ਼ਰੇਆਮ ਮੌਤ ਵੰਡ ਰਹੇ ਅਪਰਾਧੀ

ਕੌਮੀ ਪਤ੍ਰਿਕਾ

ਲੁਧਿਆਣਾ 22 ਅਗਸਤ। ਸ਼ਹਿਰ ਵਿਚ ਕਾਨੂੰਨ ਵਿਵਸਥਾ ਦਾ ਜਨਾਜ਼ਾ ਨਿਕਲ ਚੁੱਕਾ ਹੈ। ਪੁਲਸ ਦੀਆਂ ਫਾਈਲਾਂ ਵਿਚ ਚਾਹੇ ਸਭ ਚੰਗਾ ਹੋਵੇ ਪਰ ਜ਼ਮੀਨੀ ਹਕੀਕਤ ਖ਼ੂਨ ਲਿਬਰੇਜ਼ ਹੈ। ਇਕ ਪਾਸੇ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਹਥਿਆਰਾਂ ਦੇ ਪ੍ਰਦਰਸ਼ਨ ਅਤੇ ਨਵੇਂ ਲਾਇਸੈਂਸ ਬਣਾਉਣ 'ਤੇ ਸਖਤੀ ਦਿਖਾ ਕੇ ਆਪਣੀ ਪਿੱਠ ਥਾਪੜ ਰਿਹਾ ਹੈ, ਦੂਜੇ ਪਾਸੇ ਹਕੀਕਤ ਇਹ ਹੈ ਕਿ ਗੋਲੀਆਂ ਦੀ ਗੂੰਜ ਨਾਲ ਸ਼ਹਿਰ ਕੰਬਿਆ ਹੋਇਆ ਹੈ। ਸ਼ਹਿਰ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਹੋਣਾ ਹੁਣ ਕੋਈ ਵੱਡੀ ਖ਼ਬਰ ਨਹੀਂ, ਸਗੋਂ ਰੁਟੀਨ ਦਾ ਹਿੱਸਾ ਬਣ ਗਈਆਂ ਹਨ। ਦਿਨ ਵਿਚ ਦੋ-ਚਾਰ ਰਾਊਂਡ ਗੋਲੀਆਂ ਚੱਲਣਾ ਹੁਣ ਆਮ ਗੱਲ ਹੋ ਗਈ ਹੈ, ਜਦੋਂਕਿ ਇਨ੍ਹਾਂ ਸਾਰੀਆਂ ਵਾਰਦਾਤਾਂ ਵਿਚ ਸਭ ਤੋਂ ਜ਼ਿਆਦਾ ਨਾਜਾਇਜ਼ ਹਥਿਆਰਾਂ ਦੀ ਵਰਤੋਂ ਹੋ ਰਹੀ ਹੈ। ਅਪਰਾਧੀਆਂ ਲਈ ਨਾਜਾਇਜ਼ ਹਥਿਆਰ ਖਰੀਦਣਾ ਹੁਣ ਮੋਬਾਈਲ ਖਰੀਦਣ ਜਿੰਨਾ ਆਸਾਨ ਹੋ ਗਿਆ ਹੈ। ਵਧਦੀਆਂ ਫਾਇਰਿੰਗ ਦੀਆਂ ਘਟਨਾਵਾਂ ਇਸ ਗੱਲ ਦਾ ਪੁਖਤਾ ਸਬੂਤ ਹਨ ਕਿ ਖਾਕੀ ਦਾ ਡਰ ਬਿਲਕੁਲ ਹੀ ਖਤਮ ਹੋ ਚੁੱਕਾ ਹੈ ਅਤੇ ਨਾਜਾਇਜ਼ ਹਥਿਆਰਾਂ ਦਾ ਨੈਕਸਸ ਪੁਲਸ ਦੇ ਨੱਕ ਹੇਠ ਵਧ-ਫੁੱਲ ਰਿਹਾ ਹੈ। ਪੁਲਸ ਪ੍ਰਸ਼ਾਸਨ ਦੇ ਵੱਡੇ-ਵੱਡੇ ਦਾਅਵੇ ਅਤੇ ਲਾਅ ਐਂਡ ਆਰਡਰ ਦੀ ਦੁਹਾਈ ਹੁਣ ਜਨਤਾ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਂਗ ਲਗਦੀ ਹੈ। ਹਾਲਾਤ ਇੰਨੇ ਬਦਤਰ ਹੋ ਚੁੱਕੇ ਹਨ ਕਿ ਲੋਕ ਆਪਣੇ ਘਰ ਦੀ ਦਹਿਲੀਜ਼ ਪਾਰ ਕਰਨ ਤੋਂ ਕਤਰਾਉਣ ਲੱਗੇ ਹਨ। ਅੱਜ ਕੱਲ ਹੋਰ ਛੋਟਾ-ਵੱਡਾ ਬਦਮਾਸ਼ ਆਪਣੀ ਡੱਬ 'ਚ ਨਾਜਾਇਜ਼ ਪਿਸਤੌਲ ਰੱਖ ਕੇ ਸ਼ਰੇਆਮ ਘੁੰਮ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪੁਲਸ ਦਾ ਖੁਫੀਆ ਤੰਤਰ ਪੂਰੀ ਤਰ੍ਹਾਂ



ਤਬਾਹ ਹੋ ਚੁੱਕਾ ਹੈ। ਪੁਲਸ ਨੂੰ ਇਹ ਤੱਕ ਖ਼ਬਰ ਨਹੀਂ ਲੱਗ ਰਹੀ ਕਿ ਬਾਹਰੀ ਸੂਬਿਆਂ ਤੋਂ ਹਥਿਆਰਾਂ ਦੀ ਖੇਪ ਸ਼ਹਿਰ ਦੇ ਮੁਹੱਲਿਆਂ ਤੱਕ ਕਿਵੇਂ ਪੁੱਜ ਰਹੀ ਹੈ। ਅਪਰਾਧੀਆਂ ਕੋਲ ਇਨ੍ਹਾਂ ਹਥਿਆਰਾਂ ਦਾ ਜ਼ਖੀਰਾ ਹੈ, ਜਦੋਂਕਿ ਪੁਲਸ ਸਿਰਫ ਨਾਕਿਆਂ 'ਤੇ ਆਮ ਜਨਤਾ ਦੇ ਚਲਾਨ ਕੱਟਣ ਤੱਕ ਸੀਮਤ ਰਹਿ ਗਈ ਹੈ। ਨਾਜਾਇਜ਼ ਹਥਿਆਰਾਂ ਦੇ ਇਸ ਮੱਕੜ ਜਾਲ ਨੂੰ ਤੋੜਨ 'ਚ ਲੁਧਿਆਣਾ ਪੁਲਸ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ। ਪ੍ਰਸ਼ਾਸਨ ਨੇ ਨਿਯਮਾਂ ਕਾਇਦਿਆਂ ਦਾ ਚਾਬੁਕ ਉਨ੍ਹਾਂ ਸ਼ਰੀਫ ਲੋਕਾਂ 'ਤੇ ਚਲਾਇਆ ਹੈ, ਜਿਨ੍ਹਾਂ ਕੋਲ ਲਾਇਸੈਂਸੀ ਹਥਿਆਰ ਸਨ ਪਰ ਉਨ੍ਹਾਂ ਬਦਮਾਸ਼ਾਂ ਦਾ ਕੀ ਜੋ ਬਿਨਾਂ ਕਿਸੇ ਕਾਗਜ਼ ਦੇ ਹੱਥਾਂ 'ਚ ਮੌਤ ਦਾ ਸਾਮਾਨ ਲਈ ਘੁੰਮ ਰਹੇ ਹਨ? ਸ਼ਹਿਰ ਦੇ ਇਲਾਕਿਆਂ ਤੋਂ ਲੈ ਕੇ ਪਾਸ਼ ਕਾਲੋਨੀਆਂ ਤੱਕ ਲੁਟੇਰੇ ਅਤੇ ਗੈਂਗਸਟਰ ਖਿਡੌਣਿਆਂ ਵਾਂਗ ਪਿਸਤੌਲਾਂ ਲਹਿਰਾਉਂਦੇ ਹਨ। ਦਿਨ-ਦਿਹਾੜੇ ਗੋਲੀਬਾਰੀ ਦੀਆਂ ਘਟਨਾਵਾਂ ਇਹ ਦੱਸਣ ਲਈ ਕਾਫੀ ਹਨ ਕਿ ਅਪਰਾਧੀਆਂ ਨੂੰ ਨਾ ਤਾਂ ਜੇਲ ਜਾਣ ਦਾ ਡਰ ਹੈ ਅਤੇ ਨਾ ਹੀ ਪੁਲਸ ਦੀ ਕਾਰਵਾਈ ਦਾ। ਸੂਤਰਾਂ ਦੀ ਮੰਨੀਏ ਤਾਂ ਸ਼ਹਿਰ 'ਚ ਨਾਜਾਇਜ਼ ਹਥਿਆਰਾਂ ਦੀ ਸਪਲਾਈ ਚੇਨ ਇੰਨੀ ਮਜ਼ਬੂਤ ਹੋ ਚੁੱਕੀ ਹੈ ਕਿ ਅਪਰਾਧੀਆਂ ਵਲੋਂ ਚੰਦ ਮਿੰਟਾਂ 'ਚ ਕਿਸੇ ਵੀ ਨੌਜਵਾਨ ਨੂੰ ਹਥਿਆਰ ਮੁਹੱਈਆ ਕਰਵਾ ਦਿੱਤਾ ਜਾਂਦਾ ਹੈ। ਬਦਮਾਸ਼ਾਂ ਕੋਲ ਅਸਲਾ ਇਸ ਤਰ੍ਹਾਂ ਪੁੱਜ ਰਿਹਾ ਹੈ ਜਿਵੇਂ ਬੱਚਿਆਂ ਦੇ ਹੱਥ ਵਿਚ ਖਿਡੌਣੇ। ਪੁਲਸ ਪ੍ਰਸ਼ਾਸਨ ਸਮੇਂ-ਸਮੇਂ 'ਤੇ ਛੋਟੇ ਮੋਟੇ ਗੁਰਗਿਆਂ ਨੂੰ ਫੜ ਕੇ ਆਪਣੀ ਕਾਮਯਾਬੀ ਦਾ ਢਿੰਡੋਰਾ ਪਿੱਟਦਾ ਹੈ ਪਰ ਇਸ ਧੰਦੇ ਦੇ ਅਸਲੀ ਮਾਸਟਰਮਾਈਂਡ ਅਤੇ ਸਪਲਾਇਰ ਅੱਜ ਵੀ ਪੁਲਸ ਦੀ ਪਹੁੰਚ ਤੋਂ ਕੋਹਾਂ ਦੂਰ ਹਨ। ਪੁਲਸ ਸਿਰਫ ਵਾਰਦਾਤ ਹੋਣ ਤੋਂ ਬਾਅਦ ਕੇਸ ਹੱਲ ਕਰਨ ਤੱਕ ਸੀਮਤ ਰਹਿੰਦੀ ਹੈ, ਜਦੋਂਕਿ ਅਪਰਾਧ ਨੂੰ ਜੜ੍ਹੋਂ ਖਤਮ ਕਰਨ ਲਈ ਨਾਜਾਇਜ਼ ਹਥਿਆਰਾਂ ਦੀ ਸਪਲਾਈ ਲਾਈਨ ਕੱਟਣ ਵਿਚ ਉਹ ਹਰ ਵਾਰ ਦੀ ਤਰ੍ਹਾਂ ਪੂਰੀ ਤਰ੍ਹਾਂ ਬੇਵੱਸ ਸਾਬਤ ਹੋਈ ਹੈ। ਪੰਜਾਬ ਦੀ ਜਨਤਾ ਦਾ ਹਮੇਸ਼ਾ ਇਹੀ ਸਵਾਲ ਰਿਹਾ ਹੈ ਕਿ ਆਖਿਰ ਇਹ ਨਾਜਾਇਜ਼ ਪਿਸਤੌਲ ਸ਼ਹਿਰ ਦੀ ਹੱਦ ਵਿਚ ਦਾਖਲ ਕਿਵੇਂ ਹੋ ਰਹੇ ਹਨ? ਕੀ ਪੁਲਸ ਦੀ ਮਿਲੀਭੁਗਤ ਹੈ ਜਾਂ ਫਿਰ ਵਿਭਾਗ ਦੀ ਭਾਰੀ ਲਾਪ੍ਰਵਾਹੀ? ਅਜਿਹੇ ਵਿਚ ਜੇਕਰ ਹਰ ਹੱਥ 'ਚ ਨਾਜਾਇਜ਼ ਹਥਿਆਰ ਹੋਵੇਗਾ ਤਾਂ ਸੁਰੱਖਿਅਤ ਸਮਾਜ ਦਾ ਦਾਅਵਾ ਆਖਿਰ ਕਿਸ ਆਧਾਰ 'ਤੇ ਕੀਤਾ ਜਾ ਰਿਹਾ ਹੈ? ਜੇਕਰ ਸਮਾਂ ਰਹਿੰਦੇ ਨਾਜਾਇਜ਼ ਹਥਿਆਰਾਂ ਦੇ ਇਸ ਵਧਦੇ ਨੈਕਸਸ ਨੂੰ ਕੁਚਲਿਆ ਨਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਸ਼ਹਿਰ ਦੀਆਂ ਸੜਕਾਂ 'ਤੇ ਕਾਨੂੰਨ ਦਾ ਨਹੀਂ ਸਗੋਂ ਗੋਲੀਆਂ ਦਾ ਰਾਜ ਹੋਵੇਗਾ। ਅੱਜ ਕੱਲ ਦੇ ਨੌਜਵਾਨ ਅਪਰਾਧੀ ਨਾ ਸਿਰਫ ਹਥਿਆਰ ਰੱਖਦੇ ਹਨ ਸਗੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਨੁਮਾਇਸ਼ ਕਰ ਕੇ ਦਹਿਸ਼ਤ ਵੀ ਫੈਲਾਅ ਰਹੇ ਹਨ। ਗੈਂਗਸਟਰਾਂ ਲਈ ਗੋਲੀਆਂ ਚਲਾਉਣਾ ਹੁਣ ਇਕ ਸਟੇਟਸ ਸਿੰਬਲ ਬਣ ਗਿਆ ਹੈ। ਲੋਕ ਨੁਮਾਇੰਦੇ ਹੋਣ ਜਾਂ ਆਮ ਨਾਗਰਿਕ, ਗੋਲੀਆਂ ਦੀ ਗੂੰਜ ਤੋਂ ਹਰ ਕੋਈ ਸਹਿਮਿਆ ਹੋਇਆ ਹੈ। ਸਭ ਤੋਂ ਜ਼ਿਆਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਜ਼ਿਆਦਾਤਰ ਘੱਟ ਉਮਰ ਦੇ ਨੌਜਵਾਨ ਹਨ, ਜਿਨ੍ਹਾਂ ਦੇ ਹੱਥਾਂ ਵਿਚ ਕਿਤਾਬਾਂ ਤੇ ਭਵਿੱਖ ਦੀਆਂ ਲਕੀਰਾਂ ਹੋਣੀਆਂ ਚਾਹੀਦੀਆਂ ਸਨ, ਉਨ੍ਹਾਂ ਵਿਚ ਅੱਜ ਦੇਸੀ ਕੱਟੇ ਅਤੇ ਮੈਗਜ਼ੀਨ ਨਜ਼ਰ ਆ ਰਹੇ ਹਨ। ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸਾ ਅਤੇ ਫਿਰ ਸਿੱਧਾ ਗੋਲੀ ਚਲਾਉਣਾ, ਨੌਜਵਾਨਾਂ ਵਿਚ ਸ਼ਹਿਣਸ਼ੀਲਤਾ ਖਤਮ ਹੋ ਚੁੱਕੀ ਹੈ। ਆਖਿਰ ਇਨ੍ਹਾਂ ਮਾਸੂਮਾਂ ਨੂੰ ਗੈਂਗਸਟਰ ਕਲਚਰ ਦੀ ਦਲਦਲ ਵਿਚ ਧੱਕਣ ਦਾ ਜ਼ਿੰਮੇਵਾਰ ਕੌਣ ਹੈ? ਜਦੋਂਕਿ ਗੈਂਗਸਟਰਾਂ ਦਾ ਆਲਮ ਇਹ ਹੈ ਕਿ ਉਹ ਵਾਰਦਾਤ ਕਰਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਸ਼ਰੇਆਮ ਜ਼ਿੰਮੇਵਾਰੀ ਲੈਂਦੇ ਹਨ। ਉਹ ਪੁਲਸ ਨੂੰ ਚੁਣੌਤੀ ਦਿੰਦੇ ਹਨ ਅਤੇ ਪੁਲਸ ਸਿਰਫ ਸਾਈਬਰ ਸੈੱਲ ਦੀ ਰਿਪੋਰਟ ਦਾ ਇੰਤਜ਼ਾਰ ਕਰਦੀ ਰਹਿੰਦੀ ਹੈ। ਨਵੇਂ ਸਾਲ 2026 ਦੇ ਸ਼ੁਰੂਆਤੀ ਦਿਨਾਂ ਵਿਚ ਟਿੱਬਾ ਰੋਡ ਸਥਿਤ ਸ਼ਕਤੀ ਨਗਰ 'ਚ ਫਾਇਰਿੰਗ ਦੀ ਘਟਨਾ ਸਾਹਮਣੇ ਆਈ, ਜਿਸ ਵਿਚ ਇਕ ਨੌਜਵਾਨ ਦੀ ਪਿੱਠ ਵਿਚ ਗੋਲੀ ਲੱਗੀ ਸੀ, ਜੋ ਕਿ ਅਜੇ ਸੀ. ਐੱਮ. ਸੀ. ਹਸਪਤਾਲ ਵਿਚ ਦਾਖਲ ਹੈ। ਇਸ ਦੇ ਨਾਲ ਹੀ ਸਲੇਮ ਟਾਬਰੀ ਇਲਾਕੇ ਵਿਚ ਇਕ ਨੌਜਵਾਨ 'ਤੇ ਫਾਇਰਿੰਗ ਹੋਈ ਸੀ, ਜੋ ਕਿ ਡੀ. ਐੱਮ. ਸੀ. ਹਸਪਤਾਲ ਵਿਚ ਦਾਖਲ ਹੈ। ਇਸੇ ਤਰ੍ਹਾਂ ਦਰੇਸੀ ਇਲਾਕੇ ਦੇ ਬਾਈਕ ਲੁੱਟ ਮਾਮਲੇ 'ਚ ਬਦਮਾਸ਼ਾਂ ਨੇ ਨਾਜਾਇਜ਼ ਹਥਿਆਰਾਂ ਦੇ ਨਾਲ ਸੋਸ਼ਲ ਮੀਡੀਆ 'ਤੇ ਵੀਡੀਓ ਪੋਸਟ ਕੀਤੀ ਸੀ। ਥਾਣਾ ਪੀ. ਏ. ਯੂ. ਦੇ ਅਧੀਨ ਵੀ ਇਕ ਨੌਜਵਾਨ ਨੇ ਹਥਿਆਰ ਨਾਲ ਸੋਸ਼ਲ ਮੀਡੀਆ 'ਤੇ ਵੀਡੀਓ ਅਤੇ ਫੋਟੋ ਅਪਲੋਡ ਕੀਤੀ ਸੀ, ਜਿਸ ਤੋਂ ਬਾਅਦ ਉਸ 'ਤੇ ਕੇਸ ਦਰਜ ਹੋਇਆ ਸੀ। ਇਸੇ ਤਰ੍ਹਾਂ ਅੱਜ ਸਿਵਲ ਸਿਟੀ ਰੋਡ 'ਤੇ ਇਕ ਰੈਡੀਮੇਡ ਗਾਰਮੈਂਟ ਦੀ ਸ਼ਾਪ 'ਤੇ ਫਾਇਰਿੰਗ ਕੀਤੀ ਸੀ। ਗੋਲਡੀ ਬਰਾੜ ਦੇ ਨਾਂ 'ਤੇ ਉਸ ਦੁਕਾਨ ਤੋਂ ਫਿਰੌਤੀ ਮੰਗੀ ਗਈ ਸੀ। ਇਸ ਤੋਂ ਪਹਿਲਾਂ ਤਾਜਪੁਰ ਰੋਡ ਵਿਖੇ ਇਕ ਜਿਊਲਰ ਤੋਂ ਫਿਰੌਤੀ ਮੰਗੀ ਗਈ ਸੀ। ਨਾ ਦੇਣ 'ਤੇ ਗੋਲੀਆ ਮਾਰਨ ਦੀ ਧਮਕੀ ਦਿੱਤੀ ਸੀ। ਜਦੋਂ ਅਪਰਾਧੀ ਆਏ ਤਾਂ ਉਨ੍ਹਾਂ ਨੇ ਪੁਲਸ 'ਤੇ ਹੀ ਗੋਲੀਆਂ ਚਲਾ ਦਿੱਤੀਆਂ ਸਨ। ਹਾਲਾਂਕਿ ਉਨ੍ਹਾਂ ਨੂੰ ਪੁਲਸ ਨੇ ਫੜ ਲਿਆ ਸੀ।

## ਹਿਮਾਚਲ ਪੁਲਸ ਨੇ ਨਸ਼ੀਲੇ ਪਦਾਰਥਾਂ ਸਮੇਤ ਚੁੱਕੇ ਦੋ ਪੰਜਾਬੀ ਮੁੰਡੇ

ਨੈਸ਼ਨਲ ਡੈਸਕ 22 ਅਗਸਤ। ਹਿਮਾਚਲ ਪੁਲਸ ਦੀ ਕਾਰਵਾਈ ਕਰਦਿਆਂ 2 ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਸਣੇ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਸ ਦੀ ਐਸਆਈਯੂ ਟੀਮ ਨੇ ਪਠਾਨਕੋਟ-




ਭਰਮੌਰ ਰਾਸ਼ਟਰੀ ਰਾਜਮਾਰਗ 'ਤੇ ਗੋਲੀ ਜ਼ੀਰੋ ਪੁਆਇੰਟ ਨੇੜੇ ਪੰਜਾਬ ਦੇ ਦੋ ਨੌਜਵਾਨਾਂ ਤੋਂ 10.55 ਗ੍ਰਾਮ ਨਸ਼ੀਲੇ ਪਦਾਰਥਾਂ ਦਾ ਸਮਾਨ ਬਰਾਮਦ ਕੀਤਾ। ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਵਿੱਚੋਂ ਇੱਕ ਨਾਬਾਲਗ ਹੈ, ਜਦੋਂ ਕਿ ਦੂਜੇ ਦੀ ਪਛਾਣ ਪੰਜਾਬ ਦੇ ਰਹਿਣ ਵਾਲੇ ਬਲਰਾਜ ਵਜੋਂ ਹੋਈ ਹੈ। ਐੱਸਆਈਯੂ ਟੀਮ ਨੇ ਵੀਰਵਾਰ ਰਾਤ ਨੂੰ ਪਠਾਨਕੋਟ-ਚੰਬਾ-ਭਰਮੌਰ ਰਾਸ਼ਟਰੀ ਰਾਜਮਾਰਗ 'ਤੇ ਗੋਲੀ ਜ਼ੀਰੋ ਪੁਆਇੰਟ 'ਤੇ ਇੱਕ ਨਾਕਾ ਲਗਾਇਆ ਸੀ। ਨਾਕੇ ਦੌਰਾਨ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਸੀ। ਪੁਲਸ ਨੇ ਦੋ ਨੌਜਵਾਨਾਂ ਨੂੰ ਦੇਖਿਆ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ। ਨੌਜਵਾਨ ਪੁਲਸ ਦੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਦੇਣ ਵਿੱਚ ਅਸਮਰੱਥ ਰਹੇ। ਸ਼ੱਕ ਦੇ ਆਧਾਰ 'ਤੇ ਦੋਵਾਂ ਨੌਜਵਾਨਾਂ ਦੀ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਪੁਲਸ ਨੂੰ ਨਸ਼ੀਲੇ ਪਦਾਰਥਾਂ ਵਾਲਾ ਇੱਕ ਪਲਾਸਟਿਕ ਦਾ ਪੈਕੇਟ ਮਿਲਿਆ। ਇਸਨੂੰ ਖੋਲ੍ਹਣ 'ਤੇ ਪੁਲਸ ਨੇ ਦੋਵਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਹਿਰਾਸਤ ਵਿੱਚ ਲਏ ਗਏ ਨੌਜਵਾਨਾਂ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਚੰਬਾ ਦੇ ਐਸਪੀ ਵਿਜੇ ਕੁਮਾਰ ਸਕਲਾਨੀ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

## ਰੇਹੜੀ 'ਤੇ ਖਾਣਾ ਖਾਂਦੇ ਨੌਜਵਾਨਾਂ ਦੀ ਨਿਕਲੀ ਜਾਨ ! ਤੇਜ਼ ਰਫ਼ਤਾਰ ਕਾਰ ਨੇ ਹਿੱਲਣ ਦਾ ਵੀ ਨਹੀਂ ਦਿੱਤਾ ਮੌਕਾ

ਨੈਸ਼ਨਲ ਡੈਸਕ 22 ਅਗਸਤ। ਰਾਜਸਥਾਨ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਉਦੈਪੁਰ 'ਚ ਐਤਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਇੱਕ ਤੇਜ਼ ਰਫ਼ਤਾਰ ਕਾਰ ਨੇ ਸੜਕ ਕਿਨਾਰੇ ਖਾਣੇ ਵਾਲੀ ਰੇਹੜੀ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਉੱਥੇ ਖਾਣਾ ਖਾਂਦੇ 2 ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਅਬਦੁਲ ਮਜੀਦ ਅਤੇ ਮੁਹੰਮਦ ਇਮਰਾਨ ਵਜੋਂ ਹੋਈ ਹੈ, ਜੋ ਚੀਪਾ ਕਲੋਨੀ ਦੇ ਰਹਿਣ ਵਾਲੇ ਸਨ। ਇਹ ਦੋਵੇਂ ਪੇਸ਼ੇ ਤੋਂ ਦਰਜ਼ੀ ਸਨ। ਇਹ ਹਾਦਸਾ ਅੰਬਾਮਾਤਾ ਇਲਾਕੇ ਵਿੱਚ ਬੈਂਕ ਆਫ਼ ਬੜੌਦਾ ਦੇ ਨੇੜੇ ਵਾਪਰਿਆ। ਪੁਲਸ ਅਨੁਸਾਰ, ਜਦੋਂ ਇਹ ਦੋਵੇਂ ਵਿਅਕਤੀ ਰੇਹੜੀ 'ਤੇ ਖੜ੍ਹੇ ਹੋ ਕੇ ਨਾਸ਼ਤਾ ਕਰ ਰਹੇ ਸਨ, ਤਾਂ ਇੱਕ ਤੇਜ਼ ਰਫ਼ਤਾਰ ਕਾਰ ਨੇ ਪਹਿਲਾਂ ਰੇਹੜੀ ਨੂੰ ਟੱਕਰ ਮਾਰੀ ਅਤੇ ਫਿਰ ਉਨ੍ਹਾਂ ਨੂੰ ਕੁਚਲ ਦਿੱਤਾ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਪਲਟ ਗਈ ਤੇ ਦੋਵਾਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਹਾਦਸੇ ਤੋਂ ਤੁਰੰਤ ਬਾਅਦ ਕਾਰ ਦਾ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਇਸ ਹਾਦਸੇ ਤੋਂ ਬਾਅਦ ਇਲਾਕੇ ਦੇ ਲੋਕਾਂ ਦਾ ਗੁੱਸਾ ਫੁੱਟ ਪਿਆ ਤੇ ਉਨ੍ਹਾਂ ਨੇ ਸੜਕ 'ਤੇ ਧਰਨਾ ਲਾ ਕੇ ਜਾਮ ਲਗਾ ਦਿੱਤਾ, ਜਿਸ ਕਾਰਨ ਆਵਾਜਾਈ ਵਿੱਚ ਵਿਘਨ ਪਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਪ੍ਰਦਰਸ਼ਨਕਾਰੀਆਂ ਨੂੰ ਸਮਝਾ ਕੇ ਸ਼ਾਂਤ ਕੀਤਾ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਸ ਵੱਲੋਂ ਫਰਾਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਨਗਰ ਨਿਗਮ ਅੰਮ੍ਰਿਤਸਰ ਨੇ ਚੁੱਕਿਆ ਵੱਡਾ ਕਦਮ, ਹੁਣ ਘਰ-ਘਰ ਕੂੜਾ ਚੁੱਕਣ ਦੀ ਨਿਗਰਾਨੀ ਹੋਵੇਗੀ ਡਿਜੀਟਲ

ਕੌਮੀ ਪਤ੍ਰਿਕਾ

ਅੰਮ੍ਰਿਤਸਰ 22 ਅਗਸਤ। ਸ਼ਹਿਰ ਨੂੰ ਕੂੜਾ ਮੁਕਤ ਬਣਾਉਣ ਅਤੇ ਸਫਾਈ ਵਿਵਸਥਾ ਨੂੰ ਆਧੁਨਿਕ ਲੀਹਾਂ 'ਤੇ ਪਾਉਣ ਲਈ ਨਗਰ ਨਿਗਮ ਅੰਮ੍ਰਿਤਸਰ ਨੇ ਇਕ ਵੱਡਾ ਕਦਮ ਚੁੱਕਿਆ ਹੈ। ਮੇਅਰ ਜਤਿੰਦਰ ਸਿੰਘ ਭਾਟੀਆ ਅਤੇ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਅੱਜ ਵਾਰਡ ਨੰਬਰ 4 ਦੇ ਆਨੰਦ ਐਵੇਨਿਊ ਵਿਖੇ ਘਰਾਂ ਦੀਆਂ ਕੰਧਾਂ 'ਤੇ ਕਿਊ. ਆਰ. ਕੋਡ ਲਗਾਉਣ ਦੀ ਮੁਹਿੰਮ ਦਾ ਰਸਮੀ ਉਦਘਾਟਨ ਕੀਤਾ। ਮੇਅਰ ਭਾਟੀਆ ਨੇ ਦੱਸਿਆ ਕਿ ਇਸ ਤਕਨਾਲੋਜੀ ਰਾਹੀਂ ਕੂੜਾ ਇਕੱਠਾ ਕਰਨ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਹੋ ਜਾਵੇਗੀ। ਜਦੋਂ ਕੂੜਾ ਚੁੱਕਣ ਵਾਲੀ ਗੱਡੀ ਘਰ ਆਵੇਗੀ, ਤਾਂ ਕਰਮਚਾਰੀ ਕੰਧ 'ਤੇ ਲੱਗੇ ਕਿਊ.ਆਰ. ਕੋਡ ਨੂੰ ਸਕੈਨ ਕਰੇਗਾ। ਇਸ ਨਾਲ ਤੁਰੰਤ ਘਰ ਦੇ ਮਾਲਕ ਨੂੰ ਇਕ ਆਟੋਮੈਟਿਕ ਮੈਸੇਜ ਮਿਲੇਗਾ। ਨਿਵਾਸੀ ਮੈਸੇਜ ਵਿਚ 'ਹਾਂ' ਜਾਂ 'ਨਾ' ਰਾਹੀਂ ਦੱਸ ਸਕਣਗੇ ਕਿ ਕੂੜਾ ਚੁੱਕਿਆ ਗਿਆ ਹੈ ਜਾਂ ਨਹੀਂ। ਜੇਕਰ ਕੂੜਾ ਨਹੀਂ ਚੁੱਕਿਆ ਜਾਂਦਾ, ਤਾਂ ਨਿਗਮ ਦੇ ਪੋਰਟਲ 'ਤੇ ਆਪਣੇ ਆਪ ਸ਼ਿਕਾਇਤ ਦਰਜ ਹੋ ਜਾਵੇਗੀ ਅਤੇ ਵਾਹਨ ਦੁਬਾਰਾ



ਭੇਜਿਆ ਜਾਵੇਗਾ। ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਨਿਵਾਸੀ ਨੂੰ ਕੂੜਾ ਚੁੱਕਣ ਵਾਲੇ ਕਰਮਚਾਰੀਆਂ ਨੂੰ ਨਕਦ ਪੈਸੇ ਦੇਣ ਦੀ ਲੋੜ ਨਹੀਂ ਹੈ। ਸਾਰੇ ਭੁਗਤਾਨ ਸਿਰਫ਼ ਆਨਲਾਈਨ ਹੀ ਹੋਣਗੇ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੂੜਾ ਸੜਕਾਂ 'ਤੇ ਨਾ ਸੁੱਟਣ ਅਤੇ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਸਹਿਯੋਗ ਦੇਣ। ਵਾਰਡ ਨੰਬਰ 4 ਨੂੰ ਇਸ ਪ੍ਰਾਜੈਕਟ ਲਈ 'ਨੋਡਲ ਵਾਰਡ' ਵਜੋਂ ਚੁਣਿਆ ਗਿਆ ਹੈ। ਪਹਿਲੇ ਪੜਾਅ ਦੀ ਸਫਲਤਾ ਤੋਂ ਬਾਅਦ ਇਹ ਸਿਸਟਮ ਸ਼ਹਿਰ ਦੇ ਸਾਰੇ 84 ਵਾਰਡਾਂ ਵਿਚ ਲਾਗੂ ਕੀਤਾ ਜਾਵੇਗਾ। ਮੈਸਰਜ਼ ਆਰ.ਆਰ.ਆਰ. ਕੰਪਨੀ ਨੂੰ ਇਸ ਕੰਮ ਦਾ ਠੇਕਾ ਦਿੱਤਾ ਗਿਆ ਹੈ ਅਤੇ ਨਵੇਂ ਵਾਹਨ ਵੀ ਫਲੀਟ ਵਿੱਚ ਸ਼ਾਮਲ ਕੀਤੇ ਗਏ ਹਨ। ਇਸ ਉਦਘਾਟਨੀ ਸਮਾਰੋਹ ਦੌਰਾਨ ਵਾਰਡ ਕੌਂਸਲਰ ਮਨਦੀਪ ਸਿੰਘ ਆਹੂਜਾ, ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਸਿਹਤ ਅਧਿਕਾਰੀ ਡਾ. ਯੋਗੇਸ਼ ਅਰੋੜਾ, ਸੀ. ਐੱਸ. ਓ. ਮਲਕੀਅਤ ਸਿੰਘ ਅਤੇ ਕੰਪਨੀ ਦੇ ਨੁਮਾਇੰਦੇ ਮੌਜੂਦ ਸਨ।

## ਗੈਸ ਏਜੰਸੀ ਦੇ ਡਿਲੀਵਰੀ ਬੁਆਏ ਨਾਲ ਲੁੱਟ !

ਲੁਧਿਆਣਾ 22 ਅਗਸਤ। ਸ਼ਹਿਰ 'ਚ ਸੁਰੱਖਿਆ ਪ੍ਰਬੰਧਾਂ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਪੁਲਸ ਤੇ ਪ੍ਰਸ਼ਾਸਨ ਦੇ ਖੋਖਲੇ ਦਾਅਵਿਆਂ ਦੀ ਲੁਟੇਰਿਆਂ ਨੇ ਫੂਕ ਕੱਢ ਦਿੱਤੀ ਹੈ। ਤਾਜ਼ਾ ਘਟਨਾ ਸ਼ਿਮਲਾਪੁਰੀ ਪੁਲਸ ਸਟੇਸ਼ਨ ਦੇ ਅਧੀਨ ਆਉਂਦੇ ਗੋਵਿੰਦ ਨਗਰ ਦੀ ਗਲੀ ਨੰਬਰ 4 ਵਿਚ ਹਥਿਆਰਬੰਦ ਲੁਟੇਰਿਆਂ ਵੱਲੋਂ ਬੱਚਨ ਗੈਸ ਏਜੰਸੀ ਦੇ ਇਕ ਡਿਲੀਵਰੀ ਮੈਨ ਨੂੰ ਲੁੱਟਣ ਦੀ ਹੈ। ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ, ਗੈਸ ਏਜੰਸੀ ਦੇ ਮੁਖੀ ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਏਜੰਸੀ ਦਾ ਡਿਲੀਵਰੀ ਮੈਨ ਸਵੇਰੇ 11 ਵਜੇ ਦੇ ਕਰੀਬ ਇਲਾਕੇ ਵਿਚ ਘਰੇਲੂ ਸਿਲੰਡਰ ਪਹੁੰਚਾ ਰਿਹਾ ਸੀ। ਇਸ ਦੌਰਾਨ ਚਾਰ-ਪੰਜ ਹਥਿਆਰਬੰਦ ਲੁਟੇਰਿਆਂ ਨੇ ਡਿਲੀਵਰੀ ਮੈਨ ਨੂੰ ਘੇਰ ਲਿਆ ਅਤੇ ਉਸ ਤੋਂ ਨਕਦੀ ਲੁੱਟ ਲਈ। ਡਿਲੀਵਰੀ ਮੈਨ ਨੇ ਕਿਸੇ ਤਰੀਕੇ ਮਾਮਲੇ ਦੀ ਜਾਣਕਾਰੀ ਏਜੰਸੀ ਮਾਲਕ ਨੂੰ ਦਿੱਤੀ ਤੇ ਨਾਲ ਹੀ ਰੌਲ?ਾ ਪਾ ਦਿੱਤਾ। ਘਟਨਾ ਦੀ ਜਾਣਕਾਰੀ ਮਿਲਣ ਦੇ ਤੁਰੰਤ ਬਾਅਦ ਮੌਕੇ 'ਤੇ ਪਹੁੰਚੇ ਗੈਸ ਏਜੰਸੀ ਦੇ ਮੁਲਾਜ਼ਮਾਂ ਤੇ ਇਲਾਕਾ ਵਾਸੀਆਂ ਨੇ ਕੁਝ ਲੁਟੇਰਿਆਂ ਨੂੰ ਕਾਬੂ ਕਰ ਲਿਆ, ਪਰ ਸ਼ਾਤਰ ਲੁਟੇਰੇ ਮੌਕਾ ਵੇਖ ਕੇ ਫ਼ਰਾਰ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਇਲਾਕੇ ਵਿਚ ਐਕਟਿਵ ਲੁਟੇਰਿਆਂ ਵੱਲੋਂ ਬੱਚਨ ਗੈਸ ਏਜੰਸੀ ਦੇ ਕਰਮਚਾਰੀਆਂ ਤੋਂ ਪਿਛਲੇ ਤਕਰੀਬਨ ਇਕ ਮਹੀਨੇ ਦੌਰਾਨ ਇਹ ਪੰਜਵੀਂ ਵਾਰ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ ਤੇ ਲੁਟੇਰੇ ਅੱਜ ਵੀ ਬੇਖ਼ੌਫ਼ ਹੋ ਕੇ ਇਲਾਕੇ ਵਿਚ ਘੁੰਮ ਰਹੇ ਹਨ, ਜਦਕਿ ਪੁਲਸ ਤੇ ਜ਼ਿਲ੍ਹਾ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤੇ ਹੋਏ ਹਨ।


## ਦਿੱਲੀ 'ਚ ਦਹਿਸ਼ਤ: ਅਣਪਛਾਤਿਆਂ ਨੇ 32 ਸਾਲਾ ਨੌਜਵਾਨ ਨੂੰ ਮਾਰੀ ਗੋਲੀ, ਇਲਾਕੇ 'ਚ ਦਹਿਸ਼ਤ

ਨੈਸ਼ਨਲ ਡੈਸਕ 22 ਅਗਸਤ। ਉੱਤਰ-ਪੂਰਬੀ ਦਿੱਲੀ ਦੇ ਸ਼ਾਸਤਰੀ ਪਾਰਕ ਖੇਤਰ ਵਿੱਚ ਅਣਪਛਾਤੇ ਵਿਅਕਤੀਆਂ ਨੇ ਇੱਕ 32 ਸਾਲਾ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ਨੀਵਾਰ ਰਾਤ ਲਗਭਗ 11:24 ਵਜੇ ਸ਼ਾਸਤਰੀ ਪਾਰਕ ਪੁਲਸ ਸਟੇਸ਼ਨ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ ਗਈ। ਬਾਅਦ ਵਿੱਚ ਪੁਲਸ ਬੁਲੰਦ ਮਸਜਿਦ ਦੇ ਨੇੜੇ ਘਟਨਾ ਸਥਾਨ 'ਤੇ ਪਹੁੰਚੀ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸਮੀਰ ਉਰਫ਼ ਮੁਸਤਕੀਮ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਪੁਲਸ ਦੇ ਪਹੁੰਚਣ ਤੋਂ ਪਹਿਲਾਂ ਹੀ ਪਰਿਵਾਰਕ ਮੈਂਬਰ ਸਮੀਰ ਨੂੰ ਜਗ ਪ੍ਰਵੇਸ਼ ਚੰਦ ਹਸਪਤਾਲ ਲੈ ਜਾ ਚੁੱਕੇ ਸਨ। ਉਨ੍ਹਾਂ ਕਿਹਾ ਕਿ ਡਾਕਟਰਾਂ ਨੇ ਪਹੁੰਚਣ 'ਤੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਹਮਲਾਵਰਾਂ ਦੀ ਪਛਾਣ ਕਰਨ ਅਤੇ ਕਤਲ ਦੇ ਪਿੱਛੇ ਦੇ ਉਦੇਸ਼ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਅਨੁਸਾਰ, ਆਲੇ ਦੁਆਲੇ ਦੇ ਇਲਾਕੇ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

### ਗੀਜ਼ਰ ਬਣਿਆ ਕਾਲ ; ਨਹਾਉਂਦੇ-ਨਹਾਉਂਦੇ ਬੁਝ ਗਿਆ ਘਰ ਦਾ ਚਿਰਾਗ ! ਵੱਡੇ ਦੀ ਵੀ ਹਾਲਤ ਨਾਜ਼ੁਕ

ਬਦਾਯੂੰ 22 ਅਗਸਤ। ਉੱਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਤੋਂ ਇਕ ਬੇਹੱਦ





ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਗੈਸ ਗੀਜ਼ਰ ਲੀਕ ਹੋਣ ਕਾਰਨ ਦਮ ਘੁੱਟਣ ਨਾਲ ਇਕ 4 ਸਾਲਾ ਬੱਚੇ ਦੀ ਮੌਤ ਹੋ ਗਈ ਅਤੇ ਉਸ ਦਾ ਵੱਡਾ ਭਰਾ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਇਹ ਘਟਨਾ ਸ਼ੁੱਕਰਵਾਰ ਦੁਪਹਿਰ ਕਰੀਬ 2 ਵਜੇ ਕੋਤਵਾਲੀ ਸਦਰ ਖੇਤਰ ਦੇ ਮੁਹੱਲਾ ਸ਼ਹਿਬਾਜ਼ਪੁਰ 'ਚ ਵਾਪਰੀ। ਮੁਹੰਮਦ ਸਲੀਮ ਦਾ ਪਰਿਵਾਰ ਬਰੇਲੀ ਰੋਡ 'ਤੇ ਸਥਿਤ ਰਾਏ ਸਾਹਿਬ ਦੀ ਧਰਮਸ਼ਾਲਾ ਨੇੜੇ ਆਪਣੇ ਕਾਰਖਾਨੇ ਦੇ ਉੱਪਰ ਰਹਿੰਦਾ ਹੈ। ਸਲੀਮ ਦੇ 2 ਪੁੱਤਰ, ਅਯਾਨ (11 ਸਾਲ) ਅਤੇ ਰਿਆਨ (4 ਸਾਲ) ਨਹਾਉਣ ਲਈ ਬਾਥਰੂਮ 'ਚ ਗਏ ਸਨ, ਜਿੱਥੇ ਗੈਸ ਗੀਜ਼ਰ ਲੱਗਾ ਹੋਇਆ ਸੀ। ਜਦੋਂ ਕਾਫੀ ਦੇਰ ਤੱਕ ਬੱਚੇ ਬਾਹਰ ਨਾ ਨਿਕਲੇ ਤਾਂ ਉਨ੍ਹਾਂ ਦੀ ਮਾਂ ਰੁਖਸਾਰ ਨੇ ਦਰਵਾਜ਼ਾ ਖੜਕਾਇਆ। ਅੰਦਰੋਂ ਕੋਈ ਜਵਾਬ ਨਾ ਮਿਲਣ 'ਤੇ ਰੁਖਸਾਰ ਦੇ ਚੀਕਣ ਦੀ ਆਵਾਜ਼ ਸੁਣ ਕੇ ਸਲੀਮ ਅਤੇ ਆਸ-ਪਾਸ ਦੇ ਲੋਕ ਇਕੱਠੇ ਹੋ ਗਏ। ਲੋਕਾਂ ਨੇ ਮਿਲ ਕੇ ਦਰਵਾਜ਼ਾ ਤੋੜਿਆ ਤਾਂ ਅੰਦਰ ਦੋਵੇਂ ਬੱਚੇ ਬੇਹੋਸ਼ ਪਏ ਸਨ। ਦੋਵਾਂ ਬੱਚਿਆਂ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ 4 ਸਾਲਾ ਰਿਆਨ ਦੀ ਮੌਤ ਹੋ ਗਈ। 11 ਸਾਲਾ ਅਯਾਨ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਬਰੇਲੀ ਦੇ ਹਸਪਤਾਲ 'ਚ ਰੈਫਰ ਕੀਤਾ ਗਿਆ ਹੈ।

## ਗੁਆਂਢੀਆਂ ਨੇ ਨੌਜਵਾਨ ਨੂੰ ਉਤਾਰਿਆ ਮੌਤ ਦੇ ਘਾਟ, ਪੁਲਿਸ ਵੱਲੋਂ ਮੁਲਜ਼ਮਾਂ ਦੀ ਭਾਲ ਤੇਜ਼

ਕੌਮੀ ਪਤ੍ਰਿਕਾ

ਮੌੜ ਮੰਡੀ 22 ਅਗਸਤ। ਮੌੜ ਮੰਡੀ ਦੇ ਨੇੜਲੇ ਪਿੰਡ ਘੁੰਮਣ ਕਲਾਂ ਵਿਖੇ ਪਿਛਲੇ ਕੁਝ ਦਿਨਾਂ ਤੋਂ ਉੱਚੀ ਅਵਾਜ਼ ਵਿੱਚ ਸੰਗੀਤ ਚਲਾਉਣ ਨੂੰ ਲੈ ਕੇ ਚੱਲ ਰਿਹਾ ਵਿਵਾਦ ਅਖੀਰ ਇੱਕ ਖੂਨੀ ਖੇਡ ਵਿੱਚ ਬਦਲ ਗਿਆ। ਗੁਆਂਢੀਆਂ ਵੱਲੋਂ ਕੀਤੇ ਗਏ ਜਾਨ ਲੇਵਾ ਹਮਲੇ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਮ੍ਰਿਤਕ ਦੇ ਭਰਾ ਗੁਰਦੀਪ ਸਿੰਘ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਉਹ ਅਤੇ ਉਸ ਦਾ ਭਰਾ ਰਾਜਿੰਦਰ ਸਿੰਘ ਇਕੱਠੇ ਰਹਿੰਦੇ ਹਨ। ਅੱਜ ਸਵੇਰੇ ਜਦੋਂ ਗੁਰਦੀਪ ਸਿੰਘ, ਰਾਜਿੰਦਰ ਸਿੰਘ ਅਤੇ ਉਨ੍ਹਾਂ ਦੇ ਚਾਚਾ ਜਗਤਾਰ ਸਿੰਘ ਖੇਤ ਗਏ ਹੋਏ ਸਨ ਤਾਂ ਰਾਜਿੰਦਰ ਸਿੰਘ ਕੁਝ ਦੂਰੀ 'ਤੇ ਚਲਾ ਗਿਆ। ਇਸੇ ਦੌਰਾਨ ਪੁਰਾਣੀ ਰੰਜਿਸ਼ ਦੇ ਤਹਿਤ ਰਾਜਦੀਪ ਸਿੰਘ ਪੁੱਤਰ ਕਰਨੈਲ ਸਿੰਘ, ਮੱਘਰ ਸਿੰਘ ਪੁੱਤਰ ਬਿੰਦਰ ਸਿੰਘ ਕਰਨੈਲ ਸਿੰਘ ਪੁੱਤਰ ਦਸੌਂਧ ਸਿੰਘ ਅਤੇ 2-3 ਅਣਪਛਾਤੇ ਵਿਅਕਤੀ ਉੱਥੇ ਕਸੀਆਂ, ਲੋਹੇ ਦੀਆਂ ਰਾਡਾਂ ਅਤੇ ਸੋਟੀਆਂ ਲੈ ਕੇ ਆ ਗਏ। ਉਨ੍ਹਾਂ ਨੇ ਰਾਜਿੰਦਰ ਸਿੰਘ ਨੂੰ ਚਾਰੋਂ ਤਰਫ਼ੋਂ ਘੇਰ ਲਿਆ ਅਤੇ ਉਸ ਦੇ ਸਿਰ 'ਤੇ ਘਾਤਕ ਹਥਿਆਰਾਂ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ। ਹਮਲਾ ਇਨ੍ਹਾਂ ਭਿਆਨਕ ਸੀ ਕਿ ਰਾਜਿੰਦਰ ਸਿੰਘ ਦੇ ਕੰਨਾਂ ਵਿੱਚੋਂ ਖੂਨ ਵਗਣ ਲੱਗ ਪਿਆ। ਉਨ੍ਹਾਂ ਵੱਲੋਂ ਰੌਲਾ ਪਾਉਣ 'ਤੇ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਜਦੋਂ ਜ਼ਖਮੀ ਰਾਜਿੰਦਰ ਸਿੰਘ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ, ਤਾਂ ਉਸ ਨੇ ਰਸਤੇ ਵਿੱਚ ਹੀ ਦਮ ਤੋੜ ਦਿੱਤਾ। ਗੁਰਦੀਪ ਸਿੰਘ ਦੇ ਦੱਸਣ ਮੁਤਾਬਕ ਕਤਲ ਦੀ ਵਜ?ਹਾ ਪੁਰਾਣੀ ਰੰਜਿਸ਼ ਹੈ। ਮੁਲਜ਼ਮ ਰਾਜਦੀਪ ਸਿੰਘ ਅਤੇ ਮੱਘਰ ਸਿੰਘ ਉਨ੍ਹਾਂ ਦੇ ਗੁਆਂਢੀ ਹਨ, ਜੋ ਅਕਸਰ ਆਪਣੇ ਟਰੈਕਟਰ 'ਤੇ ਬਹੁਤ ਉੱਚੀ ਆਵਾਜ਼ ਵਿੱਚ ਡੈੱਕ ਚਲਾਉਂਦੇ ਸਨ।

### ਚੋਰੀ ਦੀਆਂ ਵਾਰਦਾਤਾਂ ਕਰਨ ਵਾਲਾ ਭਗੌੜਾ ਮੁਲਜ਼ਮ ਗ੍ਰਿਫ਼ਤਾਰ

ਜਲੰਧਰ 22 ਅਗਸਤ। ਕਮਿਸ਼ਨਰੇਟ ਪੁਲਸ ਦੇ ਪੀ. ਓ. ਸਟਾਫ਼ ਨੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਪਛਾਣ ਅਜੇ ਕੁਮਾਰ ਪੁੱਤਰ ਦੌਲਤ ਰਾਮ, ਵਾਸੀ ਮਕਾਨ ਨੰ. 246, ਕੱਚਾ ਕੋਟ, ਬਸਤੀ ਬਾਵਾ ਖੇਲ, ਜਲੰਧਰ ਵਜੋਂ ਹੋਈ ਹੈ। ਉਸ ਦੇ ਖ਼?ਲਾਫ਼ ਥਾਣਾ ਡਿਵੀਜ਼ਨ ਨੰ. 1 ਵਿਚ 21 ਮਾਰਚ 2024 ਨੂੰ ਧਾਰਾ 457, 380, 411, 34 ਆਈ. ਪੀ. ਸੀ. ਤਹਿਤ ਐੱਫ. ਆਈ. ਆਰ. ਨੰਬਰ 44 ਦਰਜ ਕੀਤੀ ਗਈ ਸੀ ਅਤੇ ਮਾਣਯੋਗ ਅਦਾਲਤ ਵੱਲੋਂ ਉਸ ਨੂੰ 22 ਅਗਸਤ 2025 ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਮੁਲਜ਼ਮ ਖ਼?ਲਾਫ਼ ਥਾਣਾ ਡਿਵੀਜ਼ਨ ਨੰ. 8 ਵਿਚ ਵੀ 17 ਅਪ੍ਰੈਲ 2022 ਨੂੰ ਧਾਰਾ 380, 511 ਅਤੇ 34 ਆਈ. ਪੀ. ਸੀ. ਤਹਿਤ ਐੱਫ. ਆਈ. ਆਰ. ਨੰਬਰ 114 ਦਰਜ ਹੈ। ਸੀ. ਆਈ. ਏ. ਸਟਾਫ਼ ਦੇ ਇੰਚਾਰਜ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਕਾਬੂ ਕੀਤੇ ਗਏ ਮੁਲਜ਼ਮ ਨੂੰ ਸਬੰਧਤ ਪੁਲਸ ਥਾਣੇ ਦੇ ਹਵਾਲੇ ਕਰ ਦਿੱਤਾ ਗਿਆ ਹੈ ਤਾਂ ਜੋ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾ ਸਕੇ।

## ਵੱਡੀ ਵਾਰਦਾਤ: ਸ਼ਰੇਆਮ ਗੋਲੀਆਂ ਮਾਰ ਭੁੰਨ੍ਹ 'ਤਾ ਪਿੰਡ ਦਾ ਮੁਖੀ, ਫੈਲੀ ਸਨਸਨੀ

ਖੁੰਟੀ 22 ਅਗਸਤ। ਝਾਰਖੰਡ ਦੇ ਖੁੰਟੀ ਜ਼ਿਲ੍ਹੇ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਅਣਪਛਾਤੇ ਹਮਲਾਵਰਾਂ ਨੇ ਇੱਕ ਪਿੰਡ ਦੇ ਮੁਖੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਘਟਨਾ ਦੀ ਜਾਣਕਾਰੀ ਪੁਲਸ ਨੇ ਵੀਰਵਾਰ ਨੂੰ ਦਿੱਤੀ। ਪੁਲਸ ਅਨੁਸਾਰ, ਇਹ ਘਟਨਾ ਬੁੱਧਵਾਰ ਸ਼ਾਮ ਨੂੰ ਖੁੰਟੀ ਪੁਲਸ ਸਟੇਸ਼ਨ ਖੇਤਰ ਦੇ ਨਮਕੁਮ-ਜਮੁਆਦਗ ਸੜਕ 'ਤੇ ਉਸ ਸਮੇਂ ਵਾਪਰੀ, ਜਦੋਂ ਪਿੰਡ ਦਾ ਮੁਖੀ ਆਪਣੀ ਪਤਨੀ ਨਾਲ ਮੋਟਰਸਾਈਕਲ 'ਤੇ ਘਰ ਵਾਪਸ ਆ ਰਿਹਾ ਸੀ।



ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸੋਮਾ ਮੁੰਡਾ ਵਜੋਂ ਹੋਈ ਹੈ, ਜਿਸਨੇ ਖੁੰਟੀ ਵਿਧਾਨ ਸਭਾ ਸੀਟ ਤੋਂ 2024 ਦੀ ਚੋਣ ਲੜੀ ਸੀ। ਮੁੰਡਾ 'ਅਦੇਲ ਸਾਂਗਾ ਪ੍ਰਧਾ ਰਾਜਾ' (22 ਪਿੰਡਾਂ ਦਾ ਰਵਾਇਤੀ ਮੁਖੀ) ਸੀ। ਖੁੰਟੀ ਦੇ ਐਸਡੀਪੀਓ ਵਰੁਣ ਰਜਕ ਨੇ ਕਿਹਾ ਕਿ ਮੁੰਡਾ ਨੂੰ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਬਦਮਾਸ਼ਾਂ ਨੇ ਗੋਲੀ ਮਾਰ ਦਿੱਤੀ, ਜਦੋਂ ਉਹ ਸ਼ਾਮ 7 ਵਜੇ ਦੇ ਕਰੀਬ ਘਰ ਵਾਪਸ ਆ ਰਿਹਾ ਸੀ। ਰਜਕ ਨੇ ਕਿਹਾ, ਸਥਾਨਕ ਲੋਕ ਜ਼ਖ਼ਮੀ ਹਾਲਤ 'ਚ ਉਸਨੂੰ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਨੇ ਕਿਹਾ ਕਿ ਪੁਲਸ ਨੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਘਟਨਾ ਦੇ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾਵੇਗੀ। ਇਸ ਦੌਰਾਨ ਕਈ ਕਬਾਇਲੀ ਸੰਗਠਨਾਂ ਨੇ ਕਤਲ ਦੇ ਵਿਰੋਧ ਵਿੱਚ ਵੀਰਵਾਰ ਨੂੰ ਖੁੰਟੀ ਬੰਦ ਦਾ ਸੱਦਾ ਦਿੱਤਾ ਹੈ।

# ਸੋਲਨ 'ਚ ਸਿਲੰਡਰ ਬਲਾਸਟ ਮਗਰੋਂ ਕੰਬ ਗਿਆ ਇਲਾਕਾ ! ਅੱਗ ਕਾਰਨ ਕਈ ਦੁਕਾਨਾਂ ਸੜ ਕੇ ਸੁਆਹ, ਕੁੜੀ ਦੀ ਗਈ ਜਾਨ

ਕੌਮੀ ਪਤ੍ਰਿਕਾ

ਸੋਲਨ 22 ਅਗਸਤ। ਸੋਲਨ ਜ਼ਿਲ੍ਹੇ ਦੇ ਅਰਕੀ ਦੇ ਪੁਰਾਣੇ ਬੱਸ ਸਟੈਂਡ ਇਲਾਕੇ 'ਚ ਸੋਮਵਾਰ ਤੜਕੇ ਭਿਆਨਕ ਅੱਗ ਲੱਗਣ ਤੋਂ ਬਾਅਦ ਘੱਟੋ-ਘੱਟ ਇੱਕ ਬੱਚੇ ਦੀ ਮੌਤ ਹੋ ਗਈ ਅਤੇ ਨੌਂ ਹੋਰ, ਜੋ ਸਾਰੇ ਨੇਪਾਲੀ ਮੂਲ ਦੇ ਪ੍ਰਵਾਸੀ ਮਜ਼ਦੂਰ ਹਨ, ਦੇ ਫਸੇ ਹੋਣ ਦਾ ਖਦਸ਼ਾ ਹੈ। ਸਥਾਨਕ ਅਧਿਕਾਰੀਆਂ ਦੇ ਅਨੁਸਾਰ ਅੱਗ ਤੇਜ਼ੀ ਨਾਲ ਕਈ ਦੁਕਾਨਾਂ ਅਤੇ ਨੇੜਲੀਆਂ ਇਮਾਰਤਾਂ 'ਚ ਫੈਲ ਗਈ ਜਿਸ ਕਾਰਨ ਫਾਇਰ ਸਰਵਿਸ, ਐੱਸ.ਡੀ.ਆਰ.ਐੱਫ. ਹੋਮ ਗਾਰਡ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ। ਅਰਕੀ ਦੇ ਤਹਿਸੀਲਦਾਰ ਅਤੇ ਸਥਾਨਕ ਮਾਲ ਅਧਿਕਾਰੀ ਵਿਪਿਨ ਕੁਮਾਰ ਨੇ ਇਕ ਨਿਊਜ਼ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ , ਸਾਨੂੰ ਇਸ ਘਟਨਾ ਬਾਰੇ ਸਵੇਰੇ 2:30-3 ਵਜੇ ਦੇ ਕਰੀਬ ਜਾਣਕਾਰੀ ਮਿਲੀ। ਅੱਗ ਲੱਗਣ ਕਾਰਨ ਲਗਭਗ 10-15 ਦੁਕਾਨਾਂ ਸੜ ਗਈਆਂ। ਅਸੀਂ ਤੁਰੰਤ ਬੀਤੀ ਰਾਤ ਐੱਸ.ਡੀ.ਆਰ.ਐੱਫ., ਹੋਮ ਗਾਰਡ ਅਤੇ ਫਾਇਰ ਸਰਵਿਸ ਨੂੰ ਤਾਇਨਾਤ ਕੀਤਾ। ਇਕ ਬੱਚੇ ਨੂੰ ਬਚਾਇਆ ਗਿਆ ਪਰ ਬਾਅਦ 'ਚ ਹਸਪਤਾਲ 'ਚ ਉਸਦੀ ਮੌਤ ਹੋ ਗਈ। ਇਸ ਦੌਰਾਨ ਉਨ੍ਹਾਂ ਕਿਹਾ, ਨੌਂ ਲੋਕ ਅਜੇ ਵੀ ਫਸੇ ਹੋਏ ਹਨ; ਸਾਰੇ ਨੇਪਾਲੀ ਮੂਲ ਦੇ ਪ੍ਰਵਾਸੀ ਮਜ਼ਦੂਰ ਹਨ। ਸ਼ਿਮਲਾ ਦੇ ਬਾਲੂਗੰਜ ਤੋਂ ਫਾਇਰ ਟੈਂਡਰਾਂ ਨੂੰ ਜਲਦੀ ਤੋਂ ਜਲਦੀ ਬੁਲਾਇਆ ਗਿਆ, ਕਿਉਂਕਿ ਅਰਕੀ ਕੋਲ ਪੂਰੀ ਤਰ੍ਹਾਂ ਲੈਸ ਫਾਇਰ ਟੈਂਡਰ ਯੂਨਿਟ ਨਹੀਂ ਹੈ। ਅੰਬੂਜਾ ਸੀਮੈਂਟ ਫੈਕਟਰੀ ਤੋਂ ਫਾਇਰ ਟੈਂਡਰ ਵੀ ਮੌਕੇ 'ਤੇ ਪਹੁੰਚੇ ਅਤੇ ਬਹੁਤ ਮਦਦ ਕੀਤੀ।" ਇਸ ਦੌਰਾਨ ਉਨ੍ਹਾਂ ਕਿਹਾ, ਅੱਗ 'ਤੇ ਕਾਬੂ ਪਾ ਲਿਆ ਗਿਆ ਹੈ, ਪਰ ਦੋ ਤੋਂ ਤਿੰਨ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ। ਪ੍ਰਭਾਵਿਤ ਇਮਾਰਤਾਂ ਜ਼ਿਆਦਾਤਰ ਲੱਕੜ ਦੇ ਗੋਦਾਮ ਸਨ, ਜਿਸ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ। ਲਗਭਗ 11-12 ਦੁਕਾਨਾਂ ਪ੍ਰਭਾਵਿਤ ਹੋਈਆਂ। ਟੀਮਾਂ ਨੂੰ ਤਾਇਨਾਤ ਕੀਤਾ ਗਿਆ ਸੀ ਅਤੇ ਜੇ.ਸੀ.ਬੀ. ਮਸ਼ੀਨਾਂ ਲਿਆਂਦੀਆਂ ਗਈਆਂ ਸਨ ਕਿਉਂਕਿ ਅੱਗ ਲੰਬੇ ਸਮੇਂ ਤੱਕ ਭੜਕਦੀ ਰਹੀ। ਮਲਬਾ ਹਟਾਇਆ ਜਾ ਰਿਹਾ ਹੈ ਅਤੇ ਜਾਨ-ਮਾਲ ਦੇ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਰਾਹਤ ਅਤੇ ਬਚਾਅ ਕਾਰਜ ਜਾਰੀ ਹਨ ਅਤੇ ਜਿਵੇਂ ਹੀ ਸਾਨੂੰ ਇਹ ਮਿਲੇਗੀ ਅਸੀਂ ਪੂਰੀ ਜਾਣਕਾਰੀ ਸਾਂਝੀ ਕਰਾਂਗੇ। ਹਾਲਾਂਕਿ ਫਾਇਰ ਅਧਿਕਾਰੀਆਂ ਨੇ ਕਿਹਾ ਕਿ ਸਵੇਰ ਤੱਕ ਅੱਗ 'ਤੇ ਕਾਫ਼ੀ ਹੱਦ ਤੱਕ ਕਾਬੂ ਪਾ ਲਿਆ ਗਿਆ ਸੀ, ਹਾਲਾਂਕਿ ਖੋਜ ਕਾਰਜ ਅਜੇ ਵੀ ਜਾਰੀ ਹੈ। ਸਥਾਨਕ ਫਾਇਰ ਅਧਿਕਾਰੀ ਆਰ ਕੇ ਸ਼ਰਮਾ ਨੇ ਏਐਨਆਈ ਨੂੰ ਦੱਸਿਆ, ਲਗਭਗ 10 ਗੱਡੀਆਂ ਤੋਂ ਪਾਣੀ ਦਾ ਛਿੜਕਾਅ ਕੀਤਾ ਗਿਆ, ਅਤੇ ਲਗਭਗ ਛੇ ਫਾਇਰ ਟੈਂਡਰ ਤਾਇਨਾਤ ਕੀਤੇ ਗਏ। ਸਵੇਰੇ 6:30 ਵਜੇ ਤੱਕ ਅੱਗ 'ਤੇ ਕਾਬੂ ਪਾ ਲਿਆ ਗਿਆ। ਨੇਪਾਲੀ ਮੂਲ ਦੇ ਨੌਂ ਲੋਕਾਂ ਦੇ ਲਾਪਤਾ ਹੋਣ ਦੀ ਸੂਚਨਾ ਹੈ। ਸਥਾਨਕ ਫਾਇਰ ਅਧਿਕਾਰੀ ਨੇ ਕਿਹਾ ਕਿ ਇਕ ਬੱਚੇ ਨੂੰ ਬਚਾਇਆ ਗਿਆ ਸੀ ਪਰ ਬਾਅਦ 'ਚ ਉਸਦੀ ਮੌਤ ਹੋ ਗਈ। ਉਨ੍ਹਾਂ ਅੱਗੇ ਕਿਹਾ, ਫਸੇ ਹੋਏ ਨੌਂ ਲੋਕਾਂ 'ਚ ਪੰਜ ਬੱਚੇ ਅਤੇ ਚਾਰ ਬਾਲਗ ਸ਼ਾਮਲ ਹਨ, ਜਿਨ੍ਹਾਂ 'ਚ ਦੋ ਜੋੜੇ ਵੀ ਸ਼ਾਮਲ ਹਨ। ਇਮਾਰਤ ਦੇ ਢਹਿਣ ਦੀ ਹੱਦ ਅਤੇ ਅੱਗ ਦੀ ਤੀਬਰਤਾ ਨੂੰ ਦੇਖਦੇ ਹੋਏ, ਬਚਣ ਦੀ ਸੰਭਾਵਨਾ ਘੱਟ ਜਾਪਦੀ ਹੈ।

### ਹੈਦਰਾਬਾਦ 'ਚ ਆਨਲਾਈਨ ਟ?ਰੇਡਿੰਗ ਦੇ ਨਾਂ 'ਤੇ ਵੱਡੀ ਠੱਗੀ: ਸ਼ਖਸ ਨੇ ਗੁਆਏ 27 ਲੱਖ ਰੁਪਏ

ਨੈਸ਼ਨਲ ਡੈਸਕ 22 ਅਗਸਤ। ਹੈਦਰਾਬਾਦ ਦੇ ਆਸਿਫਨਗਰ ਇਲਾਕੇ ਵਿੱਚ ਆਨਲਾਈਨ ਨਿਵੇਸ਼ ਦੇ ਨਾਂ 'ਤੇ ਧੋਖਾਧੜੀ ਦਾ ਇੱਕ ਵੱਡਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਵਿਅਕਤੀ ਨੂੰ ਫਰਜ਼ੀ ਮੋਬਾਈਲ ਐਪ ਅਤੇ ਵਟਸਐਪ ਗਰੁੱਪ ਰਾਹੀਂ 27.05 ਲੱਖ ਰੁਪਏ ਦਾ ਚੂਨਾ ਲਗਾਇਆ ਗਿਆ ਹੈ। ਸਾਈਬਰ ਅਪਰਾਧ ਅਧਿਕਾਰੀਆਂ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਨੇ ਸਭ ਤੋਂ ਪਹਿਲਾਂ ਫੇਸਬੁੱਕ 'ਤੇ ਇੱਕ ਆਨਲਾਈਨ ਟ?ਰੇਡਿੰਗ ਪੇਜ ਦੇਖਿਆ ਸੀ। ਇਸ ਤੋਂ ਬਾਅਦ ਉਸਨੂੰ ਇੱਕ ਵਟਸਐਪ ਨਿਵੇਸ਼ ਗਰੁੱਪ ਵਿੱਚ ਜੋੜਿਆ ਗਿਆ, ਜਿੱਥੇ ਗਰੁੱਪ ਦੇ ਸੰਚਾਲਕਾਂ ਨੇ ਵਧੇਰੇ ਮੁਨਾਫ਼ੇ ਦੇ ਫਰਜ਼ੀ ਸਕ੍ਰੀਨਸ਼ਾਟ ਦਿਖਾ ਕੇ ਉਸਨੂੰ ਲਾਲਚ ਦਿੱਤਾ। ਠੱਗਾਂ ਨੇ ਉਸਨੂੰ 'ਨਾਮਕ ਇੱਕ ਟ?ਰੇਡਿੰਗ ਐਪ ਡਾਊਨਲੋਡ ਕਰਨ ਲਈ ਰਾਜ਼ੀ ਕਰ ਲਿਆ। ਪੀੜਤ ਨੇ ਸ਼ੁਰੂਆਤ ਵਿੱਚ 10,000 ਰੁਪਏ ਨਿਵੇਸ਼ ਕੀਤੇ ਸਨ। ਐਪ ਉੱਤੇ ਲਗਾਤਾਰ ਵਧ ਰਹੇ ਮੁਨਾਫ਼ੇ ਨੂੰ ਦੇਖ ਕੇ ਉਸਨੇ ਹੌਲੀ-ਹੌਲੀ ਕੁੱਲ 27,05,000 ਰੁਪਏ ਜਮ?ਹਾ ਕਰ ਦਿੱਤੇ। ਐਪ ਵਿੱਚ ਉਸਦਾ ਕੁੱਲ ਬੈਲੇਂਸ ਮੁਨਾਫ਼ੇ ਸਮੇਤ 81,69,600 ਰੁਪਏ ਦਿਖਾਈ ਦੇ ਰਿਹਾ ਸੀ। ਜਦੋਂ ਪੀੜਤ ਨੇ ਆਪਣੀ ਰਕਮ ਕਢਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਠੱਗਾਂ ਨੇ ਉਸਦਾ ਰਿਕਵੈਸਟ ਰੋਕ ਦਿੱਤੀ। ਉਨ੍ਹਾਂ ਨੇ ਸ਼ਰਤ ਰੱਖੀ ਕਿ ਪੈਸੇ ਕਢਵਾਉਣ ਲਈ ਉਸਨੂੰ 50 ਲੱਖ ਰੁਪਏ ਹੋਰ ਜਮ?ਹਾ ਕਰਵਾਉਣੇ ਪੈਣਗੇ। ਇਸ ਤੋਂ ਬਾਅਦ ਪੀੜਤ ਨੂੰ ਧੋਖਾਧੜੀ ਦਾ ਅਹਿਸਾਸ ਹੋਇਆ ਅਤੇ ਉਸਨੇ ਸਾਈਬਰ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ। ਅਧਿਕਾਰੀਆਂ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਕਿਸੇ ਵੀ ਨਿਵੇਸ਼ ਪਲੇਟਫਾਰਮ ਦੀ ਵਰਤੋਂ ਕਰਨ ਤੋਂ ਪਹਿਲਾਂ ਉਸਦੀ ਸੇਬੀ ਵਿੱਚ ਰਜਿਸਟ?ਰੇਸ਼ਨ ਦੀ ਪੁਸ਼ਟੀ ਜ਼ਰੂਰ ਕਰੋ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹਾਏ ਓ ਰੱਬਾ ! ਮੁੰਡਾ ਪਿਓ ਦੀ ਲਾਸ਼ ਤੋਂ ਹੀ ਲਵਾ ਕੇ ਲੈ ਗਿਆ ਜ਼ਮੀਨ ਲਈ ਅੰਗੂਠਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 22 ਅਗਸਤ। ਲਖਨਊ ਦੇ ਰਹੀਮਾਬਾਦ ਪੁਲਸ ਸਟੇਸ਼ਨ ਇਲਾਕੇ ਤੋਂ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲਾ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਪਰਿਵਾਰ ਆਪਣੇ ਪਿਤਾ ਦੀ ਮੌਤ ’ਤੇ ਸੋਗ ਮਨਾ ਰਿਹਾ ਸੀ, ਤਾਂ ਜ਼ਮੀਨ ਦੇ ਲਾਲਚ ਵਿੱਚ ਅੰਨ੍ਹਾ ਇੱਕ ਪੁੱਤਰ ਆਪਣੇ ਮ੍ਰਿਤਕ ਪਿਤਾ ਦੇ ਅੰਗੂਠੇ ਦੇ ਨਿਸ਼ਾਨ ਖਾਲੀ ਕਾਗਜ਼ਾਂ ’ਤੇ ਲਗਾ ਰਿਹਾ ਸੀ। ਉਸਨੇ ਇਸ ਘਿਨਾਉਣੇ ਕੰਮ ਵਿੱਚ ਆਪਣੇ ਚਚੇਰੇ ਭਰਾ ਦੀ ਮਦਦ ਲਈ। ਮੌਕੇ ’ਤੇ ਮੌਜੂਦ ਪਿੰਡ ਵਾਸੀਆਂ ਨੇ ਪੂਰੀ ਘਟਨਾ ਦੀ ਵੀਡੀਓ ਬਣਾ ਲਈ, ਜੋ ਹੁਣ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਪੂਰੇ ਇਲਾਕੇ ਨੇ ਪੁੱਤਰ ਦੀਆਂ ਹਰਕਤਾਂ ਦੀ ਨਿੰਦਾ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ ਰਹੀਮਾਬਾਦ ਦੇ ਖਰੌਹਾ ਪਿੰਡ ਦੇ ਵਸਨੀਕ ਮਹਿੰਦਰ ਤੇ ਉਸਦੀ ਪਤਨੀ, ਲਕਸ਼ਮੀ ਆਪਣੇ ਬਜ਼ੁਰਗ ਪਿਤਾ ਛਤਰਪਾਲ (75) ਤੇ ਮਾਂ ਸ਼ਿਵਦੇਵੀ ਨਾਲ ਨਿਯਮਿਤ ਤੌਰ ’ਤੇ ਦੁਰਵਿਵਹਾਰ ਕਰਦੇ ਸਨ। ਪਰੇਸ਼ਾਨੀ ਇਸ ਹੱਦ ਤੱਕ ਵਧ ਗਈ ਕਿ 2023 ਵਿੱਚ ਉਨ੍ਹਾਂ ਨੇ ਬਜ਼ੁਰਗ ਜੋੜੇ ਨੂੰ ਉਨ੍ਹਾਂ ਦੇ ਜੱਦੀ ਘਰ ਤੋਂ ਬਾਹਰ ਕੱਢ ਦਿੱਤਾ। ਨਤੀਜੇ ਵਜੋਂ ਛਤਰਪਾਲ ਤੇ ਉਸਦੀ ਪਤਨੀ ਨੂੰ ਰਿਸ਼ਤੇਦਾਰਾਂ ਕੋਲ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ। 2024 ਵਿੱਚ ਛਤਰਪਾਲ ਆਪਣੀ ਵੱਡੀ ਧੀ, ਸੁਮਨ (ਬੁੱਧੇਸ਼ਵਰ, ਲਖਨਊ ਦੀ ਰਹਿਣ ਵਾਲੀ) ਅਤੇ ਦੋ ਹੋਰ ਵਿਆਹੀਆਂ ਧੀਆਂ ਨਾਲ ਰਹਿਣ ਚਲੇ ਗਏ। ਧੀਆਂ ਦਿਨ-ਰਾਤ ਆਪਣੇ ਬਜ਼ੁਰਗ ਮਾਪਿਆਂ ਦੀ ਦੇਖਭਾਲ ਕਰਦੀਆਂ ਸਨ। ਉਨ੍ਹਾਂ ਦੇ ਪਿਆਰ ਅਤੇ ਦੇਖਭਾਲ ਤੋਂ ਖੁਸ਼ ਹੋ ਕੇ ਛਤਰਪਾਲ ਨੇ ਆਪਣੀ ਸਾਢੇ ਛੇ ਵਿੱਘੇ ਜ਼ਮੀਨ ਵਿੱਚੋਂ ਇੱਕ ਵਿੱਘਾ ਆਪਣੀਆਂ ਤਿੰਨ ਧੀਆਂ ਨੂੰ ਤਬਦੀਲ ਕਰ ਦਿੱਤਾ। ਆਪਣੇ ਪੁੱਤਰ ਮਹਿੰਦਰ ਅਤੇ ਨੂੰਹ ਦੇ ਤੰਗ-



ਪ੍ਰੇਸ਼ਾਨ ਹੋਣ ਤੋਂ ਦੁਖੀ ਹੋ ਕੇ ਉਸਨੇ ਇੱਕ ਅਖ਼ਬਾਰ ਦੇ ਨੋਟਿਸ ਰਾਹੀਂ ਜਨਤਕ ਤੌਰ ’ਤੇ ਉਨ੍ਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਵਾਂਝਾ ਕਰ ਦਿੱਤਾ। ਇਸ ਨਾਲ ਉਸਦਾ ਪੁੱਤਰ ਨਾਰਾਜ਼ ਹੋ ਗਿਆ। ਮ੍ਰਿਤਕ ਦੀ ਧੀ ਸੁਮਨ ਨੇ ਦੱਸਿਆ ਕਿ ਜਦੋਂ 7 ਜੁਲਾਈ ਨੂੰ ਉਸਦੇ ਪਿਤਾ ਛਤਰਪਾਲ ਦੀ ਸਿਹਤ ਵਿਗੜ ਗਈ, ਤਾਂ ਉਸਨੇ ਆਪਣੇ ਭਰਾ ਮਹਿੰਦਰ ਨੂੰ ਸੂਚਿਤ ਕੀਤਾ। ਖ਼ਬਰ ਮਿਲਦਿਆਂ ਹੀ ਮਹਿੰਦਰ ਆਪਣੇ ਪਰਿਵਾਰ ਨਾਲ ਲਖਨਊ ਪਹੁੰਚਿਆ ਅਤੇ ਆਪਣੀ ਭੈਣ ਨਾਲ ਝਗੜਾ ਕਰਨ ਤੋਂ ਬਾਅਦ ਡਾਕਟਰੀ ਇਲਾਜ ਕਰਵਾਉਣ ਦੇ ਬਹਾਨੇ ਆਪਣੇ ਪਿਤਾ ਨੂੰ ਪਿੰਡ ਵਾਪਸ ਲੈ ਆਇਆ। ਸਿਰਫ਼ ਤਿੰਨ ਦਿਨਾਂ ਬਾਅਦ 9 ਜੁਲਾਈ ਨੂੰ ਛਤਰਪਾਲ ਦੀ ਮੌਤ ਹੋ ਗਈ। ਜਦੋਂ ਭੈਣਾਂ ਅੰਤਿਮ ਸੰਸਕਾਰ ਲਈ ਪਿੰਡ ਪਹੁੰਚੀਆਂ, ਤਾਂ ਭਰਾ ਨੇ ਉਨ੍ਹਾਂ ਨਾਲ ਵੀ ਦੁਰਵਿਵਹਾਰ ਕੀਤਾ ਤੇ ਉਨ੍ਹਾਂ ਨਾਲ ਬਦਸਲੂਕੀ ਕੀਤੀ। ਸੁਮਨ ਦੇ ਪਤੀ ਰਮੇਸ਼ ਨੇ ਕਿਹਾ ਕਿ ਮੌਜੂਦ ਹਰ ਕੋਈ ਖਾਲੀ ਕਾਗਜ਼ਾਂ ’ਤੇ ਆਪਣੇ ਮ੍ਰਿਤਕ ਪਿਤਾ ਦੇ ਅੰਗੂਠੇ ਦੇ ਨਿਸ਼ਾਨ ਨੂੰ ਦੇਖ ਕੇ ਹੈਰਾਨ ਰਹਿ ਗਿਆ। ਇਹ ਕਾਰਵਾਈ, ਜਿਸ ਨੇ ਮਨੁੱਖਤਾ ਨੂੰ ਤੋੜ ਦਿੱਤਾ। ਮ੍ਰਿਤਕ ਪਿਤਾ ਦੀ ਲਾਸ਼ ਨਾਲ ਹੋਏ ਇਸ ਘਿਨਾਉਣੇ ਕਾਰੇ ਤੋਂ ਪਿੰਡ ਵਾਸੀ ਬਹੁਤ ਗੁੱਸੇ ਵਿੱਚ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜਿਸਨੇ ਆਪਣੇ ਮਾਤਾ-ਪਿਤਾ ਦਾ ਜੀਵਨ ਕਾਲ ਦੌਰਾਨ ਸਤਿਕਾਰ ਨਹੀਂ ਕੀਤਾ, ਉਸ ਨੇ ਉਸਦੀ ਮੌਤ ਤੋਂ ਬਾਅਦ ਵੀ ਉਸਦੀ ਲਾਸ਼ ਨੂੰ ਨਹੀਂ ਬਖਸ਼ਿਆ।

## ਗੁਰਦਾਸਪੁਰ ’ਚ ਟਿਊਬਵੈੱਲ ਮੋਟਰਾਂ ਦੀ ਚੋਰੀ ਨਾਲ ਕਿਸਾਨ ਪਰੇਸ਼ਾਨ, ਪੁਲਸ ’ਤੇ ਲਾਪਰਵਾਹੀ ਦੇ ਦੋਸ਼

ਗੁਰਦਾਸਪੁਰ 22 ਅਗਸਤ। ਗੁਰਦਾਸਪੁਰ ’ਚ ਖੇਤਾਂ ਵਿੱਚੋਂ ਲਗਾਤਾਰ ਟਿਊਬਵੈੱਲ ਦੀਆਂ ਮੋਟਰਾਂ ਚੋਰੀ ਹੋਣ ਕਾਰਨ ਕਿਸਾਨ ਬੇਹੱਦ ਪਰੇਸ਼ਾਨ ਹਨ। ਬੀਤੀ ਰਾਤ ਚੋਰਾਂ ਨੇ ਨੇੜਲੇ ਪਿੰਡ ਸਰਾਵਾਂ ਦੇ ਤਿੰਨ ਕਿਸਾਨਾਂ ਦੀਆਂ ਮੋਟਰਾਂ ਚੋਰੀ ਕਰਨ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਦੁਖੀ ਕਿਸਾਨਾਂ ਬੰਟੀ, ਕਾਲਾ, ਜੋਗਿੰਦਰ ਸਿੰਘ ਅਤੇ ਗੁਰਨਾਮ ਸਿੰਘ ਨੇ ਦੱਸਿਆ ਕਿ ਸਾਲ ਦੀਆਂ ਦੋ ਫਸਲਾਂ ਮਿਲਾ ਕੇ ਕਿੱਲੇ ਪਿੱਛੇ ਮਸਾਂ 50 ਹਜ਼ਾਰ ਰੁਪਏ ਦੀ ਕਮਾਈ ਹੁੰਦੀ ਹੈ। ਕਈ ਵਾਰ ਮੌਸਮ ਦੀ ਮਾਰ ਫਸਲਾਂ ਦੀ ਕਮਾਈ ਮਾਰ ਦਿੰਦੀ ਹੈ, ਉੱਪਰੋਂ 45 ਹਜ਼ਾਰ ਦੀ ਮੋਟਰ 5-6 ਮਹੀਨਿਆਂ ਬਾਅਦ ਹੀ ਚੋਰ ਚੋਰੀ ਕਰਕੇ ਲੈ ਜਾਂਦੇ ਹਨ। ਕਿਸਾਨਾਂ ਨੇ ਦੱਸਿਆ ਕਿ ਪਹਿਲਾਂ ਚੋਰ ਖੁੱਲ੍ਹੀਆਂ ਪਈਆਂ ਮੋਟਰਾਂ ਹੀ ਚੋਰੀ ਕਰਦੇ ਸਨ, ਪਰ ਹੁਣ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਮੋਟਰਾਂ ਵਾਲੇ ਕਮਰੇ ਨੂੰ ਲੱਗੇ ਤਾਲੇ ਤੋੜ ਕੇ ਜਾਂ ਕੰਧ ਪਾੜ ਕੇ ਅੰਦਰ ਦਾਖਲ ਹੋ ਜਾਂਦੇ ਹਨ ਅਤੇ ਮੋਟਰਾਂ ਖੋਲ੍ਹ ਕੇ ਲੈ ਜਾਂਦੇ ਹਨ।ਪਿਛਲੇ ਇਕ ਸਾਲ ’ਚ ਪਿੰਡ ਸਰਾਵਾਂ ’ਚ ਦਰਜਨਾਂ ਮੋਟਰਾਂ ਚੋਰੀ ਹੋਣ ਦੀਆਂ ਵਾਰਦਾਤਾਂ ਹੋ ਚੁੱਕੀਆਂ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਪੁਲਸ ਚੋਰਾਂ ਨੂੰ ਲੱਭਣਾ ਤਾਂ ਦੂਰ, ਰਿਪੋਰਟ ਤੱਕ ਲਿਖਣਾ ਜ਼ਰੂਰੀ ਨਹੀਂ ਸਮਝਦੀ।

## ਪੰਜਾਬ ਬੰਦ ਦੌਰਾਨ ਅੰਮ੍ਰਿਤਸਰ ਵਿਚ ਵੱਡਾ ਹਾਦਸਾ, ਪੰਜਾਬ ਪੁਲਸ ਦੇ ਸੀਨੀਅਰ ਮੁਲਾਜ਼ਮ ਦੀ ਮੌਤ

ਅੰਮ੍ਰਿਤਸਰ 22 ਅਗਸਤ। ਅੰਮ੍ਰਿਤਸਰ ਦੇ ਭੰਡਾਰੀ ਪੁਲ ’ਤੇ ਵੀਰਵਾਰ ਨੂੰ ਇਕ ਬੇਹੱਦ ਦਰਦਨਾਕ ਹਾਦਸਾ ਵਾਪਰ ਗਿਆ, ਜਿਸ ਵਿਚ ਪੰਜਾਬ ਪੁਲਸ ਦੇ ਸੀਨੀਅਰ ਕਾਂਸਟੇਬਲ ਰਣਬੀਰ ਸਿੰਘ ਦੀ ਮੌਤ ਹੋ ਗਈ। ਰਣਬੀਰ ਸਿੰਘ ਜੋ ਕਿ ਏਆਰਪੀ ਵਿਚ ਤਾਇਨਾਤ ਸੀ ਅਤੇ ਬਟਾਲਾ ਦਾ ਰਹਿਣ ਵਾਲਾ ਸੀ। ਰਣਬੀਰ ਡਿਊਟੀ ਖ਼ਤਮ ਕਰਕੇ ਆਪਣੇ ਘਰ ਵਾਪਸ ਜਾ ਰਿਹਾ ਸੀ। ਮੁੱਢਲੀ ਜਾਣਕਾਰੀ ਅਨੁਸਾਰ ਪੰਜਾਬ ਬੰਦ ਦੇ ਮੱਦੇਨਜ਼ਰ ਭੰਡਾਰੀ ਪੁਲ ’ਤੇ ਆਵਾਜਾਈ ਰੋਕਣ ਲਈ ਰੱਸਾ ਬੰਨ੍ਹ?ਆ ਗਿਆ ਸੀ। ਐਕਟਿਵਾ ’ਤੇ ਸਵਾਰ ਰਣਬੀਰ ਸਿੰਘ ਨੂੰ ਇਹ ਰੱਸਾ ਨਜ਼ਰ ਨਾ ਆ ਸਕਿਆ ਅਤੇ ਤੇਜ਼ੀ ਨਾਲ ਅੱਗੇ ਵਧਦੇ ਸਮੇਂ ਰੱਸਾ ਸਿੱਧਾ ਉਨ੍ਹਾਂ ਦੀ ਗਰਦਨ ਨਾਲ ਟਕਰਾ ਗਿਆ। ਟੱਕਰ ਇੰਨੀ ਭਿਆਨਕ ਸੀ ਕਿ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਸੜਕ ’ਤੇ ਡਿੱਗ ਪਏ। ਘਟਨਾ ਤੋਂ ਤੁਰੰਤ ਬਾਅਦ ਮੌਕੇ ’ਤੇ ਮੌਜੂਦ ਲੋਕਾਂ ਅਤੇ ਪੁਲਸ ਮੁਲਾਜ਼ਮਾਂ ਨੇ ਰਣਬੀਰ ਨੂੰ ਫੌਰੀ ਤੌਰ ’ਤੇ ਸਿਵਲ ਹਸਪਤਾਲ ਅੰਮ੍ਰਿਤਸਰ ਪਹੁੰਚਾਇਆ ਪਰ ਡਾਕਟਰਾਂ ਨੇ ਜਾਂਚ ਤੋਂ ਬਾਅਦ ਪੁਲਸ ਮੁਲਾਜ਼ਮ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੁਖਦਾਈ ਘਟਨਾ ਨਾਲ ਪੁਲਸ ਮਹਿਕਮੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਜਾਣਕਾਰੀ ਮੁਤਾਬਕ ਰਣਬੀਰ ਸਿੰਘ ਨੂੰ ਘਰ ਤੋਂ ਫੋਨ ਆਇਆ ਸੀ ਕਿ ਉਨ੍ਹਾਂ ਦੇ ਬੇਟੇ ਨੂੰ ਸੱਟਾਂ ਲੱਗੀਆਂ ਹਨ। ਇਸ ਖ਼ਬਰ ਤੋਂ ਬਾਅਦ ਉਹ ਚਿੰਤਤ ਹੋ ਕੇ ਜਲਦਬਾਜ਼ੀ ਵਿਚ ਘਰ ਲਈ ਨਿਕਲੇ ਸਨ। ਇਸੇ ਦੌਰਾਨ ਭੰਡਾਰੀ ਪੁਲ ’ਤੇ ਲੱਗੇ ਰੱਸੇ ਕਾਰਨ ਇਹ ਭਿਆਨਕ ਹਾਦਸਾ ਵਾਪਰ ਗਿਆ। ਘਟਨਾ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਪੁਲ ’ਤੇ ਰੱਸਾ ਲਗਾਉਣ ਸਮੇਂ ਸੁਰੱਖਿਆ ਦੇ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ ਜਾਂ ਨਹੀਂ ਅਤੇ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਖ਼?ਲਾਫ਼ ਕੀ ਕਾਰਵਾਈ ਬਣਦੀ ਹੈ। ਇਸ ਦਰਦਨਾਕ ਹਾਦਸੇ ਨੇ ਪੰਜਾਬ ਬੰਦ ਦੌਰਾਨ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI


ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
ਗੁਰਦੁਆਰਾ ਚੋਣ ਡਾਇਰੈਕਟੋਰੇਟ
ਦੂਜੀ ਮੰਜ਼ਿਲ, ਐਫ-ਬਲਾਕ, ਵਿਕਾਸ ਭਵਨ, ਆਈ.ਪੀ. ਐਸਟੇਟ,ਨਵੀਂ ਦਿੱਲੀ-110002
ਫ਼ੋਨ ਨੰਬਰ: 23370225
ਈਮੇਲ ID: dge.2011@gmail.com

ਫਾਰਮ 3
(ਨਿਯਮ 10 ਦੇਖੋ)
ਡਰਾਫ਼ਟ ਵੋਟਰ ਸੂਚੀਆਂ ਦੇ ਪ੍ਰਕਾਸ਼ਨ ਸਬੰਧੀ ਸੂਚਨਾ

ਸੇਵਾਵਿਖੇ,
ਵਾਰਡ ਨੰਬਰ 1 ਤੋਂ 46 ਦੇ ਵੋਟਰ

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਵੋਟਰਾਂ ਦੀ ਰਜਿਸਟ੍ਰੇਸ਼ਨ) ਨਿਯਮ, 1973 ਦੇ ਅਨੁਸਾਰ ਵੋਟਰ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਦੀ ਇੱਕ ਕਾਪੀ ਸੰਬੰਧਤ ਵਾਰਡਾਂ ਦੇ ERO/AERO ਦਫ਼ਤਰਾਂ ਵਿੱਚ ਦਫ਼ਤਰੀ ਸਮੇਂ ਦੌਰਾਨ 24.08.2026 ਤੋਂ ਨਿਰੀਖਣ ਲਈ ਉਪਲਬਧ ਹੈ।

ਜੇਕਰ ਵੋਟਰ ਸੂਚੀ ਵਿੱਚ ਕਿਸੇ ਨਾਮ ਨੂੰ ਸ਼ਾਮਲ ਕਰਨ ਸਬੰਧੀ ਕੋਈ ਦਾਅਵਾ ਹੋਵੇ ਜਾਂ ਕਿਸੇ ਨਾਮ ਨੂੰ ਸ਼ਾਮਲ ਕੀਤੇ ਜਾਣ ਸਬੰਧੀ ਕੋਈ ਇਤਰਾਜ਼ ਹੋਵੇ ਜਾਂ ਕਿਸੇ ਐਂਟਰੀ ਵਿੱਚ ਦਰਜ ਕਿਸੇ ਵੇਰਵੇ ਸਬੰਧੀ ਕੋਈ ਇਤਰਾਜ਼ ਹੋਵੇ, ਤਾਂ ਉਹ ਫਾਰਮ 4, 5 ਅਤੇ 6ਜੋ ਵੀ ਉਚਿਤ ਹੋਵੇ ਵਿੱਚ 14.09.2026 ਨੂੰ ਜਾਂ ਇਸ ਤੋਂ ਪਹਿਲਾਂ ਦਰਜ ਕਰਵਾਇਆ ਜਾਣਾ ਚਾਹੀਦਾ ਹੈ।

ਹਰ ਅਜਿਹਾ ਦਾਅਵਾ ਅਤੇ ਇਤਰਾਜ਼ ਜਾਂ ਤਾਂ ਸਾਡੇ ERO/AERO ਦਫ਼ਤਰਾਂ ਵਿੱਚ ਪੇਸ਼ ਕੀਤਾ ਜਾਵੇ ਜਾਂ ਸਬੰਧਤ ਵਾਰਡਾਂ ਦੇ ERO/AERO ਦਫ਼ਤਰਾਂ ਦੇ ਪਤੇ 'ਤੇ ਡਾਕ ਰਾਹੀਂ ਭੇਜਿਆ ਜਾਵੇ, ਤਾਂ ਜੋ ਇਹ ਉਪਰੋਕਤ ਮਿਤੀ ਅਰਥਾਤ 14.09.2026 ਤੱਕ ਸਾਡੇ ਕੋਲ ਪਹੁੰਚ ਜਾਵੇ।

ਵੋਟਰ ਰਜਿਸਟ੍ਰੇਸ਼ਨ ਅਧਿਕਾਰੀ
ਵਾਰਡ 1 ਤੋਂ 46
ਗੁਰਦੁਆਰਾ ਚੋਣ ਡਾਇਰੈਕਟੋਰੇਟ

DIP/Shabdarth/Classified/0188/26-27

ਕੌਮੀ ਪੱਤ੍ਰਿਕਾ

# ਜੋ ਪਿਛਲੀਆਂ ਸਰਕਾਰਾਂ ਦਹਾਕਿਆਂ ਤੋਂ ਕਰਨ ਵਿੱਚ ਅਸਫਲ ਰਹੀਆਂ, ਭਗਵੰਤ ਮਾਨ ਸਰਕਾਰ ਨੇ ਸਿਰਫ਼ 4.5 ਸਾਲਾਂ ਵਿੱਚ ਪ੍ਰਾਪਤ ਕਰ ਲਿਆ ਹੈ: ਹਰਜੋਤ ਸਿੰਘ ਬੈਂਸ

**➢ ਸਰਕਾਰ ਨੇ ਸਕੂਲੀ ਬੁਨਿਆਦੀ ਢਾਂਚੇ ਵਿੱਚ 2,300 ਕਰੋੜ ਦਾ ਨਿਵੇਸ਼ ਕੀਤਾ, 9,000 ਨਵੇਂ ਕਲਾਸਰੂਮ ਅਤੇ ਲੈਬ ਬਣਾਏ, 13,920 ਨਵੇਂ ਪਖਾਨੇ ਬਣਾਏ ➢ ਪੰਜਾਬ ਦੀ ਸਿੱਖਿਆ ਕ੍ਰਾਂਤੀ ਨੇ 10,000+ ਇੰਟਰਐਕਟਿਵ ਪੈਨਲਾਂ, 5,012 ਐਡਵਾਂਸਡ ਕੰਪਿਊਟਰ ਲੈਬਾਂ ਅਤੇ ਵਾਈ-ਫਾਈ ਨਾਲ ਸਰਕਾਰੀ ਸਕੂਲਾਂ ਨੂੰ ਬਦਲ ਦਿੱਤਾ ਹੈ: ਹਰਜੋਤ ਸਿੰਘ ਬੈਂਸ**

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲ ਸਿੱਖਿਆ ਦੀ ਸਾਢੇ ਚਾਰ ਸਾਲਾਂ ਦੀ ਸਥਿਤੀ ਰਿਪੋਰਟ ਪੇਸ਼ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ 2,300 ਕਰੋੜ ਰੁਪਏ ਦੇ ਸੁਧਾਰ ਪ੍ਰੋਗਰਾਮ ਰਾਹੀਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਬਦਲ ਦਿੱਤਾ ਹੈ, ਜਿਸ ਨਾਲ ਪੰਜਾਬ ਕੇਰਲਾ ਨੂੰ ਪਛਾੜ ਕੇ ਨੀਤੀ (ਨੈਸ਼ਨਲ ਇੰਸਟੀਚਿਊਸ਼ਨ ਫਾਰ ਟ੍ਰਾਂਸਫਾਰਮਿੰਗ ਇੰਡੀਆ) ਆਯੋਗ ਰਿਪੋਰਟ 2026–27 ਵਿੱਚ ਸਕੂਲ ਸਿੱਖਿਆ ਵਿੱਚ ਪਹਿਲੇ ਸਥਾਨ 'ਤੇ ਆ ਗਿਆ ਹੈ।

ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਵਿੱਚ ਸਟੇਟਸ ਰਿਪੋਰਟ ਪੇਸ਼ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 2022 ਤੋਂ ਲੈ ਕੇ ਹੁਣ ਤੱਕ 3.64 ਲੱਖ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਤਬਦੀਲ ਹੋਏ ਹਨ, ਜੋ ਕਿ ਸਰਕਾਰੀ ਸਕੂਲਾਂ ਵਿੱਚ ਵਧ ਰਹੇ ਜਨਤਾ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਇਸ ਤਬਦੀਲੀ ਦਾ ਕਾਰਨ ਮਾਰਚ 2022 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਸਰਕਾਰੀ ਸਕੂਲਾਂ ਨੂੰ ਮਜ਼ਬੂਤ ਕਰਨ 'ਤੇ ਸੂਬਾ ਸਰਕਾਰ ਦੇ ਨਿਰੰਤਰ ਧਿਆਨ ਨੂੰ ਦੱਸਿਆ।

'ਆਪ' ਦੇ ਚੋਣ ਵਾਅਦੇ ਨੂੰ ਯਾਦ ਕਰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਰ ਪਿੰਡ ਅਤੇ ਸ਼ਹਿਰ ਵਿੱਚ ਗਏ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਠੀਕ ਕਰਨ ਲਈ ਇੱਕ ਮੌਕਾ ਮੰਗਿਆ। ਪੰਜਾਬ ਦੇ ਲੋਕਾਂ ਨੇ ਇਸੇ ਕਹਾਣੀ 'ਤੇ 'ਆਪ' ਨੂੰ 92 ਸੀਟਾਂ ਦੇ ਕੇ ਆਪਣੀ ਪ੍ਰਗਤੀਸ਼ੀਲ ਮਾਨਸਿਕਤਾ ਦਿਖਾਈ। ਅਸੀਂ ਉਸ ਭਰੋਸੇ ਦਾ ਸਨਮਾਨ ਕੀਤਾ।

ਸਿੱਖਿਆ ਮੰਤਰੀ ਨੇ ਕਿਹਾ, ਸਾਨੂੰ 2022 ਵਿੱਚ ਵਿਰਾਸਤ ਵਿੱਚ ਮਿਲੀ ਸਿੱਖਿਆ ਪ੍ਰਣਾਲੀ ਖਸਤਾ ਹਾਲਤ ਵਿੱਚ ਸੀ। ਜ਼ਿਆਦਾਤਰ ਸਕੂਲਾਂ ਵਿੱਚ ਕੋਈ ਚਾਰਦੀਵਾਰੀ ਨਹੀਂ ਸੀ। 5,000 ਤੋਂ ਵੱਧ ਸਕੂਲਾਂ ਵਿੱਚ ਕੋਈ ਕੰਮ ਕਰਨ ਵਾਲੇ ਪਖਾਨੇ ਨਹੀਂ ਸਨ। 4 ਲੱਖ ਬੱਚੇ ਫਰਸ਼ 'ਤੇ ਬੈਠਣ ਲਈ ਮਜਬੂਰ ਸਨ। 500 ਸਕੂਲਾਂ ਵਿੱਚ ਪੀਣ ਵਾਲਾ ਪਾਣੀ ਨਹੀਂ ਸੀ। ਅਤੇ ਪਾਠ–ਪੁਸਤਕਾਂ 5 ਮਹੀਨੇ ਦੇਰੀ ਨਾਲ ਪਹੁੰਚੀਆਂ। ਇਹ ਸੀ ਪੰਜਾਬ ਦੀ ਸਿੱਖਿਆ ਦੀ ਹਕੀਕਤ।

ਬੁਨਿਆਦੀ ਢਾਂਚੇ ਦੇ ਬਦਲਾਅ ਦੇ ਪੈਮਾਨੇ 'ਤੇ ਚਾਨਣਾ ਪਾਉਂਦੇ ਹੋਏ, ਉਨ੍ਹਾਂ ਕਿਹਾ, ਭਗਵੰਤ ਮਾਨ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਸਕੂਲ ਬੁਨਿਆਦੀ ਢਾਂਚੇ ਵਿੱਚ 2,300 ਕਰੋੜ ਦਾ ਨਿਵੇਸ਼ ਕੀਤਾ ਹੈ, ਜੋ ਕਿ ਪ੍ਰਤੀ ਸਕੂਲ ਔਸਤਨ 15 ਲੱਖ ਹੈ। ਨਤੀਜੇ ਵਜੋਂ, 13,920 ਨਵੇਂ ਪਖਾਨੇ ਬਣਾਏ ਗਏ ਹਨ ਅਤੇ ਰਾਜ ਦੇ ਹਰ ਸਕੂਲ ਵਿੱਚ ਹੁਣ ਕਾਰਜਸ਼ੀਲ ਪਖਾਨੇ ਹਨ। 2 ਲੱਖ ਡੈਸਕ ਵੰਡੇ ਗਏ ਹਨ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਅੱਜ ਕੋਈ ਵੀ ਬੱਚਾ ਫਰਸ਼ 'ਤੇ ਨਾ ਬੈਠੇ।

9,000 ਤੋਂ ਵੱਧ ਨਵੇਂ ਕਲਾਸਰੂਮ ਅਤੇ ਲੈਬ ਬਣਾਏ ਗਏ ਹਨ, ਜਦੋਂ ਕਿ ਕਲਾਸਰੂਮਾਂ ਵਿੱਚ 10,000 ਤੋਂ ਵੱਧ ਇੰਟਰਐਕਟਿਵ ਪੈਨਲ ਲਗਾਏ ਗਏ ਹਨ। ਇਸ ਤੋਂ ਇਲਾਵਾ, 5,012 ਸਕੂਲਾਂ ਨੂੰ ਉੱਨਤ ਕੰਪਿਊਟਰ ਲੈਬਾਂ ਨਾਲ ਅਪਗ੍ਰੇਡ ਕੀਤਾ ਗਿਆ ਹੈ। ਪੰਜਾਬ ਦੇ ਸਾਰੇ ਸਰਕਾਰੀ ਸਕੂਲ ਹੁਣ ਵਾਈ–



ਫਾਈ ਨਾਲ ਲੈਸ ਹੋ ਗਏ ਹਨ ਅਤੇ 99.9% ਸਕੂਲਾਂ ਦੀਆਂ ਚਾਰਦੀਵਾਰੀਆਂ ਹਨ, ਉਨ੍ਹਾਂ ਅੱਗੇ ਕਿਹਾ।

ਬੁਨਿਆਦੀ ਢਾਂਚੇ ਦੇ ਵਿਕਾਸ ਦੀ ਗਤੀ ਵੱਲ ਇਸ਼ਾਰਾ ਕਰਦੇ ਹੋਏ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਇਸ ਬਾਰੇ ਸੋਚੋ, ਸਾਡੀ ਸਰਕਾਰ ਦੁਆਰਾ 9,000 ਨਵੇਂ ਕਲਾਸਰੂਮ ਬਣਾਏ ਗਏ ਹਨ। ਦਿਨਾਂ ਦੀ ਗਣਨਾ ਕਰੋ ਅਤੇ ਵੰਡ ਕਰੋ। ਦੇਖੋ ਕਿ ਹਰ ਦਿਨ ਕਿੰਨੇ ਬਣਾਏ ਗਏ ਸਨ।

ਸਰਕਾਰੀ ਸਕੂਲਾਂ ਵਿੱਚ ਸਹੂਲਤਾਂ ਦੇ ਵਿਸਥਾਰ 'ਤੇ ਚਾਨਣਾ ਪਾਉਂਦਿਆਂ, ਮੰਤਰੀ ਨੇ ਕਿਹਾ, ਸਰਕਾਰੀ ਸਕੂਲ ਹੁਣ ਨਿੱਜੀ ਸੰਸਥਾਵਾਂ ਲਈ ਰਾਖਵੀਆਂ ਖੇਡ ਸਹੂਲਤਾਂ ਦਾ ਮਾਣ ਕਰਦੇ ਹਨ, ਜਿਨ੍ਹਾਂ ਵਿੱਚ ਸਵੀਮਿੰਗ ਪੂਲ, ਸ਼ੂਟਿੰਗ ਰੇਂਜ, ਬਾਸਕਟਬਾਲ ਅਤੇ ਟੈਨਿਸ ਕੋਰਟ, ਕਬੱਡੀ ਮੈਟ, ਕੁਸ਼ਤੀ ਅਤੇ ਮੁੱਕੇਬਾਜ਼ੀ ਰਿੰਗ ਸ਼ਾਮਲ ਹਨ।

ਉਨ੍ਹਾਂ ਕਿਹਾ, ਭਗਵੰਤ ਮਾਨ ਸਰਕਾਰ ਨੇ ਅਧਿਆਪਕਾਂ ਨੂੰ ਬੇਮਿਸਾਲ ਐਕਸਪੋਜ਼ਰ ਦਿੱਤਾ। ਕਈ ਬੈਚਾਂ ਵਿੱਚ, ਪ੍ਰਿੰਸੀਪਲਾਂ ਨੂੰ ਸਿੰਗਾਪੁਰ, ਪ੍ਰਾਇਮਰੀ ਅਧਿਆਪਕਾਂ ਨੂੰ ਫਿਨਲੈਂਡ ਅਤੇ ਹੈੱਡਮਾਸਟਰਾਂ ਨੂੰ IIM ਅਹਿਮਦਾਬਾਦ ਸਿਖਲਾਈ ਲਈ ਭੇਜਿਆ ਗਿਆ।

ਸਕੂਲਾਂ ਵਿੱਚ ਸੁਰੱਖਿਆ ਅਤੇ ਰੱਖ–ਰਖਾਅ ਬਾਰੇ ਬੋਲਦਿਆਂ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਾਬਕਾ ਫੌਜੀਆਂ ਨੂੰ ਕੈਂਪਸ ਮੈਨੇਜਰ ਵਜੋਂ ਤਾਇਨਾਤ ਕੀਤਾ ਗਿਆ ਹੈ। ਇਸ ਤੋਂ ਇਲਾਵਾ, 500 ਤੋਂ ਵੱਧ ਵਿਦਿਆਰਥੀਆਂ ਵਾਲੇ ਹਰੇਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਦੋ ਸੁਰੱਖਿਆ ਗਾਰਡ ਤਾਇਨਾਤ ਕੀਤੇ ਗਏ ਹਨ। ਹੁਣ ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ 'ਤੇ ਸਕੂਲਾਂ ਨੂੰ 3,000 ਤੋਂ 50,000 ਤੱਕ ਦੇ ਮਾਸਿਕ ਸਫਾਈ ਫੰਡ ਪ੍ਰਦਾਨ ਕੀਤੇ ਜਾ ਰਹੇ ਹਨ।

ਸਿੱਖਿਆ ਮੰਤਰੀ ਨੇ ਅਕਾਦਮਿਕ ਨਤੀਜਿਆਂ ਵਿੱਚ ਸੁਧਾਰ ਨੂੰ ਉਜਾਗਰ ਕਰਦੇ ਹੋਏ ਕਿਹਾ, ਪਿਛਲੇ ਚਾਰ ਸਾਲਾਂ ਵਿੱਚ 786 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ JEE ਪਾਸ ਕੀਤਾ ਅਤੇ 2,166 ਨੇ NEET ਪਾਸ ਕੀਤਾ। ਸਰਕਾਰੀ ਸਕੂਲਾਂ ਦੇ NEET-UG ਕੁਆਲੀਫਾਇਰ 2021 ਵਿੱਚ ਸਿਰਫ਼ 80 ਤੋਂ ਵੱਧ ਕੇ 2026 ਵਿੱਚ 882 ਹੋ ਗਏ, ਜੋ ਕਿ 10 ਗੁਣਾ ਤੋਂ ਵੱਧ ਵਾਧਾ ਹੈ। ਸਾਲ–ਵਾਰ ਵਾਧਾ 2024 ਵਿੱਚ 437 ਕੁਆਲੀਫਾਇਰ, 2025 ਵਿੱਚ 847 ਅਤੇ ਇਸ ਸਾਲ 882 ਦਰਸਾਉਂਦਾ ਹੈ। 361 ਵਿਦਿਆਰਥੀਆਂ ਨੇ JEE ਮੇਨਜ਼ ਲਈ ਕੁਆਲੀਫਾਈ ਕੀਤਾ, ਜਿਨ੍ਹਾਂ ਵਿੱਚੋਂ 64 ਨੇ JEE ਐਡਵਾਂਸਡ ਪਾਸ ਕੀਤਾ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ 2022 ਤੋਂ ਲੈ ਕੇ ਹੁਣ ਤੱਕ 3.64 ਲੱਖ ਵਿਦਿਆਰਥੀ ਪ੍ਰਾਈਵੇਟ ਤੋਂ ਸਰਕਾਰੀ ਸਕੂਲਾਂ ਵਿੱਚ ਚਲੇ ਗਏ ਹਨ। ਇਹ ਸਰਕਾਰੀ ਸਕੂਲਾਂ ਵਿੱਚ ਵਧ ਰਹੇ ਜਨਤਾ ਦੇ ਵਿਸ਼ਵਾਸ ਨੂੰ ਸਾਬਤ ਕਰਦਾ ਹੈ, ਉਨ੍ਹਾਂ ਦੱਸਿਆ।

ਸਿੱਖਣ ਦੇ ਨਤੀਜਿਆਂ ਵਿੱਚ ਪੰਜਾਬ ਦੇ ਪ੍ਰਦਰਸ਼ਨ ਨੂੰ ਉਜਾਗਰ ਕਰਦੇ ਹੋਏ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਪੰਜਾਬ ਨੇ ਨੀਤੀ ਆਯੋਗ ਰਿਪੋਰਟ 2026–27 ਵਿੱਚ ਕਲਾਸਰੂਮ ਸਿੱਖਣ ਦੇ ਨਤੀਜਿਆਂ ਵਿੱਚ ਸਿਖਰ 'ਤੇ ਰਿਹਾ, ਕੇਰਲਾ ਨੂੰ ਪਿੱਛੇ ਛੱਡ ਦਿੱਤਾ, ਜਿਸਨੂੰ ਪਹਿਲਾਂ ਸਕੂਲ ਸਿੱਖਿਆ ਵਿੱਚ ਸੁਨਹਿਰੀ ਮਿਆਰ ਮੰਨਿਆ ਜਾਂਦਾ ਸੀ।

ਸਿੱਖਿਆ ਵਿੱਚ ਨਵੀਨਤਾ ਬਾਰੇ ਬੋਲਦਿਆਂ, ਸਿੱਖਿਆ ਮੰਤਰੀ ਨੇ ਕਿਹਾ, ਪੰਜਾਬ ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਮੁੱਖ ਵਿਸ਼ੇ ਵਜੋਂ ਪੇਸ਼ ਕਰਨ ਵਾਲਾ ਪਹਿਲਾ ਸੂਬਾ ਬਣਿਆ। ਬਿਜ਼ਨਸ ਬਲਾਸਟਰ ਪ੍ਰੋਗਰਾਮ ਨੇ 2.30 ਲੱਖ ਵਿਦਿਆਰਥੀਆਂ ਨੂੰ ਅਸਲ ਵਪਾਰਕ ਤਜਰਬਾ ਦਿੱਤਾ। ਸਰਕਾਰ ਨੇ 29 ਕਰੋੜ ਦੀ ਸੀਡ ਮਨੀ ਪ੍ਰਦਾਨ ਕੀਤੀ ਅਤੇ ਵਿਦਿਆਰਥੀਆਂ ਨੇ 3 ਕਰੋੜ ਦਾ ਮੁਨਾਫ਼ਾ ਕਮਾਇਆ।

ਉਨ੍ਹਾਂ ਅੱਗੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ 10ਵੀਂ ਜਮਾਤ ਤੋਂ ਬਾਅਦ ਪੜ੍ਹਾਈ ਛੱਡਣ ਵਾਲੇ ਵਿਦਿਆਰਥੀਆਂ ਲਈ 40 ਸਮਰਪਿਤ ਹੁਨਰ ਸਿੱਖਿਆ ਸਕੂਲ ਵੀ ਖੋਲ੍ਹੇ ਹਨ, ਜਿਸਦਾ ਉਦੇਸ਼ ਉਨ੍ਹਾਂ ਨੂੰ ਸਿੱਖਿਆ ਪ੍ਰਣਾਲੀ ਵਿੱਚ ਵਾਪਸ ਲਿਆਉਣਾ ਹੈ।

ਪਰਿਵਾਰਾਂ 'ਤੇ ਵਿੱਤੀ ਬੋਝ ਘਟਾਉਣ ਦੇ ਉਪਾਵਾਂ ਨੂੰ ਉਜਾਗਰ ਕਰਦੇ ਹੋਏ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਦੇਸ਼ ਵਿੱਚ ਸਿੱਖਿਆ ਦੀ ਲਾਗਤ ਇੱਕ ਗੰਭੀਰ ਮੁੱਦਾ ਬਣੀ ਹੋਈ ਹੈ। ਪੰਜਾਬ ਵਿੱਚ, ਅਸੀਂ ਮਾਪਿਆਂ ਨੂੰ ਰਾਹਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਨੇ ਸਾਲਾਨਾ ਸਕੂਲ ਫੀਸ ਵਾਧੇ ਨੂੰ ਵੱਧ ਤੋਂ ਵੱਧ 5 ਪ੍ਰਤੀਸ਼ਤ ਤੱਕ ਸੀਮਤ ਕੀਤਾ ਹੈ।

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਪਹੁੰਚਯੋਗਤਾ ਬਾਰੇ ਬੋਲਦਿਆਂ, ਸਿੱਖਿਆ ਮੰਤਰੀ ਨੇ ਕਿਹਾ, ਪੰਜਾਬ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੁਫ਼ਤ ਬੱਸ ਸੇਵਾਵਾਂ ਸ਼ੁਰੂ ਕੀਤੀਆਂ, ਜਿਸ ਨਾਲ ਸੈਂਕੜੇ ਸਕੂਲਾਂ ਵਿੱਚ ਰੋਜ਼ਾਨਾ 15,000 ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਪਹੁੰਚਿਆ।

ਉਨ੍ਹਾਂ ਇਹ ਵੀ ਕਿਹਾ, 2023 ਅਤੇ 2025 ਵਿੱਚ ਦੋ ਵਿਨਾਸ਼ਕਾਰੀ ਹੜ੍ਹਾਂ ਦੇ ਬਾਵਜੂਦ, ਜਿਨ੍ਹਾਂ ਨੇ ਅੰਮ੍ਰਿਤਸਰ, ਗੁਰਦਾਸਪੁਰ, ਰੋਪੜ, ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ 7,000 ਤੋਂ ਵੱਧ ਸਕੂਲਾਂ ਨੂੰ ਨੁਕਸਾਨ ਪਹੁੰਚਾਇਆ ਸੀ, ਸਰਕਾਰ ਸਿੱਖਿਆ ਪ੍ਰਤੀ ਵਚਨਬੱਧ ਰਹੀ। ਵਿਸ਼ਵ ਬੈਂਕ ਨਾਲ ਕੰਮ ਕਰਕੇ, 500 ਗੰਭੀਰ ਰੂਪ ਵਿੱਚ ਨੁਕਸਾਨੇ ਗਏ ਸਕੂਲਾਂ ਨੂੰ ਬਹਾਲ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੇ ਛੇ ਮਹੀਨਿਆਂ ਦੇ ਅੰਦਰ ਪੂਰਾ ਹੋਣ ਦੀ ਉਮੀਦ ਹੈ।

ਪੰਜਾਬ ਦੀ ਸਕੂਲ ਸਿੱਖਿਆ ਪ੍ਰਣਾਲੀ ਨੂੰ ਹੋਰ ਅੱਗੇ ਲਿਜਾਣ ਦੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੰਦੇ ਹੋਏ, ਹਰਜੋਤ ਸਿੰਘ ਬੈਂਸ ਨੇ ਕਿਹਾ, ਮੈਂ ਨਿੱਜੀ ਤੌਰ 'ਤੇ 2,000 ਤੋਂ ਵੱਧ ਸਕੂਲਾਂ ਦਾ ਦੌਰਾ ਕੀਤਾ ਹੈ। ਕੋਈ ਵੀ ਜ਼ਿਲ੍ਹਾ ਨਹੀਂ ਬਚਿਆ ਹੈ।

ਸਿੱਖਿਆ ਮੇਰਾ ਜਨੂੰਨ ਹੈ, ਇਹ ਮੇਰਾ ਜਨੂੰਨ ਹੈ। ਪੰਜਾਬ ਵਿੱਚ 20,000 ਸਕੂਲ ਹਨ ਅਤੇ ਮੈਂ ਇੱਕ ਮਿਸ਼ਨ 'ਤੇ ਹਾਂ। 2 ਸਾਲਾਂ ਵਿੱਚ, ਪੰਜਾਬ ਪਹਿਲਾ ਸੂਬਾ ਹੋਵੇਗਾ ਜੋ ਕਹੇਗਾ: ਇੱਕ ਵੀ ਸਕੂਲ ਵਿੱਚ ਕਿਸੇ ਚੀਜ਼ ਦੀ ਕਮੀ ਨਹੀਂ ਹੈ। ਸਾਡੇ ਲਈ ਸਿੱਖਿਆ ਸਭ ਤੋਂ ਵੱਡੀ ਤਰਜੀਹ ਹੈ।

## ਗੁਰੂ ਨਾਨਕ ਮਾਡਲ ਸਕੂਲ ਜੌਣੇਵਾਲ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ ਅਜ਼ਾਦੀ ਦਾ ਦਿਹਾੜਾ



**ਮਾਛੀਵਾੜਾ ਸਾਹਿਬ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਮਾਡਲ ਸਕੂਲ ਜੌਣੇਵਾਲ ਵਿਖੇ ਦੇਸ਼ ਆਜ਼ਾਦੀ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਦੇਸ਼–ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਖ਼ਾਸ ਮੌਕੇ 'ਤੇ ਸਕੂਲ ਕੈਂਪਸ ਨੂੰ ਤਿਰੰਗੇ ਝੰਡਿਆਂ ਅਤੇ ਰੰਗ–ਬਿਰੰਗੇ ਗੁਬਾਰਿਆਂ ਨਾਲ ਬਹੁਤ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਗੁਰਮੀਤ ਸਿੰਘ ਢਿੱਲੋਂ, ਐਮ.ਡੀ ਮੈਡਮ ਸੁਰਿੰਦਰ ਕੌਰ, ਪ੍ਰਿੰਸੀਪਲ ਪ੍ਰਦੀਪ ਕੌਰ ਢਿੱਲੋਂ ,ਮੈਨੇਜਮੈਂਟ ਕਮੇਟੀ ਅਤੇ ਮੈਡਮ ਸਰਬਜੀਤ ਕੌਰ ਵੱਲੋਂ ਸਾਂਝੇ ਰੂਪ ਵਿੱਚ ਕਰਵਾਈ ਗਈ।ਸਕੂਲ ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ। ਜਿਸ ਤੋਂ ਬਾਅਦ ਸਾਰਿਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ। ਪ੍ਰਿੰਸੀਪਲ ਪ੍ਰਦੀਪ ਕੌਰ ਢਿੱਲੋਂ ਨੇ ਬੱਚਿਆਂ ਨੂੰ ਸੁਤੰਤਰਤਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਇਤਿਹਾਸ ਤੋਂ ਜਾਣੂ ਕਰਵਾਇਆ ।

ਇਸ ਦੇਸ਼–ਭਗਤੀ ਦੇ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵੱਧ–ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਵੱਲੋਂ ਦੇਸ਼–ਭਗਤੀ ਦੇ ਗੀਤ, ਕਵਿਤਾਵਾਂ, ਭਾਸ਼ਣ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਐਲ.ਕੇ.ਜੀ. ਜਮਾਤ ਦੀ ਵਿਦਿਆਰਥਣ ਏਕਮ ਨੂਰ ਕੌਰ ਨੇ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਕੋਰੀਓਗ੍ਰਾਫੀ ਦੇ ਵਿੱਚ ਮੈਡਮ ਰਜਿੰਦਰ ਕੌਰ ਮੈਡਮ ਕਿਰਨ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਸਾਰੀਆਂ ਆਈਟਮਾਂ ਕਾਬਲੇ ਤਾਰੀਫ ਸਨ॥ਸਕੂਲ ਐਮ.ਡੀ.ਮੈਡਮ ਸੁਰਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਆਜ਼ਾਦੀ ਦੇ ਮਹੱਤਵ ਬਾਰੇ ਦੱਸਿਆ। ਉਨ੍ਹਾਂ ਨੇ ਬੱਚਿਆਂ ਨੂੰ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ, ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਸਟਾਫ ਮੈਂਬਰ ਵੀ ਮੌਜੂਦ ਸਨ।

## ਕਾਲਜ ਵਿਖੇ ਤਿਰੰਗਾ ਜਾਗਰੂਕਤਾ ਅਤੇ ਸਹੁੰ ਸਮਾਗਮ ਕਰਵਾਇਆ



**ਮਾਛੀਵਾੜਾ ਸਾਹਿਬ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ(ਲੁਧਿ.) ਵਿਖੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੀ ਰਹਿਨੁਮਾਈ ਹੇਠ ਐਨ. ਐਸ.ਐਸ ਯੂਨਿਟ ਵੱਲੋਂ 80 ਵੇਂ ਆਜ਼ਾਦੀ ਦਿਵਸ ਨੂੰ ਸਮਰਪਿਤ ਤਿਰੰਗਾ ਜਾਗਰੂਕਤਾ ਅਤੇ ਸਹੁੰ ਸਮਾਗਮ ਕਰਵਾਇਆ ਗਿਆ। ਜਿਸ ਦਾ ਉਦੇਸ਼ ਵਿਦਿਆਰਥਣਾਂ ਵਿੱਚ ਰਾਸ਼ਟਰੀ ਝੰਡੇ ਪ੍ਰਤੀ ਸਤਿਕਾਰ, ਦੇਸ਼, ਪ੍ਰੇਮ, ਏਕਤਾ ਅਤੇ ਜ਼ਿੰਮੇਵਾਰ ਨਾਗਰਿਕਤਾ ਦੀ ਭਾਵਨਾ ਪੈਦਾ ਕਰਨਾ ਸੀ। ਸਮਾਗਮ ਦੌਰਾਨ ਵਿਦਿਆਰਥਣਾਂ ਨੂੰ ਭਾਰਤੀ ਤਿਰੰਗੇ ਦੀ ਮਹੱਤਤਾ ਅਤੇ ਇਸ ਵਿੱਚ ਮੌਜੂਦ ਤਿੰਨ ਰੰਗਾਂ ਅਤੇ ਅਸ਼ੋਕ ਚੱਕਰ ਦੇ ਅਰਥਾਂ ਬਾਰੇ ਜਾਣਕਾਰੀ ਦਿੱਤੀ। ਕੇਸਰੀ ਰੰਗ ਹਿੰਮਤ ਅਤੇ ਬਲੀਦਾਨ, ਚਿੱਟਾ ਰੰਗ ਸ਼ਾਂਤੀ ਅਤੇ ਸੱਚਾਈ ਜਦਕਿ ਹਰਾ ਰੰਗ ਵਿਕਾਸ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਅਸ਼ੋਕ ਚੱਕਰ ਸਾਨੂੰ ਧਰਮ, ਕਰਤੱਵ ਅਤੇ ਨਿਰੰਤਰ ਅੱਗੇ ਵਧਣ ਦਾ ਸੰਦੇਸ਼ ਦਿੰਦਾ ਹੈ।ਇਸ ਮੌਕੇ ਡਾ.ਸੁਨੀਤਾ ਕੌਸ਼ਲ ਅਤੇ ਐਨ.ਐਸ.ਐਸ ਪ੍ਰੋਗਰਾਮ ਅਫਸਰ – ਡਾ.ਮਨਦੀਪ ਕੌਰ ਅਤੇ ਅਸਿ.ਪ੍ਰੋ. ਸੁਖਨਪ੍ਰੀਤ ਕੌਰ ਦੇ ਸਹਿਯੋਗ ਨਾਲ ਸਮੂਹ ਵਿਦਿਆਰਥਣਾਂ ਅਤੇ ਐਨ.ਐਸ.ਐਸ ਵਲੰਟੀਅਰਾਂ ਵੱਲੋਂ ਤਿਰੰਗੇ ਦੇ ਸਨਮਾਨ, ਦੇਸ਼ ਦੀ ਏਕਤਾ ਤੇ ਅਖੰਡਤਾ ਅਤੇ ਸੰਵਿਧਾਨਕ ਮੁੱਲਾਂ ਦੀ ਪਾਲਣਾ ਕਰਨ ਦੀ ਸਹੁੰ ਚੁੱਕੀ ਗਈ।

ਵਿਦਿਆਰਥਣਾਂ ਨੇ ਦੇਸ਼ ਦੀ ਤਰੱਕੀ, ਸਫਾਈ, ਸ਼ਾਂਤੀ ਅਤੇ ਜ਼ਿੰਮੇਵਾਰ ਨਾਗਰਿਕਤਾ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਲਿਆ। ਇਸ ਸਮਾਗਮ ਦੀ ਪ੍ਰਸ਼ੰਸਾ ਕਰਦੇ ਹੋਏ ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਵਿਦਿਆਰਥਣਾਂ ਵਿੱਚ 'ਤਿਰੰਗਾ ਸਾਡੀ ਸ਼ਾਨ, ਭਾਰਤ ਸਾਡੀ ਜਾਨ' ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਇਹੋ ਜਿਹੇ ਪ੍ਰੋਗਰਾਮ ਬਹੁਤ ਸਹਾਈ ਹੁੰਦੇ ਹਨ।

ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਦੇਸ਼ ਭਗਤੀ ਦਾ ਗੀਤ ਗਾ ਕੇ ਦੇਸ਼ ਪ੍ਰਤੀ ਏਕਤਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ।

# ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੱਲੋਂ ਪਾਕਿਸਤਾਨੀ ਰਾਜਦੂਤ ਨਾਲ ਮੁਲਾਕਾਤ, 7500 ਸ਼ਰਧਾਲੂਆਂ ਲਈ ਵੀਜ਼ੇ ਦੀ ਮੰਗ



**ਨਵੀਂ ਦਿੱਲੀ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੰਬਰ ਵਿੱਚ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਮਾਗਮਾਂ ਲਈ ਪਾਕਿਸਤਾਨ ਦੀ ਸਾਲਾਨਾ ਯਾਤਰਾ ਲਈ 7,500 ਤੋਂ ਵੱਧ ਸਿੱਖ ਸ਼ਰਧਾਲੂਆਂ ਵੱਲੋਂ ਆਪਣੇ ਪਾਸਪੋਰਟ ਜਮ੍ਹਾਂ ਕਰਵਾਉਣ ਦੇ ਨਾਲ, ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਹਾਈ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਕੋਟੇ ਤੋਂ ਵੱਧ ਕੇ ਵੱਧ ਤੋਂ ਵੱਧ ਸੰਭਵ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਉੱਚ–ਪੱਧਰੀ ਵਫ਼ਦ ਨੇ ਨਵੀਂ ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਦੇ ਚਾਰਜ ਡੀ ਅਫੇਅਰਜ਼ ਅਹਿਮਦ ਵੜੈਚ ਨਾਲ ਮੁਲਾਕਾਤ ਕੀਤੀ ਅਤੇ ਸਾਰੇ ਯੋਗ ਸ਼ਰਧਾਲੂਆਂ ਲਈ ਵੀਜ਼ੇ ਦੀ ਮੰਗ ਕਰਦਿਆਂ ਇੱਕ ਲਿਖਤੀ ਮੰਗ ਪੱਤਰ ਸੌਂਪਿਆ।

ਹਾਈ ਕਮਿਸ਼ਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਲਈ ਪਾਕਿਸਤਾਨ ਜਾਣ ਦੇ ਇੱਛੁਕ ਸ਼ਰਧਾਲੂਆਂ ਦੇ 7,500 ਤੋਂ ਵੱਧ ਪਾਸਪੋਰਟ ਪ੍ਰਾਪਤ ਹੋਏ ਹਨ। ਧਾਮੀ ਨੇ ਕਿਹਾ, ਹਰੇਕ ਸਿੱਖ ਦੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਇੱਛਾ ਹੁੰਦੀ ਹੈ, ਅਤੇ ਤੀਰਥ ਯਾਤਰਾ ਨਾਲ ਜੁੜੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਕਿਸਤਾਨ ਹਾਈ ਕਮਿਸ਼ਨ ਨੂੰ ਖੁੱਲ੍ਹੇ ਦਿਲ ਨਾਲ ਵੀਜ਼ੇ ਜਾਰੀ ਕਰਨ ਦੀ ਅਪੀਲ ਕੀਤੀ।

ਧਾਰਮਿਕ ਅਸਥਾਨਾਂ ਦੀ ਯਾਤਰਾ ਨੂੰ ਨਿਯੰਤਰਿਤ ਕਰਨ ਵਾਲੇ ਭਾਰਤ–ਪਾਕਿਸਤਾਨ ਸਮਝੌਤਿਆਂ ਦੇ ਤਹਿਤ, ਸ਼੍ਰੋਮਣੀ ਕਮੇਟੀ ਹਰ ਸਾਲ ਸਿੱਖ ਸ਼ਰਧਾਲੂਆਂ ਦਾ ਇੱਕ ਜਥਾ ਪਾਕਿਸਤਾਨ ਭੇਜਦੀ ਹੈ। ਧਾਮੀ ਨੇ ਕਿਹਾ ਕਿ ਪਾਕਿਸਤਾਨ ਹਾਈ ਕਮਿਸ਼ਨ ਆਮ ਤੌਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਲਗਪਗ 1800 ਸ਼ਰਧਾਲੂਆਂ ਨੂੰ ਵੀਜ਼ਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਮੰਗ ਵਿੱਚ ਆਈ ਇਹ ਵੱਡੀ ਤੇਜ਼ੀ ਅੰਸ਼ਕ ਤੌਰ 'ਤੇ ਕਰਤਾਰਪੁਰ ਸਾਹਿਬ ਲਾਂਘਾ ਬੰਦ ਹੋਣ ਅਤੇ ਕੁਝ ਸਮੇਂ ਲਈ ਨਿੱਜੀ ਤੌਰ 'ਤੇ ਆਯੋਜਿਤ ਸਿੱਖ ਜਥਿਆਂ ਨੂੰ ਵੀਜ਼ੇ ਨਾ ਮਿਲਣ ਨਾਲ ਜੁੜੀ ਹੋਈ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਨਾਂ ਨੇ ਸ਼ਰਧਾਲੂਆਂ ਵਿੱਚ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੀ ਇੱਛਾ ਨੂੰ ਹੋਰ ਵਧਾ ਦਿੱਤਾ ਹੈ। ਧਾਮੀ ਨੇ ਕਿਹਾ, 7,500 ਤੋਂ ਵੱਧ ਸਿੱਖ ਸ਼ਰਧਾਲੂਆਂ ਨੇ ਸ਼੍ਰੋਮਣੀ ਕਮੇਟੀ ਦਫ਼ਤਰ ਵਿੱਚ ਆਪਣੇ ਪਾਸਪੋਰਟ ਜਮ੍ਹਾਂ ਕਰਵਾਏ ਹਨ, ਅਤੇ ਇਸ ਗਿਣਤੀ ਨੂੰ ਸਿਰਫ਼ ਇੱਕ ਅੰਕੜਾ ਨਹੀਂ ਬਲਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਨਾਲ ਸਬੰਧਤ ਇਤਿਹਾਸਕ ਗੁਰਦੁਆਰਿਆਂ ਪ੍ਰਤੀ ਭਾਈਚਾਰੇ ਦੀ ਡੂੰਘੀ ਸ਼ਰਧਾ ਅਤੇ ਭਾਵਨਾਤਮਕ ਲਗਾਵ ਦਾ ਪ੍ਰਗਟਾਵਾ ਦੱਸਿਆ।

ਇਸ ਲਈ ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਹਾਈ ਕਮਿਸ਼ਨ ਤੋਂ ਆਮ ਕੋਟੇ ਤੋਂ ਬਾਹਰ ਜਾ ਕੇ ਇੰਨੀ ਵੱਡੀ ਗਿਣਤੀ ਵਿੱਚ ਬਿਨੈਕਾਰਾਂ ਨੂੰ ਐਡਜਸਟ ਕਰਨ ਲਈ ਵਿਸ਼ੇਸ਼ ਛੋਟ ਦੀ ਮੰਗ ਕੀਤੀ ਹੈ। ਧਾਮੀ ਨੇ ਕਿਹਾ ਕਿ ਇਹ ਤੀਰਥ ਯਾਤਰਾ ਧਾਰਮਿਕ ਕਾਰਨਾਂ ਕਰਕੇ ਕੀਤੀ ਜਾ ਰਹੀ ਹੈ ਅਤੇ ਪਾਕਿਸਤਾਨ ਨੂੰ ਵੀਜ਼ੇ ਦੀ ਬੇਨਤੀ ਨੂੰ ਇਸੇ ਸੰਦਰਭ ਵਿੱਚ ਵੇਖਣ ਦੀ ਅਪੀਲ ਕੀਤੀ। ਇਹ ਅਪੀਲ ਅਜਿਹੇ ਸਮੇਂ ਆਈ ਹੈ ਜਦੋਂ ਕਰਤਾਰਪੁਰ ਸਾਹਿਬ ਲਾਂਘਾ ਮੁਅੱਤਲ ਹੈ, ਜਿਸ ਨੇ ਸਰਹੱਦ ਪਾਰ ਸਿੱਖ ਧਾਰਮਿਕ ਅਸਥਾਨਾਂ ਤੱਕ ਆਸਾਨ ਪਹੁੰਚ ਲਈ ਭਾਈਚਾਰੇ ਦੀ ਮੰਗ ਵਿੱਚ ਇੱਕ ਹੋਰ ਪਰਤ ਜੋੜ ਦਿੱਤੀ ਹੈ।

ਪੰਜਾਬ ਵਿੱਚ ਡੇਰਾ ਬਾਬਾ ਨਾਨਕ ਨੂੰ ਕਰਤਾਰਪੁਰ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਨਾਲ ਜੋੜਨ ਵਾਲੇ ਵੀਜ਼ਾ–ਮੁਕਤ ਲਾਂਘੇ ਨੂੰ 7 ਮਈ, 2025 ਨੂੰ ਪਹਿਲਗਾਮ ਅਤਿਵਾਦੀ ਹਮਲੇ ਅਤੇ ਉਸ ਤੋਂ ਬਾਅਦ ਭਾਰਤ–ਪਾਕਿਸਤਾਨ ਸਬੰਧਾਂ ਵਿੱਚ ਆਈ ਗਿਰਾਵਟ ਤੋਂ ਬਾਅਦ ਮੁਅੱਤਲ ਕਰ ਦਿੱਤਾ ਗਿਆ ਸੀ। ਕੇਂਦਰ ਨੇ ਪਿਛਲੇ ਮਹੀਨੇ ਲੋਕ ਸਭਾ ਵਿੱਚ ਦੁਹਰਾਇਆ ਸੀ ਕਿ ਇਹ ਲਾਂਘਾ ਮੁਅੱਤਲ ਰਹੇਗਾ ਅਤੇ ਕਿਹਾ ਸੀ ਕਿ ਮੌਜੂਦਾ ਸੁਰੱਖਿਆ ਦ੍ਰਿਸ਼ਟੀਕੋਣ ਇਸ ਦੇ ਲਗਾਤਾਰ ਬੰਦ ਰਹਿਣ ਲਈ ਮਜਬੂਰ ਕਰਦਾ ਹੈ। ਹਾਲਾਂਕਿ, ਸਰਕਾਰ ਨੇ ਇਸ ਨੂੰ ਮੁੜ ਖੋਲ੍ਹਣ ਦੀ ਮੰਗ ਕਰਨ ਵਾਲੀਆਂ ਸਿੱਖ ਧਾਰਮਿਕ ਜਥੇਬੰਦੀਆਂ ਦੀਆਂ ਅਰਜ਼ੀਆਂ ਪ੍ਰਾਪਤ ਹੋਣ ਦੀ ਗੱਲ ਸਵੀਕਾਰ ਕੀਤੀ ਹੈ।

ਲਾਂਘੇ ਦੀ ਮੁਅੱਤਲੀ ਦੇ ਬਾਵਜੂਦ ਸਿੱਖ ਜਥੇ 1974 ਦੇ ਧਾਰਮਿਕ ਅਸਥਾਨਾਂ ਦੀਆਂ ਯਾਤਰਾਵਾਂ ਬਾਰੇ ਭਾਰਤ–ਪਾਕਿਸਤਾਨ ਪ੍ਰੋਟੋਕੋਲ ਤਹਿਤ ਮਹੱਤਵਪੂਰਨ ਧਾਰਮਿਕ ਮੌਕਿਆਂ 'ਤੇ ਪਾਕਿਸਤਾਨ ਦੀ ਯਾਤਰਾ ਕਰਦੇ ਰਹੇ ਹਨ, ਜੋ ਕਿ ਸਰਕਾਰੀ ਮਨਜ਼ੂਰੀ ਅਤੇ ਸੁਰੱਖਿਆ ਪ੍ਰਵਾਨਗੀਆਂ ਦੇ ਅਧੀਨ ਹੈ।

ਧਾਮੀ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਪਾਕਿਸਤਾਨ ਕੋਲ ਵੀਜ਼ੇ ਦਾ ਮੁੱਦਾ ਚੁੱਕੇ ਅਤੇ ਵੱਧ ਤੋਂ ਵੱਧ ਸ਼ਰਧਾਲੂਆਂ ਦੀ ਯਾਤਰਾ ਦੀ ਸਹੂਲਤ ਪ੍ਰਦਾਨ ਕਰੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਮੰਗ ਨੂੰ ਦੁਹਰਾਇਆ ਕਿ ਕਰਤਾਰਪੁਰ ਸਾਹਿਬ ਲਾਂਘੇ ਨੂੰ ਤੁਰੰਤ ਮੁੜ ਖੋਲ੍ਹਿਆ ਜਾਵੇ, ਅਤੇ ਕਿਹਾ ਕਿ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

## ਆਜ਼ਾਦੀ ਦਿਵਸ ਦੇ ਮੌਕੇ 'ਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਸਨਮਾਨਾਂ ਨਾਲ ਸਨਮਾਨਿਤ ਕੀਤਾ



**ਮੋਰਿੰਡਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦੀ ਦਿਵਸ ਦੇ ਮੌਕੇ 'ਤੇ, ਰੂਪਨਗਰ ਦੇ ਡਿਪਟੀ ਕਮਿਸ਼ਨਰ ਆਦਿਤਿਆ ਢੇਚਲਵਾਲ ਨੇ ਰੂਪਨਗਰ ਦੇ ਨਹਿਰੂ ਸਟੇਡੀਅਮ ਵਿੱਚ ਰਾਸ਼ਟਰੀ ਝੰਡਾ ਲਹਿਰਾ ਕੇ ਆਜ਼ਾਦੀ ਦਿਵਸ ਮਨਾਇਆ। ਇਸ ਮੌਕੇ, ਆਜ਼ਾਦੀ ਘੁਲਾਟੀਆਂ ਅਤੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਇਸ ਸਮਾਰੋਹ ਵਿੱਚ, ਆਜ਼ਾਦੀ ਅੰਦੋਲਨ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਵਾਲੇ ਰੂਪਨਗਰ ਦੇ ਇੱਕ ਬਹੁਤ ਮਸ਼ਹੂਰ ਅਤੇ ਸਪੱਸ਼ਟ ਪੱਤਰਕਾਰ ਸਵਰਗੀ ਸ਼੍ਰੀ ਨੌਬਤ ਰਾਏ ਦਰਦੀ ਦੇ ਪਰਿਵਾਰਕ ਮੈਂਬਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਉਨ੍ਹਾਂ ਦੇ ਪੋਤੇ, ਪੱਤਰਕਾਰ ਦਵਿੰਦਰ ਦਰਦੀ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ, ਡਿਪਟੀ ਕਮਿਸ਼ਨਰ ਨੇ ਆਜ਼ਾਦੀ ਦਿਵਸ ਦਾ ਭਾਸ਼ਣ ਦਿੱਤਾ, ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਆਜ਼ਾਦੀ ਆਸਾਨੀ ਨਾਲ ਪ੍ਰਾਪਤ ਨਹੀਂ ਹੋਈ ਬਲਕਿ ਲੱਖਾਂ ਮਹਾਨ ਕੁਰਬਾਨੀਆਂ ਕਰਨ ਤੋਂ ਬਾਅਦ ਪ੍ਰਾਪਤ ਹੋਈ ਹੈ। ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੇ ਹਰੇਕ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਦੇਸ਼ ਦੀ ਏਕਤਾ, ਅਖੰਡਤਾ, ਸਦਭਾਵਨਾ ਅਤੇ ਤਰੱਕੀ ਲਈ ਆਪਣੀ ਜ਼ਿੰਮੇਵਾਰੀ ਨਿਭਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਅਤੇ ਰੂਪਨਗਰ ਜ਼ਿਲ੍ਹੇ ਦੇ ਵਿਕਾਸ ਲਈ ਲਗਾਤਾਰ ਵਿਸ਼ੇਸ਼ ਪਹਿਲਕਦਮੀਆਂ ਅਤੇ ਯਤਨ ਕਰ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਰੂਪਨਗਰ ਜ਼ਿਲ੍ਹੇ ਦੇ ਹਲਕਾ ਵਿਧਾਇਕ ਐਡਵੋਕੇਟ ਸ਼੍ਰੀ ਦਿਨੇਸ਼ ਚੱਢਾ, ਹਲਕਾ ਚਮਕੌਰ ਸਾਹਿਬ ਦੇ ਵਿਧਾਇਕ ਡਾ. ਚਰਨਜੀਤ ਸਿੰਘ ਚੰਨੀ, ਜ਼ਿਲ੍ਹਾ ਅਤੇ ਸੈਸ਼ਨ ਜੱਜ ਮਨਜੋਤ ਕੌਰ, ਏਡੀਸੀ ਚੰਦਰਜਯੋਤੀ ਸਿੰਘ, ਏਡੀਸੀ ਅਕਸ਼ਿਤਾ ਗੁਪਤਾ, ਐਸਪੀ ਅਰਵਿੰਦ ਮੀਨਾ, ਐਸਪੀ ਜੀ ਸ਼ਾਮਲ ਸਨ।

## ਬਾਬਾ ਫ਼ਰੀਦ ਯੂਨੀਵਰਸਿਟੀ ਦੇ 200 ਤੋਂ ਵੱਧ ਮੁਲਾਜ਼ਮ ਮੁਅੱਤਲ; ਨਿਯੁਕਤੀਆਂ ਵਿਵਾਦਾਂ ਵਿੱਚ ਆਉਣ ਤੋਂ ਬਾਅਦ ਯੂਨੀਵਰਸਿਟੀ ਨੇ ਕਾਰਵਾਈ ਕੀਤੀ

**ਫ਼ਰੀਦਕੋਟ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਫ਼ਰੀਦ ਯੂਨੀਵਰਸਿਟੀ ਨੇ ਪਿਛਲੇ ਸਮੇਂ ਦੌਰਾਨ ਕੀਤੀਆਂ ਨਿਯੁਕਤੀਆਂ ਦੇ ਮਾਮਲੇ ਵਿੱਚ 200 ਅਧਿਕਾਰੀ ਅਤੇ ਕਰਮਚਾਰੀ ਮੁਅੱਤਲ ਕਰ ਦਿੱਤੇ ਹਨ। ਇਨ੍ਹਾਂ ਨਵ–ਨਿਯੁਕਤ ਕਰਮਚਾਰੀਆਂ ਵਿੱਚ ਚਪੜਾਸੀ ਤੋਂ ਲੈ ਕੇ ਸੁਪਰਡੈਂਟ ਪੱਧਰ ਤੱਕ ਦੇ ਮੁਲਾਜ਼ਮ ਸ਼ਾਮਲ ਹਨ, ਜਿਨ੍ਹਾਂ ਦੀਆਂ ਨਿਯੁਕਤੀਆਂ ਸ਼ੱਕ ਦੇ ਘੇਰੇ ਵਿੱਚ ਆ ਗਈਆਂ ਸਨ।

ਯੂਨੀਵਰਸਿਟੀ ਪ੍ਰਸ਼ਾਸਨ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਵੱਡੀ ਗਿਣਤੀ 'ਚ ਭਰਤੀਆਂ ਕੀਤੀਆਂ ਸਨ ਪਰ ਬਾਅਦ ਵਿੱਚ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਦੇ ਬੋਰਡ ਆਫ ਮੈਨੇਜਮੈਂਟ ਨੂੰ ਭਰਤੀਆਂ ਸਮੇਂ ਕਥਿਤ ਤੌਰ 'ਤੇ ਬੇਨਿਯਮੀਆਂ ਅਤੇ ਕਾਨੂੰਨੀ ਨਿਯਮਾਂ ਦੀ ਅਣਦੇਖੀ ਹੋਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਮਗਰੋਂ ਪੰਜਾਬ ਸਰਕਾਰ ਨੇ ਆਈ ਏ ਐੱਸ ਅਧਿਕਾਰੀ ਮਨਜੀਤ ਸਿੰਘ ਬਰਾੜ ਨੂੰ ਯੂਨੀਵਰਸਿਟੀ ਦਾ ਕਾਰਜਕਾਰੀ ਵਾਈਸ ਚਾਂਸਲਰ ਨਿਯੁਕਤ ਕੀਤਾ ਸੀ।

ਮੁੱਢਲੀ ਪੜਤਾਲ ਤੋਂ ਬਾਅਦ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਪਹਿਲਾਂ ਹੀ ਰੋਕ ਦਿੱਤੀਆਂ ਸਨ। ਬਾਅਦ ਵਿੱਚ ਬੋਰਡ ਆਫ ਮੈਨੇਜਮੈਂਟ ਨੇ 11 ਅਗਸਤ ਨੂੰ ਹੋਈ ਉੱਚ ਪੱਧਰੀ ਮੀਟਿੰਗ ਮਗਰੋਂ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਰਸਮੀ ਤੌਰ 'ਤੇ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ। ਯੂਨੀਵਰਸਿਟੀ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਨਵੀਆਂ ਨਿਯੁਕਤੀਆਂ ਨੂੰ ਉਦੋਂ ਤੱਕ ਅੰਤਿਮ ਨਹੀਂ ਮੰਨਿਆ ਜਾਵੇਗਾ, ਜਦੋਂ ਤੱਕ ਬੋਰਡ ਆਫ ਮੈਨੇਜਮੈਂਟ ਇਨ੍ਹਾਂ ਦੀ ਮੁਕੰਮਲ ਜਾਂਚ ਕਰ ਕੇ ਇਨ੍ਹਾਂ ਨੂੰ ਸਹੀ ਨਹੀਂ ਠਹਿਰਾਉਂਦਾ।

ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗਿਰੀਸ਼ ਸਾਹਨੀ ਨੇ ਦੱਸਿਆ ਕਿ ਮੁਅੱਤਲ ਕੀਤੇ ਗਏ ਕਰਮਚਾਰੀਆਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਜਾਵੇਗਾ। ਇਨ੍ਹਾਂ ਮੁਲਾਜ਼ਮਾਂ ਨੂੰ 20 ਅਗਸਤ ਨੂੰ ਨਿੱਜੀ ਸੁਣਵਾਈ ਲਈ ਯੂਨੀਵਰਸਿਟੀ ਅਧਿਕਾਰੀਆਂ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਵਾਈਸ ਚਾਂਸਲਰ ਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਭਰਤੀਆਂ ਵਿੱਚ ਹੋਈ ਕਥਿਤ ਹੇਰਾਫੇਰੀ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਾਂਚ ਮੁਕੰਮਲ ਹੋਣ ਮਗਰੋਂ ਰਿਪੋਰਟ ਬੋਰਡ ਆਫ ਮੈਨੇਜਮੈਂਟ ਨੂੰ ਸੌਂਪੀ ਜਾਵੇਗੀ।

**ਹੋਰ ਮੁਲਾਜ਼ਮਾਂ ਖ਼ਿਲਾਫ਼ ਵੀ ਹੋ ਸਕਦੀ ਹੈ ਕਾਰਵਾਈ**

ਪ੍ਰਸ਼ਾਸਨ ਕੋਲ ਲਗਾਤਾਰ ਵੱਡੀ ਪੱਧਰ ਉੱਤੇ ਸ਼ਿਕਾਇਤਾਂ ਪਹੁੰਚ ਰਹੀਆਂ ਹਨ, ਜਿਸ ਕਰ ਕੇ ਆਉਣ ਵਾਲੇ ਦਿਨਾਂ ਵਿੱਚ ਹੋਰ ਮੁਲਾਜ਼ਮਾਂ ਖ਼ਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਇਸ ਕਾਰਵਾਈ ਮਗਰੋਂ ਸ਼ਹਿਰ ਦੇ ਉਨ੍ਹਾਂ ਰਸੂਖ਼ਦਾਰਾਂ ਅਤੇ ਸਿਆਸੀ ਆਗੂਆਂ ਦੀਆਂ ਮੁਸ਼ਕਲਾਂ ਵੀ ਵਧ ਗਈਆਂ ਹਨ, ਜਿਨ੍ਹਾਂ ਦੀ ਕਥਿਤ ਸਿਫ਼ਾਰਿਸ਼ ਨਾਲ ਇਹ ਭਰਤੀਆਂ ਹੋਈਆਂ ਸਨ। ਮੁਅੱਤਲ ਹੋਏ ਕੁਝ ਕਰਮਚਾਰੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਨੌਕਰੀ 'ਤੇ ਰੱਖਣ ਬਦਲੇ ਕਥਿਤ ਤੌਰ 'ਤੇ ਵੱਡੀਆਂ ਰਕਮਾਂ ਵਸੂਲੀਆਂ ਗਈਆਂ ਸਨ। ਇਨ੍ਹਾਂ ਮੁਲਾਜ਼ਮਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੀ ਸੁਣਵਾਈ ਨਾ ਹੋਈ ਤਾਂ, ਉਹ ਜਲਦੀ ਹੀ ਉਨ੍ਹਾਂ ਸਾਰੇ ਸਿਆਸੀ ਆਗੂਆਂ, ਪ੍ਰਸ਼ਾਸਕੀ ਅਧਿਕਾਰੀਆਂ ਅਤੇ ਰਸੂਖ਼ਵਾਨਾਂ ਦੇ ਨਾਂ ਜਨਤਕ ਕਰਨਗੇ, ਜਿਨ੍ਹਾਂ ਨੇ ਭਰਤੀ ਦੇ ਨਾਮ ਉੱਤੇ ਇਹ ਮੋਟੇ ਪੈਸੇ ਲਏ ਹਨ।

## ਅਰਸ਼ਦੀਪ ਸਿੰਘ ਦੀ ਪ੍ਰਾਪਤੀ 'ਤੇ ਮਾਣ: ਗੜਗੱਜ

**ਅੰਮ੍ਰਿਤਸਰ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਯੂ ਕੇ ਦੀ ਹਵਾਈ ਫ਼ੌਜ ਵਿੱਚ ਫਲਾਈਟ ਲੈਫਟੀਨੈਂਟ ਚੁਣੇ ਅਰਸ਼ਦੀਪ ਸਿੰਘ ਦੀ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਖਿਆ ਕਿ ਇਹ ਪ੍ਰਾਪਤੀ ਸਮੁੱਚੇ ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਜਿਹਾ ਹੋਇਆ ਹੈ ਕਿ ਸਿੱਖ ਨੇ ਯੂ ਕੇ ਦੀ ਹਵਾਈ ਫ਼ੌਜ ਵਿੱਚ ਉੱਚ ਅਹੁਦਾ ਹਾਸਲ ਕੀਤਾ ਹੈ। ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਫਲਾਈਟ ਲੈਫਟੀਨੈਂਟ ਅਰਸ਼ਦੀਪ ਸਿੰਘ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਵਿਦੇਸ਼ ਵਿੱਚ ਰਹਿੰਦਿਆਂ ਵੀ ਸਿੱਖੀ ਰਵਾਇਤਾਂ ਅਤੇ ਪੰਜਾਬੀ ਮਾਂ ਬੋਲੀ ਨਾਲ ਜੁੜਿਆ ਹੋਇਆ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਰਸ਼ਦੀਪ ਸਿੰਘ ਨੂੰ ਵਧਾਈ ਦਿੱਤੀ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਮਾਰੂ ਅਸਰਾਂ ਬਾਰੇ ਚਰਚਾ

**ਬਰਨਾਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੋ ਇਨਕਲਾਬੀ ਜਥੇਬੰਦੀਆਂ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਅੱਜ ਇੱਥੇ ਤਰਕਸ਼ੀਲ ਭਵਨ ਵਿੱਚ 'ਭਾਰਤ–ਅਮਰੀਕਾ ਵਪਾਰ ਸਮਝੌਤਾ ਅਤੇ ਨਕਲੀ ਆਜ਼ਾਦੀ ਦੀ ਹਕੀਕਤ' ਵਿਸ਼ੇ 'ਤੇ ਸਾਂਝੀ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ,



ਨੌਜਵਾਨਾਂ ਅਤੇ ਬੁੱਧੀਜੀਵੀ ਹਿੱਸਿਆਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਇਨਕਲਾਬੀ ਕੇਂਦਰ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਭਾਰਤ ਅਤੇ ਅਮਰੀਕਾ ਦਰਮਿਆਨ ਚੱਲ ਰਹੀ ਵਪਾਰ ਵਾਰਤਾ ਦਾ ਲੋਕਾਂ 'ਤੇ ਪੈਣ ਵਾਲੇ ਮਾਰੂ ਅਸਰ ਬਾਰੇ ਚਰਚਾ ਕੀਤੀ ਅਤੇ ਦੱਸਿਆ ਕਿ ਇਸ ਇੱਕਤਰਫਾ ਸਮਝੌਤੇ ਰਾਹੀਂ ਸਾਮਰਾਜੀ ਤੇ ਸਰਮਾਏਦਾਰਾਂ ਦੇ ਹਿੱਤ ਪੂਰਤੀ ਲਈ ਭਾਰਤੀ ਹਕੂਮਤ ਵੱਲੋਂ ਕਿਸਾਨਾਂ, ਮਜ਼ਦੂਰਾਂ, ਛੋਟੇ ਕਾਰੋਬਾਰੀਆਂ ਤੇ ਖਪਤਕਾਰਾਂ ਦੇ ਵਡੇਰੇ ਹਿੱਤਾਂ ਦੀ ਬਲੀ ਦਿੱਤੀ ਜਾ ਰਹੀ ਹੈ। ਲੋਕ ਮੋਰਚਾ ਪੰਜਾਬ ਦੀ ਸੂਬਾਈ ਆਗੂ ਸ਼ੀਰੀਂ ਨੇ ਦੱਸਿਆ ਕਿ ਅਜਿਹੇ ਸਮਝੌਤੇ ਦਾ ਕਾਰਨ 1947 ਤੋਂ ਭਾਰਤ ਵਿੱਚ ਜਾਰੀ ਸਾਮਰਾਜੀ ਦਾਬਾ ਹੈ, ਜਿਸ ਸਦਕਾ ਪਿਛਲੇ ਦਹਾਕਿਆਂ ਦੌਰਾਨ ਭਾਰਤੀ ਹਾਕਮਾਂ ਵੱਲੋਂ ਅਜਿਹੇ ਕਈ ਮਾਰੂ ਸਮਝੌਤੇ ਕੀਤੇ ਗਏ ਹਨ। ਇਨਕਲਾਬੀ ਕੇਂਦਰ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਦੇਸੀ–ਵਿਦੇਸ਼ੀ ਕਾਰਪੋਰੇਟ ਲੁੱਟ ਦੇ ਪਿਛਲੇ ਦਹਾਕਿਆਂ ਦੌਰਾਨ ਜ਼ੋਰ ਫੜ ਰਹੇ ਅਮਲਾਂ ਦੀ ਚਰਚਾ ਕੀਤੀ। ਲੋਕ ਮੋਰਚੇ ਦੇ ਸੂਬਾ ਸਕੱਤਰ ਜਗਮੇਲ ਸਿੰਘ ਨੇ ਮੌਜੂਦਾ ਵਪਾਰ ਵਾਰਤਾ ਅਤੇ ਪਹਿਲਾਂ ਹੋਈਆਂ ਸਾਮਰਾਜ ਪੱਖੀ ਸਮਝੌਤੇ ਸੰਧੀਆਂ 'ਤੇ ਸਭਨਾਂ ਹਾਕਮ ਜਮਾਤੀ ਪਾਰਟੀਆਂ ਦੀ ਬੁਨਿਆਦੀ ਸਹਿਮਤੀ ਅਤੇ ਇਸ ਦਿਸ਼ਾ ਵਿੱਚ ਚੁੱਕੇ ਕਦਮਾਂ ਬਾਰੇ ਚਰਚਾ ਕੀਤੀ। ਅਜਿਹੇ ਕਦਮਾਂ ਨੂੰ ਵਾਪਸ ਕਰਵਾਉਣ ਲਈ 'ਚੋਣ ਦੰਗਲ' ਵਿੱਚ ਉਲਝਣ ਦੀ ਥਾਂ ਨਵਾਂ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਸੰਘਰਸ਼ ਦਾ ਸੱਦਾ ਦਿੱਤਾ।

ਇਸ ਮੌਕੇ ਭਾਰਤ ਅਮਰੀਕਾ ਵਪਾਰ ਵਾਰਤਾ ਰੱਦ ਕਰਨ, ਸਾਮਰਾਜੀ ਦਬਾਅ ਹੇਠ ਕੀਤੇ ਸਾਰੇ ਸਮਝੌਤੇ ਮਨਸੂਖ਼ ਕਰਨ ਅਤੇ ਮੋਦੀ ਹਕੂਮਤ ਵੱਲੋਂ ਸਾਮਰਾਜੀ ਦਬਾਅ ਹੇਠ ਕੰਮ ਬੰਦ ਕਰਨ ਦੀਆਂ ਮੰਗਾਂ ਉਭਾਰੀਆਂ ਗਈਆਂ।

# ਨਿੱਕੀ-ਨਿੱਕੀ ਕਣੀ ਦਾ ਮੀਂਹ ਵਰਸੇਂਦਾ





ਕਿਸਾਨੀ ਜੀਵਨ ਦੀ ਸਮੁੱਚੀ ਆਰਥਿਕਤਾ ਅਤੇ ਸਮਾਜਿਕਤਾ ਖੇਤੀ ਦੀ ਪੈਦਾਵਾਰ 'ਤੇ ਨਿਰਭਰ ਕਰਦੀ ਹੈ। ਕਿਸਾਨੀ ਨਾਲ ਸਬੰਧਤ ਪਰਿਵਾਰਾਂ ਦੀਆਂ ਲੋੜਾਂ, ਸੱਧਰਾਂ, ਚਾਅ ਸਭ ਕੁਝ ਫ਼ਸਲਾਂ ਦੀ ਪੈਦਾਵਾਰ ਨਾਲ ਜੁੜਿਆ ਹੁੰਦਾ ਹੈ। ਇਸੇ ਲਈ ਕਿਸਾਨੀ ਸੱਭਿਆਚਾਰ ਵਿੱਚ ਫ਼ਸਲਾਂ ਦਾ ਹੋਣਾ, ਬਾਗ਼ਾਂ ਦਾ ਮੌਲਣਾ, ਫੁੱਲ-ਫਲ ਦੇਣਾ ਨੂੰ ਪਰਿਵਾਰ ਰੂਪੀ ਬਾਗ਼ ਦੇ ਵਧਣ ਫੁੱਲਣ ਸਮਾਨ ਹੀ ਸਿਰਜਣਾਤਮਕ ਪ੍ਰਕਿਰਿਆ ਵਜੋਂ ਲਿਆ ਜਾਂਦਾ ਹੈ। ਦੋਵਾਂ ਦੀ ਸਾਂਝ ਕਿਰਤ ਅਤੇ ਪੈਦਾਵਾਰ ਦੀ ਸਾਂਝ ਹੈ। ਦੋਵਾਂ ਨੂੰ ਇੱਕੋ ਜਿਹੀ ਕੁਦਰਤੀ ਮਿਹਰ ਦੀ ਲੋੜ ਹੁੰਦੀ ਹੈ।

ਜਨ-ਜੀਵਨ ਲਈ ਪਾਣੀ ਕੁਦਰਤ ਦੀ ਇੱਕ ਬਹੁਤ ਹੀ ਕੀਮਤੀ ਦਾਤ ਹੈ। ਫ਼ਸਲਾਂ ਤੇ ਬਾਗ਼ਾਂ ਲਈ ਸਭ ਤੋਂ ਵੱਡੀ ਕੁਦਰਤੀ ਬਖਸ਼ਿਸ਼ ਹੈ ਨਿੱਕੀ-ਨਿੱਕੀ ਕਣੀ ਦਾ ਮੀਂਹ। ਨਿੱਕੀ-ਨਿੱਕੀ ਕਣੀ ਦਾ ਮੀਂਹ ਆਮ ਤੌਰ 'ਤੇ ਪੁਰੇ ਦੀ ਹਵਾ ਨਾਲ ਆਉਂਦਾ ਹੈ। ਇਸ ਮੀਂਹ ਨਾਲ ਖੇਤਾਂ ਵਿੱਚ ਮੌਲਿਆ ਘਾਹ, ਬਾਗ਼ਾਂ 'ਤੇ ਆਈ ਬਹਾਰ, ਫ਼ਸਲਾਂ 'ਤੇ ਆਇਆ ਜੋਬਨ ਸਭ ਭੋਇੰ ਕੇਂਦਰਤ ਕਿਸਾਨੀ ਲਈ ਖ਼ੁਸ਼ੀਆਂ ਖੇੜਿਆਂ ਦਾ ਜ਼ਾਮਨ ਹੈ। ਅਸਮਾਨ 'ਤੇ ਉੱਡਦੀਆਂ ਬੱਦਲੀਆਂ ਜਦੋਂ ਕਣੀਆਂ ਦੇ ਰੂਪ ਵਿੱਚ ਵਰ੍ਹਦੀਆਂ ਹਨ ਤਾਂ ਇਹ ਧਰਤੀ ਦੀ ਕੁੱਖ ਨੂੰ ਜੀਵਨ ਦੇ ਪਾਣੀ ਨਾਲ ਭਰ ਦਿੰਦੀਆਂ ਹਨ। ਅੰਬਰੋਂ ਡਿੱਗਦਾ ਇਹ ਨੀਰ ਫ਼ਸਲਾਂ ਲਈ ਖਾਦ ਦਾ ਕੰਮ ਕਰਦਾ ਹੈ ਅਤੇ ਉਨ੍ਹਾਂ ਉੱਪਰ ਨਵਾਂ ਰੂਪ ਤੇ ਨਿਖਾਰ ਪੈਦਾ ਕਰ ਦਿੰਦਾ ਹੈ:

ਬੱਦਲੀਆਂ ਘਿਰ ਘਿਰ ਝੜੀਆਂ ਲਾਈਆਂ,
ਨਦੀਆਂ ਨਿੱਕਲ ਪਹਾੜੋਂ ਆਈਆਂ,
ਧਰਤੀ ਜਲ ਥਲ, ਸੰਵਰੇ ਫੁੱਲ ਫਲ,
ਫ਼ਸਲਾਂ 'ਤੇ ਆ ਗਿਆ ਨਿਖਾਰ।

ਪੰਜਾਬ ਵਿੱਚ ਸਾਉਣ ਦਾ ਮਹੀਨਾ ਮੀਂਹ ਪੈਣ ਦਾ ਮਹੀਨਾ ਗਿਣਿਆ ਗਿਆ ਹੈ। ਹਾੜ੍ਹ ਮਹੀਨੇ ਗਰਮੀ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ। ਪਾਣੀ ਦੀ ਘਾਟ ਕਾਰਨ ਪਸ਼ੂ ਪੰਛੀ ਤ੍ਰਿਹਾਏ ਮਰਨ ਲੱਗਦੇ ਹਨ। ਜਦੋਂ ਅਸਮਾਨ 'ਤੇ ਘਣਘੋਰ ਘਟਾਵਾਂ ਚੜ੍ਹ ਆਉਂਦੀਆਂ ਹਨ, ਵੈਂਗਣੀ ਰੰਗ ਦੇ ਬੱਦਲਾਂ ਨੂੰ ਵੇਖ ਕੇ, ਗੱਜਣ ਦੀ ਆਵਾਜ਼ ਸੁਣ ਕੇ ਸਭ ਜੀਅ-ਜੰਤ ਖ਼ੁਸ਼ ਹੋ ਜਾਂਦਾ ਹੈ। ਮੋਰ ਵੀ ਖ਼ੁਸ਼ੀ ਨਾਲ ਕੂਕ ਉੱਠਦੇ ਹਨ। ਪਾਣੀ ਦਾ ਭਾਰ ਨਾ ਸਹਾਰਦੇ ਜਦੋਂ ਬੱਦਲ ਵਰ੍ਹਨ ਲੱਗਦੇ ਹਨ ਤਾਂ ਹਰੇਕ ਗਾ ਉੱਠਦਾ ਹੈ:

ਇੰਦਰ ਦੀ ਢੁੱਕ ਬਰਾਤ ਪਈ, ਲਾੜ੍ਹੀ ਏ ਬਣਦੀ ਬਰਸਾਤ ਪਈ,
'ਤੇ ਕਿਣ-ਮਿਣ ਲਾਈ ਕਣੀਆਂ ਨੇ,
ਵਾਹ ਸਾਵਣ ਮੌਜਾਂ ਬਣੀਆਂ ਨੇ।

ਬਰਸਾਤ ਹੋਣ ਦੇ ਇਸ ਮਹੀਨੇ ਤੋਂ ਪਹਿਲਾਂ ਹੀ ਕਿਸਾਨ ਮੱਕੀ, ਬਾਜਰਾ, ਗੁਆਰਾ, ਕਪਾਹ, ਝੋਨਾ ਆਦਿ ਫ਼ਸਲਾਂ ਬੀਜ ਹਟਦੇ ਹਨ ਤਾਂ ਜੋ ਫ਼ਸਲਾਂ ਨੂੰ ਵਧਣ-ਫੁੱਲਣ ਦਾ ਪੂਰਾ ਮੌਕਾ ਮਿਲ ਸਕੇ ਪਰ ਜੇ ਕੋਈ ਆਲਸੀ ਕਿਸਾਨ ਇਸ ਸਮੇਂ ਤਕ ਵੀ ਆਪਣੀ ਫ਼ਸਲ ਨਾ ਬੀਜ ਸਕੇ ਤਾਂ ਉਸ ਦੇ ਨਿਕੰਮੇਪਣ ਨੂੰ ਸੰਬੋਧਨ ਕਰਕੇ ਇਸ ਤਰ੍ਹਾਂ ਕਿਹਾ ਜਾਂਦਾ ਹੈ:

ਨਿੱਕੀਆਂ-ਨਿੱਕੀਆਂ ਪੈਣ ਫੁਹਾਰਾਂ
ਧਰਤੀ ਆਈ ਵਿੱਚ ਨਿਖਾਰਾਂ
ਤੂੰ ਨਾ ਵਟੀਆਂ ਵਾਹੀਆਂ ਵੇ,
ਕਾਲੀਆਂ, ਨੀਲੀਆਂ
ਝੂਮ ਘਟਾਵਾਂ ਆਈਆਂ ਵੇ।

ਜਦੋਂ ਬਿਜਲੀ ਦੇ ਲਿਸ਼ਕਾਰੇ, ਬੱਦਲਾਂ ਦੀ ਗੜਗੜਾਹਟ ਅਤੇ ਚੜ੍ਹ ਕੇ ਆਉਂਦੀਆਂ ਕਾਲੀਆਂ ਘਟਾਵਾਂ ਵਰਖਾ ਵਹੁਟੀ ਦੇ ਆਗਮਨ ਦਾ ਸੰਕੇਤ ਦਿੰਦੀਆਂ ਹਨ ਤਾਂ ਸੁਆਣੀਆਂ ਗੁੜ ਘੋਲਣ ਲੱਗ ਜਾਂਦੀਆਂ ਹਨ। ਪੂੜੇ ਪਕਾ ਕੇ ਜਿੱਥੇ ਬੱਚਿਆਂ ਨੂੰ ਖ਼ੁਸ਼ ਕਰਨਾ ਹੁੰਦਾ ਹੈ, ਉੱਥੇ ਵਰਖਾ ਵਹੁਟੀ ਦਾ ਸੁਆਗਤ ਵੀ ਤਾਂ ਕਰਨਾ ਹੁੰਦਾ ਹੈ:

ਕੰਨੀ ਕਣੀਆਂ ਦੇ ਝੁਮਕੇ, ਨੱਕ ਬਿਜਲੀ ਦੀ ਨੱਥ
ਜ਼ੁਲਫਾਂ ਕਾਲੀਆਂ ਤੇ ਸਿਆਹ, ਕਸਤੂਰੀਆਂ ਗਵਾਹ
ਪਈ ਬੱਦਲਾਂ ਦੇ ਡੋਲੇ, ਚੁੱਕੀ ਪੌਣ ਦੇ ਕਹਾਰਾਂ
ਆਈ ਵਰਖਾ ਦੀ ਵਹੁਟੀ।

ਨਿੱਕੀਆਂ-ਨਿੱਕੀਆਂ ਕਣੀਆਂ ਦੀ ਲੱਗੀ ਝੜੀ, ਛੱਪੜਾਂ, ਟੋਭਿਆਂ, ਢਾਬਾਂ ਨੂੰ ਪਾਣੀ ਨਾਲ ਭਰ ਦਿੰਦੀ ਹੈ। ਮੀਂਹ ਦੀਆਂ ਕਣੀਆਂ ਛੱਪੜਾਂ ਉੱਤੇ ਰੰਗ-ਬਰੰਗੇ ਬੁਲਬੁਲਿਆਂ ਨੂੰ ਜਨਮ ਦਿੰਦੀਆਂ ਆਪਣਾ ਖਿਣਭੰਗਰ ਲਈ ਜਲਵਾ ਵਿਖਾ ਕੇ ਛੱਪੜ ਦੇ ਪਾਣੀ ਵਿੱਚ ਲੀਨ ਹੋ ਜਾਂਦੀਆਂ ਹਨ। ਜਿਵੇਂ ਮਨੁੱਖ ਨੂੰ ਕਹਿ ਰਹੀਆਂ ਹੋਣ ਤੁਸੀਂ ਵੀ ਤਾਂ ਸਾਡੇ ਵਾਂਗ ਮਿੱਟੀ ਵਿੱਚ ਹੀ ਲੀਨ ਹੋ ਜਾਣਾ ਹੈ। ਫਿਰ ਲਾਲਚਵੱਸ ਸਾਡੀ ਹੋਂਦ ਨੂੰ ਵੀ ਕਿਉਂ ਖ਼ਤਰਾ ਪੈਦਾ ਕਰ ਰਿਹਾ ਹੈ? ਕੁਦਰਤ ਦੀਆਂ ਦਾਤਾਂ ਨੂੰ ਸੰਭਾਲਦਾ ਹੋਇਆ ਇਨ੍ਹਾਂ ਦੇ ਆਗਮਨ ਦੀ ਖ਼ੁਸ਼ੀ ਮਨਾ:-

ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ
ਚੂਲ੍ਹੀਏ ਚੂਲ੍ਹੀਏ ਢਾਬ ਭਰੀ
ਤੇਰਾ ਕਦ ਮੁਕਲਾਵਾ ਭਾਗ ਭਰੀ

ਖੇਤਾਂ ਵਿੱਚ ਭੱਤਾ ਲੈ ਕੇ ਜਾਂਦੀ ਮੁਟਿਆਰ 'ਤੇ ਜਦੋਂ ਇਹ ਕਣੀਆਂ ਵਰ੍ਹਨ ਲੱਗਦੀਆਂ ਹਨ ਤਾਂ ਇਨ੍ਹਾਂ ਨਾਲ ਜੁੜੇ ਆਪਣੇ ਸੁਪਨੇ ਪੂਰੇ ਹੋਣ ਦਾ ਅਹਿਸਾਸ ਉਸ ਨੂੰ ਵੱਖਰੀ ਤਰ੍ਹਾਂ ਦਾ ਆਨੰਦ ਦਿੰਦਾ ਹੈ। ਖੇਤ ਦੂਰ ਹੋਣ ਦਾ, ਵਰੀ ਦੇ ਕੱਪੜੇ ਭਿੱਜ ਜਾਣ ਦਾ ਡਰ ਇਸ ਸਰੂਰ ਅੱਗੇ ਫਿੱਕੇ ਪੈ ਜਾਂਦੇ ਹਨ:

ਪੱਛੋਂ ਦੀਆਂ ਪੈਣ ਕਣੀਆਂ,
ਮੇਰੇ ਭਿੱਜ ਗਏ ਵਰੀ ਦੇ ਲੀੜੇ।
ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ, ਮਗਰੋਂ ਪੈਂਦੀ ਭੂਰ
ਰੋਟੀ ਲੈ ਨਿੱਕਲੀ ਖੇਤ ਸੁਣੀਂਦਾ ਦੂਰ।

ਧੀਆਂ-ਪੁੱਤਾਂ ਦੇ ਸ਼ੁਭ ਕਾਰਜ ਕਰਨ ਲਈ ਫ਼ਸਲਾਂ ਤੋਂ ਕਮਾਈ ਆਉਣੀ ਜ਼ਰੂਰੀ ਹੈ ਕਿਉਂਕਿ ਕਿਸਾਨਾਂ ਦੀ ਪਰਿਵਾਰਕ ਖ਼ੁਸ਼ਹਾਲੀ ਦਾ ਰਾਜ ਇਨ੍ਹਾਂ ਫ਼ਸਲਾਂ ਨਾਲ ਹੀ ਜੁੜਿਆ ਹੁੰਦਾ ਹੈ। ਇਨ੍ਹਾਂ ਕਾਰਜਾਂ ਸਮੇਂ ਜੋ ਖ਼ੁਸ਼ੀ ਦੇ ਗੀਤ ਗਾਏ ਜਾਂਦੇ ਹਨ, ਉਨ੍ਹਾਂ ਵਿੱਚ ਪਰਿਵਾਰ ਦੇ ਬਾਕੀ ਰਿਸ਼ਤਿਆਂ ਵਾਂਗ ਹੀ ਕਿਸਾਨੀ ਨੂੰ ਜੀਵਨ ਦੇਣ ਵਾਲੇ ਮੀਂਹ ਨੂੰ ਵੀ ਉਸੇ ਤਰ੍ਹਾਂ ਹੀ ਯਾਦ ਕੀਤਾ ਜਾਂਦਾ ਹੈ:

ਨਿੱਕੀ-ਨਿੱਕੀ ਕਣੀ ਨਿੱਕਿਆ (ਵੀਰਾ) ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਦੰਮਾਂ ਦੀ ਬੋਰੀ ਤੇਰਾ ਬਾਪ ਫੜੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਨਿੱਕਿਆਂ ਭਾਈਆਂ ਦੀ ਜੋੜੀ ਤੇਰੇ ਨਾਲ ਖੜੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਭਾਬੋ ਸੁਹਾਗਣ ਤੈਨੂੰ ਸੁਰਮਾ ਪਾਵੇ
ਭੈਣ ਸਪੁੱਤੀ ਤੇਰੀ ਵਾਗ ਫੜੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਰੱਤਾ ਰੱਤਾ ਡੋਲਾ ਲੈ ਆ ਵੇ ਘਰੇ।

ਕਿਸਾਨੀ ਜ਼ਿੰਦਗੀ ਵਿੱਚ ਮੀਂਹ ਦੀ ਬਹੁਤ ਮਹੱਤਤਾ ਹੈ। ਜੇ ਕਦੇ ਇੰਦਰ ਦੇਵਤਾ ਨਾਰਾਜ਼ ਹੋ ਜਾਂਦਾ ਹੈ, ਮੀਂਹ ਨਹੀਂ ਪੈਂਦਾ ਤਾਂ ਅਸਮਾਨ ਵੱਲ ਵੇਖਦਿਆਂ ਕਿਸਾਨਾਂ ਦੀਆਂ ਅੱਖਾਂ ਥੱਕ ਜਾਂਦੀਆਂ ਹਨ। ਮੀਂਹ ਬਿਨਾਂ ਫ਼ਸਲਾਂ ਉੱਥੇ ਦੀਆਂ ਉੱਥੇ ਖੜੀਆਂ ਰਹਿ ਜਾਂਦੀਆਂ ਹਨ। ਕੁਝ ਦਿਨ ਪਾ ਕੇ ਇਹ ਫ਼ਸਲਾਂ ਬੰਜਰ ਹੋਈ ਧਰਤੀ ਨਾਲੋਂ ਆਪਣਾ ਸੰਗ ਤੋੜ ਕੇ ਕੱਖ-ਕਾਣ ਬਣ ਜਾਂਦੀਆਂ ਹਨ। ਸੁੱਕੀ ਜ਼ਮੀਨ ਨੂੰ ਵਾਹੁੰਦੇ, ਘਾਹ ਤੇ ਹਰੇ ਪੱਠਿਆਂ ਬਿਨਾਂ ਬਲਦ ਹਾਰਨ ਲੱਗਦੇ ਹਨ ਤਾਂ ਉਸ ਸਮੇਂ ਮੀਂਹ ਪਾਉਣ ਲਈ ਅਰਦਾਸ ਕਰਦੀ ਔਰਤ ਦੀ ਮਨੋਸਥਿਤੀ ਨੂੰ ਇੱਕ ਲੋਕ ਗੀਤ ਇਸ ਤਰ੍ਹਾਂ ਪ੍ਰਗਟ ਕਰਦਾ ਹੈ:

ਮੀਂਹ ਨੀਂ ਪੈਂਦਾ, ਕਾਲ ਪੈ ਗਿਆ ਸੁੱਕੀਆਂ ਵਰਾਨ ਜ਼ਮੀਨੀ,
ਤੂੜੀ ਖਾਂਦੇ ਢੱਗੇ ਹਾਰ ਗਏ, ਗੱਭਰੂ ਗਿੱਝ ਗਏ 'ਫ਼ੀਮੀ,
ਨੀਂ ਵਿੱਚ ਵਾਹਣਾਂ ਦੇ ਰੁਲ ਗਿਆ ਭੌਰ ਸ਼ੁਕੀਨੀ।
ਜੇ ਰੱਬਾ ਤੂੰ ਮੀਂਹ ਨਹੀਂ ਪਾਉਣਾ, ਚਾਰ ਕੁ ਪਾ ਦੇ ਕਣੀਆਂ
ਵਿੱਚ ਵੇ ਬਰੇਤੀ ਦੇ 'ਕੱਲੇ ਭੌਰ ਨੂੰ ਬਣੀਆਂ।

ਇੰਦਰ ਦੇਵਤੇ ਨੂੰ ਖ਼ੁਸ਼ ਕਰਨ ਲਈ ਯੱਗ ਕੀਤੇ ਜਾਂਦੇ ਹਨ। ਮੀਂਹ ਲਈ ਅੱਡੀਆਂ-ਗੋਡੇ ਘਸਾਏ ਜਾਂਦੇ ਹਨ। 'ਰੱਬਾ, ਰੱਬਾ ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ' ਦੇ ਰਾਗ ਅਲਾਪੇ ਜਾਂਦੇ ਹਨ। ਜਦੋਂ ਚੜ੍ਹ-ਚੜ੍ਹ ਆਈਆਂ ਘਟਾਵਾਂ ਬਿਨਾਂ ਵਰ੍ਹੇ ਅੱਗੇ ਲੰਘ ਜਾਂਦੀਆਂ ਹਨ ਤਾਂ ਭੈਣਾਂ ਵੀਰਾਂ ਨੂੰ ਕੁਝ ਪੁੰਨ ਕਰਨ ਲਈ ਕਹਿੰਦੀਆਂ ਹਨ:

ਘਟਾ ਆਣ ਕੇ ਬਨੇਰੇ ਕੋਲੋਂ ਮੁੜ ਗਈ,
ਵੀਰਾ, ਕੁਝ ਪੁੰਨ ਕਰਦੇ।
ਵੀਰ ਮੇਰੇ ਧਰਮੀ ਨੇ,
ਸਣੇ ਬਲਦ ਗੱਡਾ ਪੁੰਨ ਕੀਤਾ।

ਪਾਣੀ ਜਨ-ਜੀਵਨ ਲਈ ਕੁਦਰਤ ਦੀ ਬਖ਼ਸ਼ੀ ਵਡਮੁੱਲੀ ਦਾਤ ਹੈ ਪਰ ਲਗਾਤਾਰ ਵਧ ਰਹੀ ਮੰਗ ਦੇ ਮੁਕਾਬਲੇ ਇਸ ਦੀ ਮਿਕਦਾਰ ਘਟਦੀ ਜਾ ਰਹੀ ਹੈ। ਇਸ ਦਾ ਵੱਡਾ ਕਾਰਨ ਧਰਤੀ, ਪਾਣੀ, ਆਕਾਸ਼ ਅਤੇ ਮਹੱਤਵਪੂਰਨ ਸੋਮਿਆਂ 'ਤੇ ਲਾਲਚੀ ਮਨੁੱਖਾਂ ਦਾ ਕਾਬਜ਼ ਹੋਣਾ ਹੈ, ਜੋ ਇਨ੍ਹਾਂ ਨੂੰ ਆਪਣੇ ਮੁਨਾਫ਼ੇ ਲਈ ਵਰਤਦੇ ਹਨ। ਇਨ੍ਹਾਂ ਨੇ ਕੁਦਰਤ ਨਾਲ ਖਿਲਵਾੜ ਕਰਕੇ ਵਾਤਾਵਰਨ ਵਿੱਚ ਵਿਗਾੜ ਪੈਦਾ ਕਰ ਦਿੱਤਾ ਹੈ। ਕਈ-ਕਈ ਦਿਨ ਲੱਗਦੀਆਂ ਝੜੀਆਂ ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ। ਦਿਨੋਂ-ਦਿਨ ਵਧ ਰਹੀ ਘਾਤਕ ਗਰਮੀ ਅਤੇ ਪਾਣੀ ਦੇ ਘੱਟ ਰਹੇ ਸਰੋਤ ਸਮੁੱਚੀ ਜੀਵ ਵਿਭਿੰਨਤਾ ਦੇ ਖ਼ਾਤਮੇ ਵੱਲ ਵਧਦੇ ਕਦਮ ਹਨ।

ਜੇ ਅਸੀਂ ਚਾਹੁੰਦੇ ਹਾਂ ਕੁਦਰਤ ਵੱਲੋਂ ਮਿਲੀਆਂ ਦੂਜੀਆਂ ਦਾਤਾਂ ਵਾਂਗ, ਮੀਂਹ ਦੀ ਵਡਮੁੱਲੀ ਦਾਤ ਆਪਣੀਆਂ ਰਹਿਮਤਾਂ ਦੀ ਬਖ਼ਸ਼ਿਸ਼ ਕਰਦੀ ਰਹੇ, ਕਾਲੀਆਂ-ਨੀਲੀਆਂ ਘਟਾਵਾਂ ਚੜ੍ਹ-ਚੜ੍ਹ ਆਉਂਦੀਆਂ ਰਹਿਣ ਤਾਂ ਸਾਨੂੰ ਕੁਦਰਤੀ ਵਾਤਾਵਰਨ ਦੀ ਸੰਭਾਲ ਕਰਨ ਵਲ ਕਦਮ ਪੁੱਟਣੇ ਪੈਣਗੇ। ਜਲ ਸਰੋਤਾਂ ਦੀ ਸੁਚੱਜੀ ਵਰਤੋਂ ਅਤੇ ਸੰਭਾਲ ਲਈ ਸਰਕਾਰਾਂ ਨੂੰ ਤਰਕਸੰਗਤ ਪਹੁੰਚ ਅਪਣਾਉਣੀ ਪਵੇਗੀ। ਇਸ ਦੀ ਦੁਰਵਰਤੋਂ ਰੋਕਣ ਲਈ ਸਖ਼ਤ ਕਾਨੂੰਨ ਬਣਾਉਣੇ ਅਤੇ ਨਾਲ-ਨਾਲ ਜਨ-ਚੇਤਨਾ ਪੈਦਾ ਕਰਨੀ ਹੋਵੇਗੀ। ਧਰਤੀ ਨੂੰ ਹਰੀ-ਭਰੀ ਬਣਾਉਂਦੇ ਇਨ੍ਹਾਂ ਸਰੋਤਾਂ 'ਤੇ ਕਾਬਜ਼ ਕੁਝ ਕੁ ਮੁਨਾਫ਼ੇਖ਼ੋਰਾਂ ਤੋਂ ਇਨ੍ਹਾਂ ਨੂੰ ਮੁਕਤ ਕਰਾਉਣਾ ਹੋਵੇਗਾ। ਜੇ ਅਸੀਂ ਪਾਣੀ ਦੀ ਸੰਭਾਲ ਨਾ ਕਰ ਸਕੇ ਤਾਂ ਇਸ ਧਰਤੀ 'ਤੇ ਵਿਚਰ ਰਹੇ ਸਾਰੇ ਸੰਜੀਵਾਂ ਦੇ ਸਾਹਾਂ ਦੀ ਤੰਦ ਖ਼ਤਮ ਕਰਨ ਦੀ ਜ਼ਿੰਮੇਵਾਰ ਮਨੁੱਖ ਜਾਤੀ ਹੀ ਹੋਵੇਗੀ।

**-ਸ਼ਵਿੰਦਰ ਕੌਰ**

# ਕੋਠੀਆਂ ਅਤੇ ਭੜੋਲੇ

ਅੱਜ ਪਿੰਡਾਂ ਦੀ ਨੁਹਾਰ ਬਦਲ ਚੁੱਕੀ ਹੈ। ਉੱਚੇ-ਉੱਚੇ ਮਹਿਲਨੁਮਾ ਮਕਾਨਾਂ ਕਰਕੇ ਪਿੰਡ ਸ਼ਹਿਰਾਂ ਦਾ ਰੂਪ ਧਾਰ ਗਏ ਹਨ। ਪੁਰਾਤਨ ਪਿੰਡਾਂ ਦੀ ਝਲਕ ਵੀ ਨਜ਼ਰ ਨਹੀਂ ਆਉਂਦੀ। ਹੁਣ ਦੀ ਪੀੜ੍ਹੀ ਨੂੰ ਕੱਚੀਆਂ ਕੋਠੀਆਂ ਭੜੋਲਿਆਂ ਬਾਰੇ ਜਾਣਕਾਰੀ ਨਹੀਂ ਹੈ। ਇਹ ਸਿਰਫ਼ ਬਜ਼ੁਰਗਾਂ ਦੇ ਚੇਤਿਆਂ ਵਿੱਚ ਹੀ ਰਹਿ ਗਈਆਂ ਹਨ। ਅੱਜ ਤੋਂ ਚਾਲੀ ਸਾਲ ਪਹਿਲਾਂ ਪੁਰਾਤਨ ਪਿੰਡਾਂ ਦੇ ਘਰ ਚੌੜੀਆਂ ਸਵਾਤਾਂ ਅਤੇ ਖੁੱਲ੍ਹੇ ਵਿਹੜਿਆਂ ਦੇ ਰੂਪ ਵਿੱਚ ਹੁੰਦੇ ਸਨ। ਇਹ ਖੁੱਲ੍ਹੇ-ਡੁੱਲ੍ਹੇ ਘਰ ਗੂੜ੍ਹੀਆਂ ਮੁਹੱਬਤਾਂ ਅਤੇ ਸਾਂਝਾਂ ਦੇ ਪ੍ਰਤੀਕ ਸਨ। ਇਨ੍ਹਾਂ ਸਵਾਤਾਂ ਅਤੇ ਵਿਹੜਿਆਂ ਵਿੱਚੋਂ ਪਿਆਰ ਅਤੇ ਅਪਣੱਤ ਦੀਆਂ ਖ਼ੁਸ਼ਬੋਈਆਂ ਆਉਂਦੀਆਂ ਸਨ। ਸਾਰੇ ਪਰਿਵਾਰ ਸਾਂਝੇ ਹੁੰਦੇ ਸਨ। ਇਨ੍ਹਾਂ ਲੰਮੀਆਂ ਚੌੜੀਆਂ ਸਵਾਤਾਂ ਵਿੱਚ ਰਹਿਣ ਵਾਲੇ ਘਰਾਂ ਵਿੱਚ ਅਨਾਜ, ਆਟਾ ਅਤੇ ਕੱਪੜੇ-ਲੀੜੇ ਨੂੰ ਸਾਂਭਣ ਲਈ ਘਰ ਵਿੱਚ ਮਿੱਟੀ ਦੀਆਂ ਬਣੀਆਂ ਕੱਚੀਆਂ ਕੋਠੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਕੋਠੀਆਂ ਘਰ ਵਿੱਚ ਜੋ ਕਿ ਬੜੇ ਖੁੱਲ੍ਹੇ-ਡੁੱਲ੍ਹੇ ਹੁੰਦੇ ਸਨ, ਇੱਕ ਪਾਸੇ ਬਣੀਆਂ ਹੁੰਦੀਆਂ ਸਨ। ਇਨ੍ਹਾਂ ਕੋਠੀਆਂ ਦੀ ਬਣਤਰ ਚੌਰਸ, ਢਾਈ ਤੋਂ ਤਿੰਨ ਕੁ ਫੁੱਟ ਚੌੜੀ ਅਤੇ ਲੰਬਾਈ ਛੇ ਤੋਂ ਸੱਤ-ਅੱਠ ਫੁੱਟ ਤਕ ਗਿੱਠਾਂ ਨਾਲ ਨਾਪ ਕੇ ਬਣਾਈ ਜਾਂਦੀ ਸੀ, ਜੋ ਕਿ ਦਸ ਬਾਰ੍ਹਾਂ ਗਿੱਠਾਂ ਤਕ ਅਨੁਮਾਨਤ ਹੁੰਦੀ ਸੀ। ਕੋਠੀ ਦੀ ਛੱਤ ਅਤੇ ਥੱਲੇ ਨੂੰ ਨਿੱਗਰ ਕਰਨ ਲਈ ਸੋਟੀਆਂ ਜਾਂ ਸਰਕੰਡੇ ਦੇ ਕਾਨ੍ਹਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਕੋਠੀ ਦੇ ਭਾਰ ਨੂੰ ਸਹਾਰਨ ਲਈ ਹੇਠਾਂ ਮਿੱਟੀ ਦੇ ਹੀ ਚੌਖ਼ਟੇ ਬਣਾਏ ਜਾਂਦੇ ਸਨ। ਖੋਲ੍ਹਣ ਅਤੇ ਬੰਦ ਕਰਨ ਲਈ ਇੱਕ ਚਕੋਰ ਲੱਕੜੀ ਦੀ ਖਿੜਕੀ ਲਾਈ ਜਾਂਦੀ ਸੀ। ਇਹ ਖਿੜਕੀ ਦੋ ਫੱਟੀਆਂ ਨੂੰ ਜੋੜ ਕੇ ਬਣਾਈ ਜਾਂਦੀ ਸੀ। ਇਸ ਨੂੰ ਪੰਚਾਂਗ ਕਿਹਾ ਜਾਂਦਾ ਸੀ। ਇਸ ਪੰਚਾਂਗ ਦੀ ਲੰਬਾਈ ਦੋ ਤੋਂ ਤਿੰਨ ਗਿੱਠਾਂ ਤਕ ਹੁੰਦੀ ਸੀ। ਇਨ੍ਹਾਂ ਕੋਠੀਆਂ ਦੇ ਨੇੜੇ ਹੀ ਕੋਠੀਨੁਮਾ ਭੜੋਲੇ ਬਣਾਏ ਜਾਂਦੇ ਸਨ। ਇਹ ਭੜੋਲੇ ਵੀ ਚਾਰ ਤੋਂ ਲੈ ਕੇ ਛੇ ਗਿੱਠਾਂ ਤਕ ਕੋਠੀ ਦੀ ਤਰ੍ਹਾਂ ਹੀ ਬਣਾਏ ਜਾਂਦੇ ਸਨ ਪਰ ਇਨ੍ਹਾਂ ਦੀ ਲੰਬਾਈ ਚੌੜਾਈ ਕੋਠੀ ਤੋਂ ਘੱਟ ਹੁੰਦੀ ਸੀ। ਇਸ ਦੇ ਮੂੰਹ ਦੀ ਬਣਤਰ ਉੱਪਰ ਵੱਲ ਇੱਕ ਗੋਲ ਅਕਾਰ ਵਿੱਚ ਹੁੰਦੀ ਸੀ। ਇਸ ਦੇ ਮੂੰਹ ਨੂੰ ਢਕਣ ਲਈ ਝੱਕਰੇ ਜਾਂ ਤਸਲੇ ਦੀ ਵਰਤੋਂ ਕੀਤੀ ਜਾਂਦੀ ਸੀ। ਇਨ੍ਹਾਂ ਭੜੋਲਿਆਂ-ਕੋਠੀਆਂ ਦੀ ਸਫ਼ਾਈ ਅਤੇ ਲਿਪਾਈ ਲਈ ਪਾਂਡੂ ਮਿੱਟੀ ਦੀ ਵਰਤੋਂ ਕੀਤੀ ਜਾਂਦੀ ਸੀ। ਕੋਠੀ ਭੜੋਲੇ ਦੀ ਸਾਹਮਣੀ ਦਿੱਖ ਨੂੰ ਸੁੰਦਰ ਬਣਾਉਣ ਲਈ ਮੋਰ, ਘੁੱਗੀਆਂ ਦੇ ਅਕ੍ਰਿਤੀ ਨਮੂਨੇ ਬਹੁਤ ਹੀ ਕਲਾਤਮਿਕ ਢੰਗ ਨਾਲ ਬਣਾਏ ਜਾਂਦੇ ਸਨ। ਸੁਆਣੀ ਦੀ ਸੁਚੱਜਤਾ ਇਨ੍ਹਾਂ ਨਮੂਨਿਆਂ ਵਿੱਚ ਛੁਪੀ ਹੁੰਦੀ ਸੀ। ਇਨ੍ਹਾਂ ਕੋਠੀਆਂ ਭੜੋਲਿਆਂ ਨੂੰ ਬਣਾਉਣ ਲਈ ਪੰਦਰਾਂ ਤੇ ਵੀਹ ਦਿਨ ਤਕ ਲੱਗ ਜਾਂਦੇ ਸਨ। ਦੋ-ਦੋ, ਤਿੰਨ-ਤਿੰਨ ਸੁਆਣੀਆਂ 'ਕੱਠੀਆਂ ਹੋ ਕੇ ਲਾਲ ਮਿੱਟੀ ਨੂੰ ਗੁੰਨ੍ਹ-ਗੁੰਨ੍ਹ ਕੇ ਵਿੱਚ ਬਾਰੀਕ ਤੂੜੀ ਦਾ ਮਲ੍ਹਣ ਪਾ ਕੇ ਚਾਪੜੀਆਂ ਬਣਾ ਕੇ ਤਿਆਰ ਕਰਦੀਆਂ ਸਨ। ਇਸ ਮਿੱਟੀ ਨੂੰ ਤਿਆਰ ਕਰਨ ਲਈ ਸੁਆਣੀਆਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਸੀ। ਇਹ ਮਿੱਟੀ ਚੀੜ੍ਹੀ ਅਤੇ ਮਜ਼ਬੂਤ ਹੁੰਦੀ ਸੀ ਅਤੇ ਲੰਮੇ ਸਮੇਂ ਲਈ ਕੋਠੀਆਂ ਅਤੇ ਭੜੋਲਿਆਂ ਦੀ ਮੁਨਿਆਦ ਵਧਾਉਂਦੀ ਸੀ। ਇਨ੍ਹਾਂ ਭੜੋਲਿਆਂ-ਕੋਠੀਆਂ ਦੀ ਵੀਹ ਪੱਚੀ ਸਾਲ ਤੋਂ ਵੀ ਵੱਧ ਉਮਰ ਹੁੰਦੀ ਸੀ ਤੇ ਇਹ ਹਰ ਘਰ ਦਾ ਸ਼ਿੰਗਾਰ ਹੁੰਦੇ ਸਨ।

ਇਨ੍ਹਾਂ ਕੋਠੀਆਂ-ਭੜੋਲਿਆਂ ਦੇ ਨੇੜੇ ਹੀ ਗੋਲਾਈ ਵਿੱਚ ਆਟਾ ਪਾਉਣ ਲਈ ਮਿੱਟੀ ਦੇ ਦੋ ਮੱਟ ਵੀ ਬਣਾਏ ਜਾਂਦੇ ਸਨ। ਇੱਕ ਮੱਟ ਦੀ ਚੌੜਾਈ ਹੇਠਾਂ ਤੋਂ ਦੋ ਕੁ ਗਿੱਠ ਅਤੇ ਮੱਧ ਤੋਂ ਤਿੰਨ ਚਾਰ ਗਿੱਠ ਮਟਕੇ ਦੇ ਰੂਪ ਵਿੱਚ ਹੁੰਦੀ ਸੀ। ਇਸ ਮੱਟ ਦਾ ਮੂੰਹ ਇੱਕ ਗਿੱਠ ਦੇ ਘੇਰੇ ਵਿੱਚ ਬਣਾਇਆ ਜਾਂਦਾ ਸੀ। ਇਸ ਦੇ ਮੂੰਹ ਵਿੱਚੋਂ ਸੁਆਣੀ ਅਰਾਮ ਨਾਲ ਬੁੱਕ ਭਰ ਕੇ ਆਟਾ ਕੱਢ ਲੈਂਦੀ ਸੀ। ਮੂੰਹ ਨੂੰ ਬੰਦ ਕਰਨ ਲਈ ਝੱਕਰੇ ਦੀ ਵਰਤੋਂ ਕੀਤੀ ਜਾਂਦੀ ਸੀ। ਕੋਠੀਆਂ ਵਿੱਚ ਅਨਾਜ ਨੂੰ ਸਾਂਭਣ ਲਈ ਨਿੰਮ ਦੇ ਪੱਤੇ ਪਾਏ ਜਾਂਦੇ ਸਨ ਤਾਂ ਜੋ ਸੁਸਰੀ ਵਗੈਰਾ ਨਾ ਲੱਗ ਜਾਵੇ ਅਤੇ ਪੰਚਾਂਗ ਨੂੰ ਬੰਦ ਕਰ ਦਿੱਤਾ ਜਾਂਦਾ ਸੀ। ਇਹ ਅਨਾਜ ਲਗਪਗ ਸਾਲ ਛਿਮਾਹੀ ਲਈ ਭੰਡਾਰ ਕੀਤਾ ਜਾਂਦਾ ਸੀ। ਕੋਈ ਜ਼ਹਿਰੀਲੀ ਕੀਟਨਾਸ਼ਕ ਜਾਂ ਸਲਫ਼ਾਸ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਕੱਪੜੇ-ਲੀੜੇ, ਖੇਸ, ਰਜਾਈਆਂ, ਦਰੀਆਂ ਵੀ ਇਨ੍ਹਾਂ ਕੋਠੀਆਂ ਵਿੱਚ ਹੀ ਸਾਂਭੀਆਂ ਜਾਂਦੀਆਂ ਸਨ। ਟਿੱਡੀ, ਕੀੜੇ ਤੋਂ ਬਚਾਉਣ ਲਈ ਫਿਨਾਇਲ ਦੀਆਂ ਗੋਲੀਆਂ ਪਾਈਆਂ ਜਾਂਦੀਆਂ ਸਨ ਤਾਂ ਜੋ ਟਿੱਡੀਆਂ ਇਨ੍ਹਾਂ ਨੂੰ ਟੁੱਕ ਨਾ ਦੇਣ। ਇਨ੍ਹਾਂ ਕੋਠੀਆਂ-ਭੜੋਲਿਆਂ ਨੂੰ ਅਨਾਜ ਆਉਣ ਤੋਂ ਪਹਿਲਾਂ ਝਾੜਿਆ ਸੰਵਾਰਿਆ ਜਾਂਦਾ ਸੀ। ਪਿੜਾਂ ਵਿੱਚੋਂ ਆਏ ਅਨਾਜ ਨੂੰ ਸੁਕਾ ਕੇ ਕੋਠੀਆਂ ਵਿੱਚ ਪਾਇਆ ਜਾਂਦਾ ਸੀ। ਪੀਸਣ ਪਿਹਾਉਣ ਵੇਲੇ ਲੋੜ ਮੁਤਾਬਕ ਅਨਾਜ ਕੱਢਿਆ ਜਾਂਦਾ ਸੀ ਅਤੇ ਪੰਚਾਂਗ ਨਾਲ ਕੋਠੀ ਬੰਦ ਕਰ ਦਿੱਤੀ ਜਾਂਦੀ ਸੀ। ਇਨ੍ਹਾਂ ਕੋਠੀਆਂ-ਭੜੋਲਿਆਂ ਵਿੱਚ ਚੂਹਿਆਂ ਦੇ ਵੜਨ ਦਾ ਉੱਕਾ ਹੀ ਅੰਦੇਸ਼ਾ ਨਹੀਂ ਸੀ ਹੁੰਦਾ। ਕੋਠੀਆਂ-ਭੜੋਲਿਆਂ 'ਚੋਂ ਵਰਤਿਆ ਅਨਾਜ ਬੀਮਾਰੀਆਂ ਤੋਂ ਰਹਿਤ ਹੁੰਦਾ ਸੀ। ਪੁਰਾਣੇ ਗੱਭਰੂ ਬਜ਼ੁਰਗਾਂ ਸੁਆਣੀਆਂ ਦੇ ਚਿਹਰੇ ਹਸੂੰ-ਹਸੂੰ ਅਤੇ ਦਗ਼-ਦਗ਼ ਕਰਦੇ ਸਨ। ਉੱਚੇ ਲੰਮੇ ਗੱਭਰੂ ਮੁਟਿਆਰਾਂ ਪਸੀਨਾ ਵਹਾ ਕੇ ਤਕੜੀ ਮਿਹਨਤ ਕਰਦੇ ਸਨ। ਕੱਚੀਆਂ ਸਵਾਤਾਂ ਵਿੱਚੋਂ ਆਉਂਦੀਆਂ ਠੰਢੀਆਂ ਹਵਾਵਾਂ, ਖ਼ੁਸ਼ਬੋਈਆਂ ਅਤੇ ਸਾਂਝਾਂ ਇਨ੍ਹਾਂ ਮਹਿਲਨੁਮਾ ਮਕਾਨਾਂ ਵਿੱਚੋਂ ਦੇਖਣ ਨੂੰ ਨਹੀਂ ਮਿਲਦੀਆਂ। ਅੱਜ ਹਰੇਕ ਬੁੱਢੇ, ਬੱਚੇ, ਇਸਤਰੀ ਦੇ ਚਿਹਰੇ 'ਤੇ ਉਦਾਸੀਆਂ ਦਾ ਮੰਜ਼ਰ ਹੈ। ਹਾਸੇ, ਠੱਠੇ, ਮਸ਼ਕੂਲੇ ਇਨ੍ਹਾਂ ਕੋਠੀਆਂ 'ਚੋਂ ਮਨਫ਼ੀ ਹੋ ਗਏ ਹਨ। ਉਨ੍ਹਾਂ ਪੁਰਾਣੇ ਘਰਾਂ ਵਿਹੜਿਆਂ ਅਤੇ ਸਵਾਤਾਂ ਨੂੰ ਫੁੱਟਾਂ ਵਿੱਚ ਨਾਪ ਕੇ ਮਹਿਲ ਉਸਾਰੇ ਜਾ ਰਹੇ ਹਨ, ਜਿਸ ਨਾਲ ਸਾਡਾ ਪੁਰਾਤਨ ਸੱਭਿਆਚਾਰਕ ਅਮੀਰ ਵਿਰਸਾ ਸ਼ਰਮ-ਹਯਾ, ਧੀਆਂ-ਭੈਣਾਂ ਦੀ ਇੱਜ਼ਤ ਅਤੇ ਪਰਦੇ ਦੀ ਰਾਖੀ ਕਰਨ ਦੇ ਜਜ਼ਬੇ ਖ਼ਤਮ ਹੋ ਗਏ ਹਨ। ਸਿਰਫ਼ ਇਨ੍ਹਾਂ ਕੋਠੀਆਂ ਵਿੱਚ ਪੀਪੇ ਅਲਮਾਰੀਆਂ ਦੀਵਾਨ ਬੈੱਡ, ਡੱਬੇ, ਚੁੱਲ੍ਹਿਆਂ ਦੀ ਥਾਂ ਸਿਲੰਡਰਾਂ ਨੇ ਮੱਲ ਲਈ ਹੈ। ਆਧੁਨਿਕਤਾ ਦੇ ਚਾਨਣ ਨੇ ਸਾਡੇ ਮਨਾਂ ਵਿੱਚ ਹਨੇਰਾ ਕਰ ਦਿੱਤਾ ਹੈ। ਪਿਆਰ, ਸਾਂਝਾਂ, ਮੁਹੱਬਤਾਂ ਪੱਤਰਾ ਵਾਚ ਗਈਆਂ ਹਨ। ਭੜੋਲੇ, ਮੱਟ, ਕੱਚੀਆਂ ਕੋਠੀਆਂ ਪਿੰਡਾਂ ਵਿੱਚੋਂ ਖ਼ਤਮ ਹੋ ਗਏ ਹਨ। ਪੁਰਾਤਨ ਵਿਰਾਸਤ ਸੱਭਿਆਚਾਰ ਬਜ਼ੁਰਗਾਂ ਤੋਂ ਸੁਣੀਆਂ-ਸੁਣਾਈਆਂ ਗੱਲਾਂ ਰਹਿ ਗਈਆਂ ਹਨ।

**-ਜਗਜੀਤ ਸਿੰਘ ਜੱਗਾ**

# ਸੱਭਿਆਚਾਰ ਤੋਂ ਦੂਰ ਹੁੰਦੀ ਜਾ ਰਹੀ ਜਾਗੋ



ਪੰਜਾਬ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਧਰਤੀ ਹੈ। ਹੁਣ ਬੇਸ਼ੱਕ ਇੱਥੇ ਪੂਰੇ ਪੰਜ ਦਰਿਆ ਨਹੀਂ ਰਹੇ ਪਰ ਇਹ ਪਹਿਲਾਂ ਵਾਂਗ ਹੀ ਆਪਣੇ ਅਮੀਰ ਸੱਭਿਆਚਾਰ ਕਰਕੇ ਭਾਰਤ ਵਿੱਚ ਹੀ ਨਹੀਂ, ਸਗੋਂ ਪੂਰੀ ਦੁਨੀਆਂ 'ਚ ਆਪਣੀ ਵੱਖਰੀ ਪਛਾਣ ਦਾ ਅਹਿਸਾਸ ਕਰਵਾਉਂਦਾ ਆ ਰਿਹਾ ਹੈ। ਅੱਜ ਦੇ ਅਤਿ ਆਧੁਨਿਕ ਯੁੱਗ ਵਿੱਚ ਪੰਜਾਬ ਨੇ ਬੇਅੰਤ ਤਰੱਕੀ ਕੀਤੀ ਹੈ। ਕਿਸੇ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਕੱਚੇ ਰਸਤਿਆਂ 'ਤੇ ਲੱਕੜ ਦੇ ਪਹੀਆਂ ਵਾਲੇ ਗੱਡੇ ਦੌੜਦੇ ਸਨ। ਅੱਜ ਉਨ੍ਹਾਂ ਕੱਚੇ ਰਸਤਿਆਂ ਦਾ ਬਦਲ ਪੱਕੀਆਂ ਸੜਕਾਂ ਨੇ ਲੈ ਲਿਆ ਹੈ, ਗੱਡਿਆਂ ਦੀ ਥਾਂ ਹੁਣ ਵੀਹ-ਵੀਹ ਲੱਖ ਦੀਆਂ ਗੱਡੀਆਂ ਨੇ ਲੈ ਲਈ ਹੈ। ਪੰਜਾਬ ਵਸਦਾ ਹੈ ਤੇ ਵਸਦਾ ਰਹੇਗਾ ਪਰ ਵਕਤ ਦੀ ਚਾਲ ਦੇ ਨਾਲ-ਨਾਲ ਇੱਥੋਂ ਦੇ ਤਿੱਥਾਂ-ਤਿਉਹਾਰਾਂ ਵਿੱਚ ਬਦਲਾਅ ਆ ਰਿਹਾ ਹੈ। ਪੰਜਾਬੀ ਸੱਭਿਆਚਾਰ ਦਾ ਹਿੱਸਾ ਹੀ ਨਹੀਂ, ਸਗੋਂ ਅਨਿੱਖੜਵਾਂ ਅੰਗ ਅਖਵਾਉਣ ਵਾਲੀ 'ਜਾਗੋ' ਦੀ ਅਸਲ ਪਛਾਣ ਖ਼ਤਰੇ ਵਿੱਚ ਪੈ ਚੁੱਕੀ ਹੈ। 'ਜਾਗੋ' ਵਿਆਹ ਚਾਹੇ ਕੁੜੀ ਦਾ ਹੋਵੇ ਜਾਂ ਮੁੰਡੇ ਦਾ, ਵਿਆਹ ਤੋਂ ਠੀਕ ਇੱਕ ਦਿਨ ਪਹਿਲਾਂ ਰਾਤ ਸਮੇਂ ਕੱਢੀ ਜਾਂਦੀ ਹੈ। ਪਹਿਲੇ ਸਮੇਂ ਵਿੱਚ ਜਾਗੋ ਆਪਸੀ ਭਾਈਚਾਰਕ ਸਾਂਝ ਦੀ ਤਰਜ਼ਮਾਨੀ ਕਰਦੀ ਇੱਕ ਮਿਸਾਲ ਪੇਸ਼ ਕਰਦੀ ਸੀ। ਆਪਸੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਹੋਰ ਵੀ ਨੂੜ ਕੇ ਰੱਖਦੀ ਸੀ ਜਾਗੋ। ਇਸ ਵਿੱਚ ਪਾਈਆਂ ਜਾਂਦੀਆਂ ਬੋਲੀਆਂ ਬੇਸ਼ੱਕ ਕੌੜੀਆਂ ਤੇ ਮਸ਼ਕਰੀਆਂ ਵਾਲੀਆਂ ਹੁੰਦੀਆਂ ਸਨ ਪਰ ਫਿਰ ਵੀ ਕਦੇ ਕਿਸੇ ਰਿਸ਼ਤੇ ਤੇ ਭਾਈਚਾਰਕ ਸਾਂਝ ਦੀ ਟੁੱਟ-ਭੱਜ ਨਹੀਂ ਸੀ ਹੁੰਦੀ। ਉਸ ਵੇਲੇ ਦੇਸੀ ਸਾਜ਼ਾਂ ਜਿਵੇਂ ਪਰਾਤ ਅਤੇ ਛੱਜ ਨੂੰ ਵਜਾ-ਵਜਾ ਕੇ ਜਾਗੋ ਪੂਰੇ ਪਿੰਡ ਵਿੱਚ ਕੱਢੀ ਜਾਂਦੀ ਸੀ, ਜਿਸ ਵਿੱਚ ਸਾਰਾ ਭਾਈਚਾਰਾ ਸ਼ਿਰਕਤ ਕਰਦਾ ਸੀ। ਕੁੜੀਆਂ, ਬੁੜੀਆਂ ਵਿੱਚ ਜਾਗੋ ਸਮੇਂ ਇੱਕ ਵੱਖਰਾ ਹੀ ਚਾਅ ਤੇ ਜੋਸ਼ ਹੁੰਦਾ ਸੀ। ਹੁਣ ਜਾਗੋ ਅਸੱਭਿਅਕ ਹੁੰਦੀ ਜਾ ਰਹੀ ਹੈ। ਅੱਜ ਦੀ ਜਾਗੋ ਨੇ ਵੱਖਰਾ ਹੀ ਆਧੁਨਿਕ ਰੰਗ ਅਖ਼ਤਿਆਰ ਕਰ ਲਿਆ ਹੈ। ਅੱਜ ਜਾਗੋ ਪਰਾਤ ਤੇ ਛੱਜਾਂ ਨਾਲ ਨਹੀਂ, ਸਗੋਂ ਢੋਲ-ਢਮੱਕਿਆਂ ਨਾਲ ਕੱਢੀ ਜਾਂਦੀ ਹੈ। ਅਤਿ ਆਧੁਨਿਕ ਤਰ੍ਹਾਂ ਦੇ ਬੰਬ ਪਟਾਕੇ ਚਲਾ ਕੇ ਜਾਗੋ ਕੱਢੀ ਜਾਂਦੀ ਹੈ। ਬੋਲੀਆਂ ਤਾਂ ਅੱਜ ਦੀ ਪੀੜ੍ਹੀ ਭੁੱਲ-ਭੁਲਾ ਚੁੱਕੀ ਹੈ, ਹੁਣ ਬੋਲੀਆਂ ਲਈ ਵੀ ਵਿਅਕਤੀ ਕਿਰਾਏ 'ਤੇ ਆਉਂਦਾ ਹੈ। ਰਾਤ ਸਮੇਂ ਕੰਨ ਪਾੜਵੇਂ ਸੰਗੀਤ ਵਿੱਚ ਵਜਦੇ ਪਟਾਕਿਆਂ ਵਿੱਚ ਕਈ ਵਾਰ ਅਸਲੀ ਗੋਲੀਆਂ ਦੇ ਫਾਇਰ ਵੀ ਕੀਤੇ ਜਾਂਦੇ ਹਨ। ਹਥਿਆਰਾਂ ਦਾ ਚਲਨ ਵੀ ਜਾਗੋ ਵਿੱਚ ਸ਼ਾਮਲ ਹੁੰਦਾ ਜਾ ਰਿਹਾ ਹੈ। ਪੁਰਾਣੇ ਸਮੇਂ ਕੱਢੀ ਜਾਂਦੀ ਜਾਗੋ ਨਾਲ ਜਿੱਥੇ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਹੁੰਦੀਆਂ ਸਨ, ਉੱਥੇ ਅੱਜ-ਕੱਲ੍ਹ ਦੀ ਤੜਕ-ਭੜਕ ਨਾਲ ਕੱਢੀ ਜਾਂਦੀ ਜਾਗੋ ਸਮੇਂ ਹੋਏ ਝਗੜਿਆਂ ਦੇ ਨਿਪਟਾਰੇ ਅਦਾਲਤਾਂ ਤਕ ਪਹੁੰਚਦੇ ਵੇਖੇ ਜਾ ਸਕਦੇ ਹਨ। ਆਮ ਕਰਕੇ ਪੰਜਾਬੀਆਂ ਵਿੱਚ ਵਿੱਤੋਂ ਬਾਹਰਾ ਹੋ ਕੇ ਖਰਚਾ ਕਰਨ ਦੀ ਪਿਰਤ ਰਹੀ ਹੈ, ਜਿਸ ਕਰਕੇ ਸਾਡੇ ਤਿੱਥ-ਤਿਉਹਾਰ ਮਨਾਉਣ ਦੇ ਢੰਗ ਤਰੀਕੇ ਬਦਲ ਰਹੇ ਹਨ। ਫਿਰ ਵੀ ਇਸ ਕਥਨ ਨੂੰ ਸੱਚ ਹੁੰਦਿਆਂ ਆਪਾਂ ਛੇਤੀ ਹੀ ਵੇਖਾਂਗੇ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦੈ, ਭਾਵ ਜੋ ਪਰੰਪਰਾਵਾਂ ਤੇ ਰੀਤੀ-ਰਿਵਾਜ ਸਾਡੀ ਸੱਭਿਅਤਾ ਦਾ ਕਦੇ ਹਿੱਸਾ ਹੋਇਆ ਕਰਦੇ ਸਨ, ਉਹ ਫਿਰ ਤੋਂ ਜੀਵਤ ਹੋਣਗੇ। ਫਿਰ ਉਸੇ ਤਰ੍ਹਾਂ ਪਿੰਡਾਂ ਵਿੱਚ ਵਿਆਹ ਆਪਣੇ ਘਰਾਂ ਵਿੱਚ ਹੀ ਕੀਤੇ ਜਾਣਗੇ, ਫਿਰ ਪਰੰਪਰਾ ਤੁਰੇਗੀ ਸੱਭਿਅਕ ਤੌਰ 'ਤੇ ਜਾਗੋ ਕੱਢਣ ਦੀ। ਕਾਸ਼! ਇਹ ਸੱਚ ਹੋ ਜਾਵੇ।

**- ਮਦਨ ਬੰਗੜ**

# ਦੁਰਲੱਭ ਪੰਜਾਬੀ ਫ਼ਿਲਮਾਂ ਅਤੇ ਸੰਗੀਤ ਦਾ ਖੋਜਕਾਰ : ਮਨਦੀਪ ਸਿੰਘ ਸਿੱਧੂ



ਪਿਛਲੇ ਕਈ ਸਾਲਾਂ ਤੋਂ ਪੁਰਾਣੇ ਪੰਜਾਬੀ ਲੋਕ ਸੰਗੀਤ ਅਤੇ ਫ਼ਿਲਮ ਸੰਗੀਤ ਨੂੰ ਇਕੱਠਾ ਕਰਨ ਲਈ ਮਨਦੀਪ ਸਿੰਘ ਸਿੱਧੂ ਤਨਦੇਹੀ ਨਾਲ ਜੁਟਿਆ ਹੋਇਆ ਹੈ। ਉਸ ਦਾ ਜਨਮ ਪਿਤਾ ਜੋਗਿੰਦਰ ਸਿੰਘ ਦੇ ਘਰ ਮਾਤਾ ਗੁਰਮੇਲ ਕੌਰ ਦੀ ਕੁੱਖੋਂ ਫ਼ਿਰੋਜ਼ਪੁਰ ਵਿਖੇ ਹੋਇਆ। ਸੰਗੀਤ ਨਾਲ ਬਚਪਨ ਤੋਂ ਲਗਾਓ ਹੋਣ ਸਦਕਾ ਮਨਦੀਪ ਸਿੱਧੂ ਨੇ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਹੀ 'ਰੇਡੀਓ ਸੀਲੋਨ' ਦੇ ਪ੍ਰੋਗਰਾਮ 'ਬਿਨਾਕਾ ਗੀਤਮਾਲਾ', 'ਵਿਵਿਧ ਭਾਰਤੀ' ਦੇ 'ਹਵਾ ਮਹਿਲ', 'ਸਿਬਾਕਾ ਗੀਤ ਮਾਲਾ', 'ਆਲ ਇੰਡੀਆ ਰੇਡੀਓ' ਦੀ ਉਰਦੂ ਸਰਵਿਸ ਤੋਂ 'ਆਵਾਜ਼ ਦੇ ਕਹਾਂ ਹੈ' ਅਤੇ 'ਰੇਡੀਓ ਜਲੰਧਰ' ਤੋਂ ਚਲਦੇ ਦਿਲਕਸ਼ ਸੰਗੀਤ ਨੂੰ ਪੜ੍ਹਾਈ ਦੌਰਾਨ ਹੀ ਇਕੱਠਿਆਂ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਗ੍ਰਾਮੋਫ਼ੋਨ ਮਸ਼ੀਨ 'ਤੇ ਚੱਲਣ ਵਾਲੇ ਪੱਥਰ ਦੇ ਰਿਕਾਰਡ (GE RPM), ਲੌਂਗ-ਪਲੇਅ ਰਿਕਾਰਡ (33 RPM) ਅਤੇ ਐਕਸਟੈਂਡ-ਪਲੇਅ ਰਿਕਾਰਡ (45 RPM) ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਆਡੀਓ ਕੈਸਟਾਂ ਵੀ। ਹੁਣ ਉਹ ਇਨ੍ਹਾਂ ਦੇ ਗੀਤਾਂ ਨੂੰ ਕੰਪਿਊਟਰ ਵਿੱਚ ਅਪਲੋਡ ਕਰ ਰਿਹਾ ਹੈ।

ਇਸ ਵੇਲੇ ਮਨਦੀਪ ਦੀ ਸੰਗੀਤਕ-ਲਾਇਬਰੇਰੀ ਵਿੱਚ ਅਣਵੰਡੇ ਪੰਜਾਬ ਦੀਆਂ 1935 ਤੋਂ 1947 ਤਕ ਦੀਆਂ ਬਣੀਆਂ ਪੰਜਾਬੀ ਫ਼ਿਲਮਾਂ ਦੇ ਨਾਯਾਬ ਗੀਤ ਕੰਪਿਊਟਰ ਵਿੱਚ ਅਪਲੋਡ ਕਰਕੇ ਰੱਖੇ ਹੋਏ ਹਨ। ਦੇਸ਼ ਆਜ਼ਾਦੀ ਤੋਂ ਬਾਅਦ ਆਜ਼ਾਦ ਹਿੰਦੁਸਤਾਨ ਦੀ ਪਹਿਲੀ ਪੰਜਾਬੀ ਫ਼ਿਲਮ 'ਚਮਨ' ਜੋ 3 ਅਗਸਤ 1948 ਨੂੰ ਨੁਮਾਇਸ਼ ਹੋਈ, ਜਿਸ ਦੇ ਮਰਕਜ਼ੀ ਕਿਰਦਾਰ 'ਕਰਨ ਦੀਵਾਨ' ਤੇ 'ਮੀਨਾ ਸ਼ੋਰੀ' ਨੇ ਅਦਾ ਕੀਤੇ ਸਨ ਦਾ ਪ੍ਰਿੰਟ ਉਸ ਦੇ ਕੋਲ ਪਿਆ ਹੈ। ਉਸ ਕੋਲ ਪੰਜਾਹਵੇਂ ਤੋਂ ਨੱਬੇਵੇਂ ਦਹਾਕੇ ਵਿੱਚ ਆਈਆਂ ਦੁਰਲੱਭ ਪੰਜਾਬੀ ਫ਼ਿਲਮਾਂ ਮਹਿਫ਼ੂਜ਼ ਪਈਆਂ ਹਨ। ਮਨਦੀਪ ਵੱਲੋਂ ਪੰਜਾਹਵੇਂ ਦਹਾਕੇ ਵਿੱਚ ਬਣੀਆਂ ਬਾਕੀ ਪੰਜਾਬੀ ਫ਼ਿਲਮਾਂ ਦੀ ਖੋਜ ਜਾਰੀ ਹੈ ਅਤੇ ਲਹਿੰਦੇ ਪੰਜਾਬ ਵਿੱਚ ਬਣੀਆਂ ਕਾਫ਼ੀ ਸਾਰੀਆਂ ਪੰਜਾਬੀ ਫ਼ਿਲਮਾਂ ਵੀ ਉਸ ਦੀ ਲਾਇਬਰੇਰੀ ਵਿੱਚ ਪਈਆਂ ਹਨ।

ਜੇ ਹਿੰਦੀ ਸਿਨੇਮੇ ਦੀ ਗੱਲ ਕਰੀਏ ਤਾਂ ਸਿੱਧੂ ਦੀ ਲਾਇਬਰੇਰੀ ਵਿੱਚ 1932 ਤੋਂ 1980 ਤਕ ਦੀਆਂ ਫ਼ਿਲਮਾਂ ਦੇ ਅਨੇਕਾਂ ਦੁਰਲੱਭ ਗੀਤ ਸਾਂਭੇ ਪਏ ਹਨ। ਇਸ ਤੋਂ ਇਲਾਵਾ ਉਸ ਕੋਲ 1934 ਤੋਂ 1960 ਤਕ ਦੀਆਂ ਅਨੇਕਾਂ ਹਿੰਦੀ ਫ਼ਿਲਮਾਂ ਦੇ ਦੁਰਲਭ ਪ੍ਰਿੰਟ ਪਏ ਹਨ। ਜੇ ਗੱਲ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਫ਼ਿਲਮੀ ਅਤੇ ਲੋਕ-ਫ਼ਨਕਾਰਾਂ ਦੀ ਕਰੀਏ ਤਾਂ ਉਸ ਦੇ ਕੋਲ ਹਰ ਗਾਇਕ ਦੇ ਗੀਤ ਸੰਭਾਲੇ ਪਏ ਹਨ। ਪੁਰਾਣੇ ਫ਼ਿਲਮੀ ਸੰਗੀਤ ਦੀ ਉਸ ਨੂੰ ਐਨੀ ਜਾਣਕਾਰੀ ਹੈ ਕਿ ਤੁਸੀਂ ਕਿਸੇ ਫ਼ਿਲਮ, ਗੀਤ, ਗਾਇਕ, ਅਦਾਕਾਰ ਅਤੇ ਗਰੁੱਪ ਬਾਰੇ ਪੁੱਛ ਲਵੋ, ਉਹ ਤੁਰੰਤ ਦੱਸ ਦੇਵੇਗਾ।

ਸਿੱਧੂ ਪੁਰਾਣੀਆਂ ਪੰਜਾਬੀ ਫ਼ਿਲਮਾਂ ਤੇ ਗੀਤਾਂ ਦੀ ਖ਼ਾਤਰ ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ (ਪਾਕਿਸਤਾਨ) ਦੀਆਂ ਗਲੀਆਂ ਵੀ ਛਾਣ ਚੁੱਕਿਆ ਹੈ। ਮਨਦੀਪ ਪਾਕਿਸਤਾਨ ਫੇਰੀ ਦੌਰਾਨ ਲਾਹੌਰ ਦੇ ਮਸ਼ਹੂਰ ਮਿਊਜ਼ਿਕ ਕੇਂਦਰਾਂ ਤੋਂ 1949-50 ਦੇ ਜ਼ਮਾਨੇ ਦੀਆਂ ਪੰਜਾਬੀ ਫ਼ਿਲਮਾਂ, ਉੱਥੋਂ ਦੇ ਫ਼ਨਕਾਰਾਂ ਦੇ ਗੀਤ ਇਕੱਠੇ ਕਰਨ ਦੇ ਨਾਲ 'ਜੂਪੀਟਰਸ ਗਰੁੱਪ' ਦੇ 'ਜਵਾਦ ਅਹਿਮਦ', 'ਨੈਕਸਸ' ਦੇ 'ਤਾਹਿਰ ਸਾਕੀ' ਅਤੇ 'ਰੇਜ ਗਰੁੱਪ' ਦੇ 'ਸੁਲੇਮਾਨ' ਨਾਲ ਵੀ ਮੁਲਾਕਾਤ ਕਰ ਚੁੱਕਿਆ ਹੈ। ਉਸ ਨੇ 1995-96 ਵਿੱਚ ਪੀ.ਟੀ.ਵੀ. ਚੈਨਲ 'ਤੇ ਚੱਲਦੇ ਪੌਪ ਸੰਗੀਤ ਸ਼ੋਅ ਡਰਾਮੇ ਅਤੇ ਡੀ. ਡੀ. ਨੈਸ਼ਨਲ ਤੇ ਡੀ. ਡੀ. ਜਲੰਧਰ ਤੋਂ ਚੱਲਦੇ ਪੁਰਾਣੇ ਗੀਤਾਂ ਤੇ ਫ਼ਿਲਮਾਂ ਦੀ ਵੀ. ਸੀ. ਆਰ. ਤੋਂ ਰਿਕਾਰਡਿੰਗ ਕਰਕੇ ਵੀਡੀਓ ਕੈਸਿਟਾਂ ਦੇ ਰੂਪ ਵਿੱਚ ਸਾਂਭੀ ਹੋਈ ਹੈ।

ਐਨਾ ਹੀ ਨਹੀਂ ਮਨਦੀਪ ਦੀ ਪੰਜਾਬੀ ਦੀ ਸੁੰਦਰ ਲਿਖਾਈ ਕੰਪਿਊਟਰ ਨੂੰ ਵੀ ਮਾਤ ਪਾਉਂਦੀ ਹੈ। ਹੁਣ ਤਕ ਮਨਦੀਪ ਕੋਲੋਂ ਸਕੂਲਾਂ/ਕਾਲਜਾਂ ਦੇ ਕਈ ਮੁੰਡੇ-ਕੁੜੀਆਂ ਸੁੰਦਰਬ ਲਿਖਾਈ ਦੇ ਗੁਰ ਸਿੱਖ ਚੁੱਕੇ ਹਨ ਤੇ ਸਿੱਖ ਰਹੇ ਹਨ। ਉਹ ਸੁੰਦਰ ਲਿਖਾਈ ਕਰਕੇ ਅਨੇਕਾਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਹੋ ਚੁੱਕਾ ਹੈ। ਉਸ ਕੋਲ ਵੱਖ-ਵੱਖ ਮੁਲਕਾਂ ਦੇ ਇਤਿਹਾਸ, ਆਰਥਿਕਤਾ ਅਤੇ ਸੱਭਿਆਚਾਰ ਨੂੰ ਦਰਸਾਉਂਦੇ ਕਰੰਸੀ ਨੋਟਾਂ, ਡਾਕ-ਟਿਕਟਾਂ, ਪੁਰਾਤਨ ਸਿੱਕੇ ਅਤੇ ਪੁਰਾਣੀਆਂ ਹੱਥ ਲਿਖਤ ਪੁਸਤਕਾਂ, ਫ਼ਿਲਮੀ ਪੋਸਟਰਾਂ ਦਾ ਵੀ ਵੱਡਾ ਸੰਗ੍ਰਹਿ ਪਿਆ ਹੈ। ਪਿਛਲੇ ਕਈ ਸਾਲਾਂ ਤੋਂ ਦੇਸ਼-ਵਿਦੇਸ਼ ਤੋਂ ਛਪਦੇ ਪੰਜਾਬੀ ਅਖ਼ਬਾਰਾਂ ਵਿੱਚ ਉਸ ਦੇ ਲੇਖ ਛਪਦੇ ਆ ਰਹੇ ਹਨ। ਉਸ ਦੀਆਂ ਲਿਖੀਆਂ ਅਨੇਕਾਂ ਬਾਲ-ਕਹਾਣੀਆਂ, ਰੌਚਿਕ ਜਾਣਕਾਰੀਆਂ, ਕਵਿਤਾਵਾਂ ਆਦਿ ਵੀ ਛਪ ਚੁੱਕੀਆਂ ਹਨ।

ਉਸ ਨੇ ਦੱਸਿਆ ਕਿ ਇਸ ਕਾਰਜ ਨੂੰ ਪੂਰਾ ਕਰਨ ਲਈ ਸ਼ਮਸ਼ੇਰ ਸਿੰਘ ਰਾਏ, ਮਨਜੀਤ ਸਿੰਘ ਰਾਏ, ਬਲਕੀਤ ਸਿੰਘ ਪੇਸੀ, ਬਲਵਿੰਦਰ ਸਿੰਘ ਮੋਹੀ ਹੁਰਾਂ ਦਾ ਵਿਸ਼ੇਸ਼ ਸਹਿਯੋਗ ਮਿਲ ਰਿਹਾ ਹੈ। ਮਨਦੀਪ ਸਿੱਧੂ ਦੀ ਦਿਲੀ ਖ਼ਵਾਹਿਸ਼ ਹੈ ਕਿ ਉਹ ਇਕੱਠੀਆਂ ਕੀਤੀਆਂ ਤਮਾਮ ਨਾਯਾਬ ਫ਼ਿਲਮਾਂ ਅਤੇ ਸੰਗੀਤ ਨੂੰ ਆਪਣੀ ਨਿੱਜੀ ਲਾਇਬਰੇਰੀ ਬਣਾਉਣ ਦੀ ਬਜਾਏ ਪੰਜਾਬ ਦੀ ਧਰਤ 'ਤੇ 'ਪੰਜਾਬੀ ਸੰਗੀਤ ਮਹਿਲ' ਬਣਾ ਕੇ ਲੋਪ ਹੋ ਰਹੇ ਪੰਜਾਬੀ ਲੋਕ-ਸੰਗੀਤ ਅਤੇ ਪੰਜਾਬੀ ਫ਼ਿਲਮਾਂ ਨੂੰ ਸੰਭਾਲ ਸਕੇ।

**-ਨਵਿੰਦਰ ਸਿੰਘ ਪੰਧੇਰ**

## ਸੰਪਾਦਕੀ

# ਮਹਾਰਾਸ਼ਟਰ ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ ਵੱਲੋਂ 14 ਫੂਡ ਕਮਰਸ਼ੀਅਲ ਲਾਇਸੈਂਸ ਮੁਅੱਤਲ

ਮਹਾਰਾਸ਼ਟਰ ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ ਵੱਲੋਂ ਜ਼ੋਮੈਟੋ ਦੀ ਮਲਕੀਅਤ ਵਾਲੀ 'ਬਲਿੰਕਿਟ', 'ਜ਼ੈਪਟੋ' ਅਤੇ 'ਸਵਿਗੀ' ਦੀ ਮਲਕੀਅਤ ਵਾਲੀ 'ਇੰਸਟਾਮਾਰਟ' ਨਾਲ ਜੁੜੇ 14 ਫੂਡ ਕਮਰਸ਼ੀਅਲ ਲਾਇਸੈਂਸ ਮੁਅੱਤਲ ਕਰਨ ਦਾ ਕਦਮ ਭਾਰਤ ਦੀ ਤੇਜ਼ੀ ਨਾਲ ਵਧ ਰਹੀ ਕੁਇੱਕ-ਕਾਮਰਸ ਸਨਅਤ ਲਈ ਇੱਕ ਵੱਡੀ ਚਿਤਾਵਨੀ ਹੋਣਾ ਚਾਹੀਦਾ ਹੈ। ਇਨ੍ਹਾਂ ਛਾਪੇਮਾਰੀਆਂ ਦੌਰਾਨ ਕਈ ਡਾਰਕ ਸਟੋਰਾਂ ਅਤੇ ਗੋਦਾਮਾਂ ਵਿੱਚ ਟਿੱਡੀਆਂ-ਕੌਕਰੋਚਾਂ ਦਾ ਹੋਣਾ, ਮਿਆਦ ਪੁੱਗ ਚੁੱਕੇ ਖਾਣ-ਪੀਣ ਵਾਲੇ ਪਦਾਰਥ, ਗ਼ਲਤ ਢੰਗ ਨਾਲ ਭੰਡਾਰਨ ਅਤੇ ਸਾਫ਼-ਸਫ਼ਾਈ ਦੀ ਘਾਟ ਪਾਈ ਗਈ ਹੈ। ਭਾਵੇਂ ਇਹ ਕਾਰਵਾਈ ਪੂਰੀਆਂ ਕੰਪਨੀਆਂ ਦੀ ਬਜਾਏ ਕੁਝ ਖ਼ਾਸ ਅਦਾਰਿਆਂ ਤੱਕ ਸੀਮਿਤ ਹੈ, ਪਰ ਇਹ ਇੱਕ ਅਜਿਹੇ ਵਪਾਰਕ ਮਾਡਲ ਦੇ ਵੱਡੇ ਨੁਕਸ ਨੂੰ ਬੇਨਕਾਬ ਕਰਦੀ ਹੈ, ਜੋ ਰਫ਼ਤਾਰ ਨੂੰ ਤਾਂ ਪਹਿਲ ਦਿੰਦਾ ਹੈ ਪਰ ਸੁਰੱਖਿਆ ਨਾਲ ਸਮਝੌਤਾ ਨਹੀਂ ਕਰ ਸਕਦਾ। ਇਸੇ ਤਰ੍ਹਾਂ ਬੰਗਲੂਰੂ ਵਿੱਚ ਵੀ ਹਾਲ ਹੀ 'ਚ ਕੀਤੀ ਗਈ ਖਾਧ ਪਦਾਰਥਾਂ ਦੀ ਚੈਕਿੰਗ ਦੌਰਾਨ ਵੱਖ-ਵੱਖ ਅਦਾਰਿਆਂ ਵਿੱਚੋਂ ਮਿਆਦ ਪੁੱਗ ਚੁੱਕਾ ਖਾਣਾ, ਸੜਿਆ ਹੋਇਆ ਮੀਟ ਅਤੇ ਸਬਜ਼ੀਆਂ, ਗ਼ਲਤ ਲੇਬਲ ਵਾਲੀਆਂ ਚੀਜ਼ਾਂ, ਮਾੜੀ ਸਟੋਰੇਜ ਅਤੇ ਗੰਦਗੀ ਦੇ ਮਾਮਲੇ ਸਾਹਮਣੇ ਆਏ ਹਨ। ਇਹ ਸਾਰੀਆਂ ਕਾਰਵਾਈਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਜਿਉਂ-ਜਿਉਂ ਖ਼ੁਰਾਕੀ ਵਸਤਾਂ ਤੇ ਖਾਣੇ ਦੀ ਡਿਲਿਵਰੀ ਅਤੇ ਰਿਟੇਲ ਸਿਸਟਮ ਕਾਨੂੰਨੀ ਨਿਗਰਾਨੀ ਨਾਲੋਂ ਵੱਧ ਤੇਜ਼ੀ ਨਾਲ ਫੈਲ ਰਹੇ ਹਨ, ਉਵੇਂ-ਉਵੇਂ ਨਿਯਮਾਂ ਦੀ ਪਾਲਣਾ ਵਿੱਚ ਕੋਤਾਹੀ ਇੱਕ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ।

ਤੇਜ਼ੀ ਨਾਲ ਹੋ ਰਹੀ ਹੋਮ ਡਿਲਿਵਰੀ ਕਾਰਨ ਸ਼ਹਿਰੀ ਖਾਣ-ਪੀਣ ਦੇ ਤੌਰ-ਤਰੀਕੇ ਪੂਰੀ ਤਰ੍ਹਾਂ ਬਦਲ ਚੁੱਕੇ ਹਨ ਕਿਉਂਕਿ ਇਹ ਪਲੈਟਫਾਰਮ ਮਿੰਟਾਂ ਵਿੱਚ ਹੀ ਘਰਾਂ ਤੱਕ ਰਾਸ਼ਨ ਪਹੁੰਚਾਉਣ ਦਾ ਦਾਅਵਾ ਕਰਦੇ ਹਨ। ਇਹ ਪਲੈਟਫਾਰਮ ਸਿਰਫ਼ ਤਕਨੀਕੀ ਵਿਚੋਲੇ ਨਹੀਂ ਹਨ; ਇਹ ਗੋਦਾਮ ਵੀ ਚਲਾਉਂਦੇ ਹਨ, ਸਟਾਕ ਦਾ ਪ੍ਰਬੰਧ ਵੀ ਕਰਦੇ ਹਨ ਅਤੇ ਸਾਮਾਨ ਦੀ ਦੇਖ-ਰੇਖ ਵੀ ਕਰਦੇ ਹਨ। ਇਸ ਨਾਲ ਇਹ ਖ਼ੁਰਾਕ ਸੁਰੱਖਿਆ ਅਤੇ ਮਿਆਰ ਐਕਟ ਤਹਿਤ ਖ਼ੁਰਾਕੀ ਪਦਾਰਥਾਂ ਦੇ ਕਾਰੋਬਾਰੀ ਬਣ ਜਾਂਦੇ ਹਨ, ਜਿਨ੍ਹਾਂ ਦੀ ਇਹ ਸਿੱਧੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਫ਼-ਸਫ਼ਾਈ ਵਾਲੀਆਂ ਥਾਵਾਂ, ਸਹੀ ਭੰਡਾਰਨ ਅਤੇ ਢੁਕਵਾਂ ਕੁਆਲਿਟੀ ਕੰਟਰੋਲ ਯਕੀਨੀ ਬਣਾਉਣ। ਗਾਹਕਾਂ ਦੀ ਇਹ ਵਾਜਬ ਉਮੀਦ ਹੁੰਦੀ ਹੈ ਕਿ ਐਪ ਦੇ ਪਿੱਛੇ ਕੰਮ ਕਰ ਰਹੇ ਸਿਸਟਮ ਓਨੇ ਹੀ ਭਰੋਸੇਮੰਦ ਹੋਣ ਜਿੰਨਾ ਕਿ ਉਹ ਇੰਟਰਫੇਸ ਜਿਸ ਦੀ ਵਰਤੋਂ ਉਹ ਕਰਦੇ ਹਨ।

ਇਹ ਛਾਪੇਮਾਰੀ ਇੱਕ ਵਿਸ਼ਾਲ ਕਾਨੂੰਨੀ ਅਤੇ ਪ੍ਰਸ਼ਾਸਨਿਕ ਚੁਣੌਤੀ ਨੂੰ ਵੀ ਉਜਾਗਰ ਕਰਦੀ ਹੈ। ਜਿਉਂ-ਜਿਉਂ ਭਾਰਤੀ ਸ਼ਹਿਰਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਡਾਰਕ ਸਟੋਰ ਖੁੰਬਾਂ ਵਾਂਗ ਉੱਗ ਆਏ ਹਨ, ਉਸ ਹਿਸਾਬ ਨਾਲ ਇਨ੍ਹਾਂ ਦੀ ਚੈਕਿੰਗ ਜਾਂ ਨਿਗਰਾਨੀ ਕਰਨ ਦੀ ਸਮਰੱਥਾ ਪੱਛੜ ਗਈ ਹੈ। ਰੈਸਤਰਾਂ ਦੇ ਉਲਟ ਇਹ ਗੋਦਾਮ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਓਹਲੇ ਵਿੱਚ ਕੰਮ ਕਰਦੇ ਹਨ। ਇਹ ਸਮਾਂ ਅਜਿਹੇ ਸੁਧਾਰਾਂ ਦੀ ਮੰਗ ਕਰਦਾ ਹੈ, ਜੋ ਸਿਰਫ਼ ਸਜ਼ਾ ਦੇਣ ਤੱਕ ਹੀ ਸੀਮਿਤ ਨਾ ਹੋਣ। ਤੀਜੀ ਧਿਰ ਤੋਂ ਆਡਿਟ, ਚੈਕਿੰਗ ਦੀ ਰੇਟਿੰਗ ਨੂੰ ਜਨਤਕ ਕਰਨਾ, ਕੋਲਡ-ਚੇਨ ਦੀ ਸਖ਼ਤ ਨਿਗਰਾਨੀ ਅਤੇ ਸਟਾਕ ਦੀ ਡਿਜੀਟਲ ਟਰੇਸੇਬਿਲਟੀ ਨਵੀਨਤਾ (ਇਨੋਵੇਸ਼ਨ) ਨਾਲ ਸਮਝੌਤਾ ਕੀਤੇ ਬਿਨਾਂ ਜਵਾਬਦੇਹੀ ਨੂੰ ਮਜ਼ਬੂਤ ਕਰ ਸਕਦੇ ਹਨ। ਭਾਰਤੀ ਖ਼ੁਰਾਕ ਸੁਰੱਖਿਆ ਅਤੇ ਮਿਆਰ ਅਥਾਰਿਟੀ ਨੂੰ ਦੇਸ਼ ਭਰ ਦੇ ਡਾਰਕ ਸਟੋਰਾਂ ਦੀ ਜਾਂਚ ਲਈ ਇੱਕੋ ਜਿਹੇ ਨਿਯਮ ਬਣਾਉਣ ਵਾਸਤੇ ਸੂਬਾਈ ਰੈਗੂਲੇਟਰਾਂ ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ। ਸਹੂਲਤ ਸਾਡੀ ਆਧੁਨਿਕ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ, ਪਰ ਕੁਇੱਕ-ਕਾਮਰਸ ਦੀ ਕ੍ਰਾਂਤੀ ਤਾਂ ਹੀ ਲੋਕਾਂ ਦਾ ਭਰੋਸਾ ਬਣਾਈ ਰੱਖ ਸਕਦੀ ਹੈ ਜੇਕਰ ਤੇਜ਼ੀ ਨਾਲ ਹੋਣ ਵਾਲੀ ਡਿਲਿਵਰੀ ਦੇ ਨਾਲ-ਨਾਲ ਸੁਰੱਖਿਅਤ ਖ਼ੁਰਾਕੀ ਪਦਾਰਥ ਪਹੁੰਚਾਉਣ ਪ੍ਰਤੀ ਵੀ ਪੂਰੀ ਵਚਨਬੱਧਤਾ ਹੋਵੇ।

# ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਡੀ ਸੀ ਦਫ਼ਤਰ ਅੱਗੇ ਵਿੱਤ ਮੰਤਰੀ ਦੀ ਅਰਥੀ ਫੂਕੀ ਗਈ



**ਅੰਮ੍ਰਿਤਸਰ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵਲੋਂ ਬਣਾਈ ਗਈ ਸਾਂਝੀ ਤਾਲਮੇਲ ਕਮੇਟੀ ਵਲੋਂ ਐਲਾਨੇ ਗਏ ਸੰਘਰਸ਼ ਦੇ ਤਹਿਤ ਸਾਂਝੀ ਤਾਲਮੇਲ ਕਮੇਟੀ ਜ਼ਿਲ੍ਹਾ ਅੰਮ੍ਰਿਤਸਰ ਵਲੋਂ ਗੁਰਦੀਪ ਸਿੰਘ ਬਾਜਵਾ, ਜਗਦੀਸ਼ ਠਾਕੁਰ, ਅਸ਼ਵਨੀ ਅਵਸਥੀ , ਹਰਜਿੰਦਰਪਾਲ ਸਿੰਘ ਪੰਨੂ, ਅਜੈ ਸਨੋਤਰਾ , ਜੋਗਿੰਦਰ ਸਿੰਘ, ਬੋਬਿੰਦਰ ਸਿੰਘ , ਮਨਜਿੰਦਰ ਸਿੰਘ ਸੰਧੂ , ਅਮਨ ਸ਼ਰਮਾ ਡਾ ਸੰਤ ਸੇਵਕ ਸਰਕਾਰੀਆ ਅਤੇ ਮਦਨ ਲਾਲ ਮੰਨਣ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫ਼ਤਰ ਸਾਹਮਣੇ ਵਿੱਤ ਮੰਤਰੀ ਪੰਜਾਬ ਦੀ ਅਰਥੀ ਫੂਕੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਉਪਰੋਕਤ ਆਗੂਆਂ ਤੋਂ ਇਲਾਵਾ ਸੂਬਾ ਕਨਵੀਨਰ ਜਰਮਨਜੀਤ ਸਿੰਘ ਛੱਜਲਵੱਡੀ , ਸੁਖਦੇਵ ਰਾਜ ਕਾਲੀਆ, ਪ੍ਰਸ਼ਾਂਤ ਸ਼ਰਮਾ, ਰਮੇਸ਼ ਕੁਮਾਰ , ਗੁਰਿੰਦਰ ਸਿੰਘ ਘੁੱਕੇਵਾਲੀ , ਸੁੱਚਾ ਸਿੰਘ ਟਰਪਈ , ਰਜੇਸ਼ ਪ੍ਰਾਸਰ , ਬਲਰਾਜ ਸਿੰਘ ਭੰਗੂ, ਕਰਮਜੀਤ ਕੇਪੀ , ਓਂਕਾਰ ਸਿੰਘ, ਜਤਿੰਦਰ ਲਖਣਪਾਲ , ਚਰਨ ਸਿੰਘ ਸੰਧੂ, ਲਖਵਿੰਦਰ ਸਿੰਘ ਗਿੱਲ, ਮਨਜਿੰਦਰ ਸਿੰਘ, ਨਰਿੰਦਰ ਪਾਲ ਸ਼ਰਮਾਂ , ਬਿਕਰਮਜੀਤ ਸਿੰਘ , ਬਲਦੇਵ ਸਿੰਘ ਸੰਧੂ, ਕਰਤਾਰ ਸਿੰਘ ਐਮ ਏ , ਨੇ ਕਿਹਾ ਕਿ 7 ਅਗਸਤ ਦੀ ਚੰਡੀਗੜ੍ਹ ਰੈਲੀ ਵਿੱਚ ਐਲਾਨੇ ਗਏ ਸੰਘਰਸ਼ ਦੇ ਤਹਿਤ 27 ਅਗਸਤ ਨੂੰ ਪੰਜਾਬ ਭਰ ਦੇ ਸਾਰੇ ਹੀ ਵਿਭਾਗਾਂ ਦੇ ਮੁਲਾਜ਼ਮਾਂ ਵਲੋਂ ਸਮੂਹਿਕ ਛੁੱਟੀ ਲੈ ਕੇ ਕੰਮ ਬੰਦ ਕਰਨ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਲਈ ਅਤੇ ਪੰਜਾਬ ਦੇ ਵਿੱਤ ਮੰਤਰੀ ਵਲੋਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸੰਘਰਸ਼ੀਆਂ ਨੂੰ ਐਂਟੀ ਸਟੇਟ ਕਹਿਣ ਤੇ ਪੰਜਾਬ ਭਰ ਵਿੱਚ ਵਿੱਤ ਮੰਤਰੀ ਦੇ ਪੁਤਲੇ ਫੂਕੇ ਗਏ ਹਨ ਅਤੇ 27 ਅਗਸਤ ਦੇ ਸੰਘਰਸ਼ ਦੀ ਤਿਆਂਰੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜੇਕਰ 27 ਅਗਸਤ ਨੂੰ ਮੁੱਖ ਮੰਤਰੀ ਵਲੋਂ ਮੀਟਿੰਗ ਨੂੰ ਰੱਦ ਕੀਤਾ ਗਿਆ ਜਾਂ ਮੀਟਿੰਗ ਵਿੱਚ ਮੰਗਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਭੁੱਲਾ ਕੇ ਮੁਲਾਜ਼ਮ-ਪੈਨਸ਼ਨਰ ਵਿਰੋਧੀ ਨੀਤੀਆਂ ਪਹਿਲੀਆਂ ਸਰਕਾਰਾਂ ਨਾਲੋਂ ਵੀ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ, ਸਰਕਾਰ ਵਲੋਂ ਕਰਜ਼ਾ ਚੁੱਕ ਕੇ ਰੋਜ਼ਗਾਰ ਦੇਣ ਦੀ ਥਾਂ ਸਿਰਫ ਸੱਤਾ ਹਾਂਸਲ ਕਰਨ ਲਈ ਪੰਜਾਬ ਦੇ ਲੋਕਾਂ ਨੂੰ ਮੁਫਤਖੋਰੇ ਬਣਾਇਆ ਜਾ ਰਿਹਾ ਹੈ।ਮਾਨਯੋਗ ਉੱਚ ਅਦਾਲਤ ਵਲੋਂ ਜਾਰੀ ਕੀਤੇ ਮਹਿੰਗਾਈ ਭੱਤੇ ਸਬੰਧੀ ਹੁਕਮਾਂ ਨੂੰ ਵੀ ਟਿੱਚ ਸਮਝਿਆ ਜਾ ਰਿਹਾ ਹੈ ।

ਆਗੂਆਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਮੁਲਾਜ਼ਮਾਂ, ਪੈਨਸ਼ਨਰਾਂ, ਕਿਸਾਨਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।ਬੁਲਾਰਿਆਂ ਨੇ ਕਿਹਾ ਕਿ ਇਹ ਸੰਘਰਸ਼ 18% ਮਹਿੰਗਾਈ ਭੱਤਾ ਜਾਰੀ ਕਰਾਉਣ, ਪੈਨਸ਼ਨਰਾਂ ਤੇ 2.59 ਗੁਣਾਂਕ ਲਾਗੂ ਕਰਾਉਣ, ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਪੱਕੇ ਕਰਾਉਣ ਅਤੇ ਮਾਣ ਭੱਤਾ/ ਇਨਸੈਂਟਿਵ ਮੁਲਾਜ਼ਮਾ ਤੇ ਘੱਟੋ-ਘੱਟ ਤਨਖਾਹ ਸਕੇਲ ਲਾਗੂ ਕਰਾਉਣ, ਪ੍ਰੋਬੇਸ਼ਨਲ ਪੀਰੀਅਡ ਪੂਰੀ ਤਨਖਾਹ ਸਮੇਤ ਇਕ ਸਾਲ ਕਰਵਾਉਣ, ਕੇਂਦਰੀ ਤਨਖਾਹ ਸਕੇਲ ਰੱਦ ਕਰਕੇ ਪੰਜਾਬ ਸਕੇਲ ਲਾਗੂ ਕਰਵਾਉਣ, ਬੰਦ ਕੀਤੇ ਭੱਤੇ ਸੋਧ ਕੇ ਬਹਾਲ ਕਰਾਉਣ, ਅਤੇ 200 ਰੁਪਏ ਜਜ਼ੀਆ ਟੈਕਸ ਖਤਮ ਕਰਵਾਉਣ ਲਈ ਕੀਤਾ ਜਾ ਰਿਹਾ ਹੈ।ਰੈਲੀ ਉਪਰੰਤ ਰੋਸ ਮਾਰਚ ਕਰਕੇ ਡਿਪਟੀ ਕਮਿਸ਼ਨਰ ਦਫ਼ਤਰ ਸਾਹਮਣੇ ਚੌਂਕ ਵਿੱਚ ਨਾਅਰਿਆਂ ਦੀ ਗੂੰਜ ਵਿੱਚ ਵਿੱਤ ਮੰਤਰੀ ਦੀ ਅਰਥੀ ਫੂਕੀ ਗਈ। ਇਸ ਉਪਰੰਤ ਆਗੂਆਂ ਵਲੋਂ ਮੀਟਿੰਗ ਕਰਕੇ 27 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਰੋਸ ਪ੍ਰਦਰਸ਼ਨ ਕਰਨ ਸਬੰਧੀ ਵੀ ਪ੍ਰੋਗਰਾਮ ਉਲੀਕਿਆ ਗਿਆ।ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਜੁਗਰਾਜ ਸਿੰਘ , ਨਵਦੀਪ ਸਿੰਘ, ਰਵਿੰਦਰ ਮਜੀਠਾ , ਗੁਰਸੇਵਕ ਸਿੰਘ , ਨਰੇਸ਼ ਕੁਮਾਰ, ਹਰਪ੍ਰੀਤ ਸਿੰਘ ਸੋਹੀਆਂ , ਹਰਚਰਨ ਸਿੰਘ ਸ਼ਾਹ , ਸਤਨਾਮ ਚੀਮਾ , ਜੋਗਿੰਦਰ ਸਿੰਘ, ਹਰਮੋਹਿੰਦਰ ਸਿੰਘ, ਗੁਰਦੇਵ ਸਿੰਘ, , ਓਮ ਪ੍ਰਕਾਸ਼, ਮਨਜੀਤ ਸਿੰਘ, ਵਿਕਾਸ ਕੁਮਾਰ, ਜਤਿਨ ਸ਼ਰਮਾਂ, ਅਮਰਬੀਰ ਸਿੰਘ, ਹਰਬਖਸ਼ ਸਿੰਘ , ਗੁਰਮੁੱਖ ਸਿੰਘ, ਅਤੁਲ ਸ਼ਰਮਾ , ਅਤੇ ਦੀਪਕ ਸ਼ਰਮਾ ਆਦਿ ਆਗੂ ਵੀ ਹਾਜਰ ਸਨ।

# ਸਾਵਣ ਅਸ਼ਟਮੀ ਤੇ ਭਗਵਤੀ ਜਾਗਰਣ 20 ਅਗਸਤ ਨੂੰ



**ਮਾਛੀਵਾੜਾ ਸਾਹਿਬ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ ਸਥਾਨਕ ਸ਼੍ਰੀ ਦੁਰਗਾ ਸਕਤੀ ਮੰਦਰ ਵਿਖੇ ਮਾਤਾ ਦਾ 64 ਵਾ: ਵਿਸ਼ਾਲ ਭਗਵਤੀ ਜਾਗਰਣ 20 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਮੰਦਰ ਕਮੇਟੀ ਪ੍ਰਧਾਨ ਨੰਦ ਕਿਸੋਰ ਨੇ ਦੱਸਿਆ ਕਿ ਇਸ ਵਾਰ ਪ੍ਰਸਿੱਧ ਗਾਇਕ ਅਮਿਤ ਸੂਰ ਐਡ ਪਾਰਟੀ ਮਾਤਾ ਰਾਣੀ ਦੇ ਜਾਗਰਣ ਵਿੱਚ ਧਾਰਮਿਕ ਪ੍ਰੋਗ੍ਰਾਮ ਦੌਰਾਨ ਹਾਜ਼ਰੀ ਲਗਵਾਉਣੇ। ਪ੍ਰਧਾਨ ਨੰਦਕਿਸੋਰ ਨੇ ਇਲਾਕਾ ਵਾਸੀਆ ਨੂੰ ਹੁਮ ਹੁਮਾ ਕੇ ਪੁਜਣ ਦੀ ਅਪੀਲ ਕਰਦਿਆ ਦੱਸਿਆ ਕਿ ਤੜਕੇ ਸਵੇਰੇ ਪੰਜ ਵਜੇ ਜਾਗਰਣ ਦਾ ਭੋਗ ਪਾਇਆ ਜਾਵੇਗਾ। ਉਨ੍ਹਾ ਦੱਸਿਆ ਕਿ ਨਵਰਾਤੇ ਦੇ ਸ਼ੂਰੂ ਹੋਣ ਤੇ ਮੰਦਰ ਵਿੱਚ ਮਾਤਾ ਦੀ ਆਖੰਡ ਜੋਤੀ ਪ੍ਰਚੰਡ ਕੀਤੀ ਗਈ ਹੈ ਜੋਕਿ ਲਗਾਤਾਰ ਨਵਰਾਤਰਿਆਂ ਦੇ ਸ਼ੁਰੂ ਹੁੰਦਿਆਂ ਹੀ ਜਗਦੀ ਆ ਰਹੀ ਹੈ।

ਸਾਵਣ ਅਸ਼ਟਮੀ ਵਾਲੇ ਦਿਨ ਮੰਦਰ ਵਿੱਚ ਸਵੇਰੇ ਪੂਜਾ ਤੇ ਹਵਨ ਯੱਗ ਹੋਵੇਗਾ ਅਤੇ ਯੱਗ ਉਪੰਰਤ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ ਜੋਕਿ ਦਿਨ ਦੇ ਸਮੇ ਦੇ ਨਾਲ ਨਾਲ ਰਾਤ ਨੂੰ ਚੱਲੇਗਾ। ਮਾਤਾ ਦਾ ਭਵਨ ਅਤੇ ਲਾਈਟਾਂ ਦੀ ਸਜਾਵਟ ਦੇਖਣ ਯੋਗ ਹੋਵੇਗੀ।

# ਸਤਿਆ ਭਾਰਤੀ ਸਕੂਲ ਰਾਮਗੜ੍ਹ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ




**ਸਮਰਾਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਿਆ ਭਾਰਤੀ ਸਕੂਲ ਰਾਮਗੜ੍ਹ ਵਿਖੇ ਆਜ਼ਾਦੀ ਦਿਵਸ ਬਹੁਤ ਹੀ ਉਤਸ਼ਾਹ ਅਤੇ ਉਮੰਗ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹੋਏ ਵੱਖ-ਵੱਖ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤੇ।

ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਭਾਸ਼ਣ, ਨਾਚ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।

ਇਸ ਮੌਕੇ ਸਟੇਟ ਦੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਇੰਦਰਜੀਤ ਕੌਰ ਨੇ ਸਾਰੇ ਬੱਚਿਆਂ ਨੂੰ 15 ਅਗਸਤ ਦੇ ਮੌਕੇ 'ਤੇ ਦੇਸ਼ ਬਾਰੇ ਸੰਬੋਧਨ ਕੀਤਾ ਗਿਆ ਅਤੇ ਦੇਸ਼ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਦੇਸ਼ ਪ੍ਰਤੀ ਪਿਆਰ, ਅਨੁਸ਼ਾਸਨ, ਇਮਾਨਦਾਰੀ ਅਤੇ ਆਪਣੇ ਫਰਜ਼ਾਂ ਨੂੰ ਸਮਝਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਸਕੂਲ ਵਿੱਚ ਸ਼ਪਥ ਚੁਕਾਈ ਗਈ ਕਿ ਅਸੀਂ ਬੱਚਿਆਂ ਨੂੰ ਚੰਗੇ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਪੂਰਾ ਯਤਨ ਕਰਾਂਗੇ ਅਤੇ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗੇ। ਬੱਚਿਆਂ ਨੂੰ ਦੇਸ਼ ਦੀ ਤਰੱਕੀ ਅਤੇ ਸਮਾਜ ਦੀ ਭਲਾਈ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਸਟਾਫ਼ ਮੈਂਬਰ ਪਰਵਿੰਦਰ ਕੌਰ, ਰਵਿੰਦਰ ਕੌਰ, ਇੰਦਰਜੀਤ ਕੌਰ, ਕਮਲਜੀਤ ਸਿੰਘ ਅਤੇ ਗੁਰਚਰਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਡੀਜੀਪੀ ਪੰਜਾਬ ਨੇ ਸਾਂਝ ਪਲੇਟਫਾਰਮ 'ਤੇ ਰੱਖਿਆ ਮੰਤਰਾਲੇ ਦੀ ਵੈਰੀਫਿਕੇਸ਼ਨ ਲਈ ਆਨਲਾਈਨ ਡਿਜੀਟਲ ਪੋਰਟਲ ਵੀ ਕੀਤਾ ਲਾਂਚ



**ਜਲੰਧਰ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੱਕ ਸਮਾਵੇਸ਼ੀ, ਪੀੜਤ-ਕੇਂਦਰਿਤ ਅਤੇ ਲਿੰਗ-ਸੰਵੇਦਨਸ਼ੀਲ ਪੁਲਿਸ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇਥੇ ਫ਼ਿਲੌਰ ਸਥਿਤ 134 ਸਾਲ ਪੁਰਾਣੀ ਇਤਿਹਾਸਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਿਸ ਅਕੈਡਮੀ (ਐਮ.ਆਰ.ਐਸ.ਪੀ.ਪੀ.ਏ.) ਵਿਖੇ ਲਿੰਗ ਸੰਵੇਦਨਸ਼ੀਲਤਾ ਪ੍ਰੋਜੈਕਟ, ਮੇਨਸਟਰੀਮਿੰਗ ਆਫ਼ ਵੂਮੈਨ ਇਨ ਪੰਜਾਬ ਪੁਲਿਸ ਅਧੀਨ ਤੀਜੇ ਗੇੜ ਦੇ ਤਿੰਨ ਦਿਨਾ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ।

ਇਹ ਪਹਿਲਕਦਮੀ ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀ.ਏ.ਡੀ.) ਵੱਲੋਂ ਜੇ-ਪਾਲ ਸਾਊਥ ਏਸ਼ੀਆ ਅਤੇ ਹਰਟੇਕ ਫਾਊਂਡੇਸ਼ਨ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਇੱਕ ਵਿਆਪਕ ਇੰਪੈਕਟ ਅਸੈਸਮੈਂਟ ਟ੍ਰੇਨਿੰਗ ਪ੍ਰੋਗਰਾਮ ਹੈ। ਦਸੰਬਰ 2025 ਤੋਂ ਚਲਾਈ ਜਾ ਰਹੀ ਲਿੰਗ ਸੰਵੇਦਨਸ਼ੀਲ ਸਿਖਲਾਈ ਦਾ ਇਹ ਤੀਜਾ ਅਤੇ ਆਖ਼ਰੀ ਗੇੜ ਹੈ। ਇਸ ਗੇੜ ਦੀ ਸਿਖਲਾਈ ਵਿੱਚ ਵਿਸ਼ੇਸ਼ ਗਰੁੱਪਾਂ ਅਧੀਨ ਕੁੱਲ 1,453 ਨਾਮਜ਼ਦ ਪੁਲਿਸ ਕਰਮੀਆਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਸ ਵਿੱਚ ਪਹਿਲੇ ਦਿਨ ਮਿਕਸਡ ਗਰੁੱਪ (ਟੀ3), ਦੂਜੇ ਦਿਨ ਸਿਰਫ਼ ਪੁਰਸ਼ਾਂ ਦਾ ਗਰੁੱਪ (ਟੀ2) ਅਤੇ ਤੀਜੇ ਦਿਨ ਸਿਰਫ਼ ਮਹਿਲਾਵਾਂ ਦਾ ਗਰੁੱਪ (ਟੀ1) ਸ਼ਾਮਲ ਹੋਵੇਗਾ।

ਡੀਜੀਪੀ ਨੇ ਕਿਹਾ, ਸੂਬਾ ਪੱਧਰੀ ਥ੍ਰੀ ਟ੍ਰੇਨਿੰਗ ਰਾਊਂਡਜ਼ ਰਾਹੀਂ 384 ਪੁਲਿਸ ਥਾਣਿਆਂ ਦੇ 1,500-2,000 ਪੁਲਿਸ ਕਰਮਚਾਰੀਆਂ ਨੂੰ ਲਿੰਗ-ਸੰਵੇਦਨਸ਼ੀਲ, ਹੱਕ-ਅਧਾਰਤ ਅਤੇ ਪੀੜਤ-ਕੇਂਦਰਿਤ ਪੁਲਿਸਿੰਗ ਲਈ ਲੋੜੀਂਦੇ ਹੁਨਰ ਅਤੇ ਸੂਝ-ਬੂਝ ਨਾਲ ਲੈਸ ਕੀਤਾ ਜਾ ਰਿਹਾ ਹੈ, ਜਿਸ ਵਿੱਚ ਔਰਤਾਂ, ਬੱਚਿਆਂ ਅਤੇ ਹੋਰ ਕਮਜ਼ੋਰ ਵਰਗਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

ਇਸ ਮੌਕੇ ਡੀਜੀਪੀ ਗੌਰਵ ਯਾਦਵ ਨੇ ਪੰਜਾਬ ਪੁਲਿਸ ਦੇ 'ਸਾਂਝ' ਪਲੇਟਫਾਰਮ 'ਤੇ ਰੱਖਿਆ ਮੰਤਰਾਲੇ ਦੀ ਵੈਰੀਫਿਕੇਸ਼ਨ ਲਈ ਆਨਲਾਈਨ ਡਿਜੀਟਲ ਪੋਰਟਲ ਵੀ ਲਾਂਚ ਕੀਤਾ। ਇਹ ਡਿਜੀਟਲ ਪਹਿਲ ਇੱਕ ਵੱਡਾ ਮੀਲ ਪੱਥਰ ਹੈ, ਜੋ ਨਵੇਂ ਭਰਤੀ ਹੋਏ ਰੱਖਿਆ ਕਰਮਚਾਰੀਆਂ ਦੀ ਵੈਰੀਫਿਕੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਮਹੀਨਿਆਂ ਦੇ ਸਮੇਂ ਨੂੰ ਘਟਾ ਕੇ ਕੁਝ ਦਿਨਾਂ ਵਿੱਚ ਤਬਦੀਲ ਕਰਨ ਲਈ ਦੇ ਉਦੇਸ਼ ਨਾਲ ਕੀਤੀ ਗਈ ਹੈ।

ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਨਾਗਰਿਕ-ਕੇਂਦਰਿਤ ਪੁਲਿਸਿੰਗ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਅਧਿਕਾਰੀਆਂ ਨੂੰ ਥਾਣਿਆਂ ਵਿੱਚ ਪਹੁੰਚਣ ਵਾਲੇ ਸਾਰੇ ਸ਼ਿਕਾਇਤਕਰਤਾਵਾਂ ਨਾਲ ਆਪਣੀ ਰੋਜ਼ਾਨਾ ਗੱਲਬਾਤ ਵਿੱਚ ਹਮਦਰਦੀ ਅਤੇ ਸੰਵੇਦਨਸ਼ੀਲਤਾ ਲਿਆਉਣ ਲਈ ਪ੍ਰੇਰਿਤ ਕੀਤਾ।

ਪੰਜਾਬ ਸਰਕਾਰ ਵੱਲੋਂ ਪੁਲਿਸ ਵਿਭਾਗ ਸਮੇਤ ਹੋਰ ਸਰਕਾਰੀ ਸੇਵਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੁਲਿਸ ਤੰਤਰ ਹੋਰ ਵੀ ਸਰਗਰਮ, ਸੁਚਾਰੂ ਤੇ ਬਿਹਤਰ ਹੋਣਾ ਚਾਹੀਦਾ ਹੈ ਅਤੇ ਔਰਤਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਦੀ ਲੋੜ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਹਿਲਾ ਅਧਿਕਾਰੀਆਂ ਨੂੰ ਰੁਟੀਨ ਡੈਸਕ ਡਿਊਟੀਆਂ ਤੱਕ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ ਸਗੋਂ ਜਾਂਚ, ਖੁਫੀਆ ਜਾਣਕਾਰੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਨਾਲ ਸਬੰਧੀ ਜ਼ਿੰਮੇਵਾਰੀਆਂ ਵੀ ਸੌਂਪੀਆਂ ਜਾਣੀਆਂ ਚਾਹੀਦੀਆਂ ਹਨ।

ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਗੁਰਪ੍ਰੀਤ ਕੌਰ ਦਿਓ ਨੇ ਦੱਸਿਆ ਕਿ ਇਹ ਪ੍ਰੋਗਰਾਮ ਇੱਕ ਵਿਆਪਕ ਟ੍ਰੇਨਿੰਗ ਆਫ਼ ਟਰੇਨਰਜ਼ (ਟੀਓਟੀ) ਮਾਡਲ ਦੀ ਮੁਤਾਬਿਕ ਕੰਮ ਕਰਦਾ ਹੈ, ਜਿਸ ਤਹਿਤ ਵੱਖ-ਵੱਖ ਜ਼ਿਲ੍ਹਿਆਂ ਦੇ 60 ਪੁਲਿਸ ਅਧਿਕਾਰੀਆਂ ਨੂੰ ਮਾਸਟਰ ਟ੍ਰੇਨਰ ਵਜੋਂ ਤਿਆਰ ਕੀਤਾ ਗਿਆ ਹੈ ਤਾਂ ਜੋ ਪੁਲਿਸ ਸਟੇਸ਼ਨ ਪੱਧਰ 'ਤੇ ਕਰਮਚਾਰੀਆਂ ਨੂੰ ਮਿਆਰੀ ਮਾਡਿਊਲ ਸੌਂਪ ਕੇ ਪ੍ਰਭਾਵਸ਼ਾਲੀ ਅਤੇ ਬਿਹਤਰ ਤਾਲਮੇਲ ਯਕੀਨੀ ਬਣਾਈ ਜਾ ਸਕੇ।

ਇਸ ਤੋਂ ਪਹਿਲਾਂ ਡੀਜੀਪੀ ਗੌਰਵ ਯਾਦਵ ਨੇ ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਦੇ ਨਾਲ ਉੱਘੇ ਸਾਬਕਾ ਪੁਲਿਸ ਅਧਿਕਾਰੀਆਂ ਅਤੇ ਮੁੱਖ ਟਰੇਨਰਾਂ, ਜਿਨ੍ਹਾਂ ਵਿੱਚ ਮਹਾਰਾਸ਼ਟਰ ਕੇਡਰ ਦੇ ਸਾਬਕਾ ਡੀਜੀਪੀ ਮੀਰਨ ਚੱਢਾ ਬੋਰਵਾਂਕਰ ਅਤੇ ਪੰਜਾਬ ਕੇਡਰ ਦੇ ਸਾਬਕਾ ਡੀਜੀਪੀ ਆਰ. ਸੀ. ਸਿੰਘ ਸ਼ਾਮਲ ਸਨ, ਦਾ ਸਵਾਗਤ ਕੀਤਾ।

ਆਰ.ਸੀ. ਸਿੰਘ ਨੇ ਜੈਂਡਰ-ਰਿਸਪਾਂਸਿਵ ਪੁਲਿਸਿੰਗ: ਦ੍ਰਿਸ਼ਟੀਕੋਣ ਤੋਂ ਅਭਿਆਸ ਤੱਕ ਵਿਸ਼ੇ 'ਤੇ ਅਹਿਮ ਸੈਸ਼ਨ ਦਾ ਸੰਚਾਲਨ ਕੀਤਾ। ਜਦੋਂ ਕਿ ਮੀਰਨ ਸੀ. ਬੋਰਵਾਂਕਰ ਨੇ ਪੁਲਿਸਿੰਗ ਵਿੱਚ ਔਰਤਾਂ - ਲੀਡਰਸ਼ਿਪ ਅਤੇ ਸ਼ਮੂਲੀਅਤ ਵਿਸ਼ੇ 'ਤੇ ਸੈਸ਼ਨਾਂ ਦੀ ਅਗਵਾਈ ਕੀਤੀ।

ਇਸ ਦੌਰਾਨ ਰੱਖਿਆ ਮੰਤਰਾਲੇ ਦੇ ਮਨੁੱਖੀ ਸਰੋਤ ਨਿਰਦੇਸ਼ਕ ਆਰੋਨ ਪਾਮੀ ਨੇ ਪੰਜਾਬ ਪੁਲਿਸ ਦੇ ਸਰਗਰਮ ਸ਼ਾਸਨ ਦੀ ਸ਼ਲਾਘਾ ਕੀਤੀ ਅਤੇ ਸਾਂਝ ਪੋਰਟਲ 'ਤੇ ਆਨਲਾਈਨ ਡਿਜੀਟਲ ਵੈਰੀਫਿਕੇਸ਼ਨ ਮਾਡਿਊਲ ਵਿਕਸਤ ਕਰਨ ਲਈ ਡੀਜੀਪੀ ਅਤੇ ਆਈਟੀ ਟੀਮ ਦਾ ਧੰਨਵਾਦ ਕੀਤਾ। ਉਦਘਾਟਨੀ ਸਮਾਗਮ ਦੌਰਾਨ ਜੀ.ਜੀ.ਡੀ.ਐਸ.ਡੀ. ਕਾਲਜ, ਚੰਡੀਗੜ੍ਹ ਦੇ ਲੋਕ ਸੰਚਾਰ ਵਿਭਾਗ ਵੱਲੋਂ ਘਰੇਲੂ ਹਿੰਸਾ 'ਤੇ ਅਧਾਰਿਤ ਇੱਕ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ।

# ਮਨੁੱਖੀ ਅਧਿਕਾਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਡਾ. ਕੁਲਦੀਪ ਸਿੰਘ ਮੈਡੀਕਲ ਸੈੱਲ ਪ੍ਰਧਾਨ ਪੰਜਾਬ ਨਿਯੁਕਤ

**ਸਮਰਾਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖੀ ਅਧਿਕਾਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਡਾ. ਕੁਲਦੀਪ ਸਿੰਘ ਨੂੰ ਮੈਡੀਕਲ ਸੈੱਲ ਪ੍ਰਧਾਨ ਪੰਜਾਬ ਨਿਯੁਕਤ ਕੀਤਾ ਗਿਆ।

ਇਸ ਮੌਕੇ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਮਦਨ ਵੱਲੋਂ ਡਾ. ਕੁਲਦੀਪ ਸਿੰਘ ਨੂੰ ਨਿਯੁਕਤੀ ਪੱਤਰ ਤੇ ਆਈ- ਕਾਰਡ ਸੌਂਪ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੁਰਦੀਪ ਸਿੰਘ ਮਦਨ ਨੇ ਕਿਹਾ ਕਿ ਡਾ. ਕੁਲਦੀਪ ਸਿੰਘ ਦੀਆਂ ਸਮਾਜ ਸੇਵਾ ਅਤੇ ਮੈਡੀਕਲ ਖੇਤਰ 'ਚ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਡਾ. ਕੁਲਦੀਪ ਸਿੰਘ ਮੈਡੀਕਲ ਸੈੱਲ ਦੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਦੇ ਹੋਏ ਲੋੜਵੰਦ ਲੋਕਾਂ ਦੀ ਸੇਵਾ ਲਈ ਅਹਿਮ ਭੂਮਿਕਾ ਨਿਭਾਉਣਗੇ।

ਡਾ. ਕੁਲਦੀਪ ਸਿੰਘ ਨੇ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਮਦੇਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

# ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕਰਨਗੇ ਖੇਡਾਂ ਵਤਨ ਪੰਜਾਬ ਦੀਆਂ 2026 ਦੀ ਸ਼ੁਰੂਆਤ ਬਠਿੰਡਾ ਤੋਂ 5 ਸਤੰਬਰ ਨੂੰ



**ਬਠਿੰਡਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ 5 ਸਤੰਬਰ ਨੂੰ ਬਠਿੰਡਾ ਦੇ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਤੋਂ ਖੇਡਾਂ ਵਤਨ ਪੰਜਾਬ ਦੀਆਂ 2026 ਦੀ ਸ਼ੁਰੂਆਤ ਕਰਨਗੇ । ਸ਼੍ਰੀ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਬਠਿੰਡਾ ਨੇ ਇਹ ਜਾਣਕਾਰੀ ਖੇਡਾਂ ਵਤਨ ਪੰਜਾਬ ਦੀਆਂ 2026 ਦੀਆਂ ਤਿਆਰੀਆਂ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਿਤ ਕਰਦਿਆਂ ਦਿੱਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕਰੇਗਾ ਜਿਸ ਵਿੱਚ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਦੇ ਖਿਡਾਰੀ ਵਿਸ਼ੇਸ਼ ਮਾਰਚ ਪਾਸਟ ਚ ਹਿੱਸਾ ਲੈਣਗੇ।

ਉਨ੍ਹਾਂ ਖੇਡ ਵਿਭਾਗ ਨੂੰ ਹਿਦਾਇਤ ਕੀਤੀ ਕਿ ਸਟੇਡੀਅਮ ਵਿਖੇ ਟ੍ਰੈਕ, ਖਿਡਾਰੀਆਂ ਲਈ ਸਹੂਲਤਾਂ, ਪੀਣ ਵਾਲੇ ਪਾਣੀ ਦਾ ਪ੍ਰਬੰਧ, ਸਾਫ-ਸਫ਼ਾਈ ਆਦਿ ਦਾ ਸਮੇਂ-ਸਿਰ ਚਾੜ੍ਹਿਆ ਜਾਵੇ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਮਸ਼ਾਲ ਸੂਬੇ ਦੇ ਸਾਰੇ ਜ਼ਿਲ੍ਹਿਆਂ ਚੋਂ ਗੁਜ਼ਰ ਕੇ ਬਠਿੰਡਾ ਵਿਖੇ ਪੁੱਜੇਗੀ ਜਿੱਥੇ ਉਸ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ।

# ਕਿਸਾਨਾਂ ਵੱਲੋਂ ਚੰਡੀਗੜ੍ਹ ਵਿਖੇ 1 ਸਤੰਬਰ ਤੋਂ ਲਗਾਏ ਜਾਣ ਵਾਲੇ ਧਰਨੇ ਸਬੰਧੀ ਬੀ. ਕੇ. ਯੂ. (ਲੱਖੋਵਾਲ) ਦੀ ਅਹਿਮ ਮੀਟਿੰਗ 20 ਨੂੰ

**ਸਮਰਾਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਵੱਲੋਂ 1 ਸਤੰਬਰ ਤੋਂ 7 ਸਤੰਬਰ ਤੱਕ ਸੱਤ ਦਿਨਾਂ ਲਈ ਚੰਡੀਗੜ੍ਹ ਵਿਖੇ ਕਿਸਾਨੀ ਮੰਗਾਂ ਸਬੰਧੀ ਲਗਾਏ ਜਾ ਰਹੇ ਮੋਰਚੇ ਪ੍ਰਤੀ ਕਿਸਾਨਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਮਨਜੀਤ ਸਿੰਘ ਢੀਂਡਸਾ ਪ੍ਰਧਾਨ ਜ਼ਿਲ੍ਹਾ ਲੁਧਿਆਣਾ ਦੁਆਰਾ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਖਿਲਾਫ ਲਗਾਏ ਜਾ ਰਹੇ ਚੰਡੀਗੜ੍ਹ ਧਰਨੇ ਵਿੱਚ ਸ਼ਾਮਲ ਹੋਣ ਲਈ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੀ ਜ਼ਿਲ੍ਹਾ ਲੁਧਿਆਣਾ (ਪੂਰਬੀ) ਦੀ ਅਹਿਮ ਤੇ ਜ਼ਰੂਰੀ ਮੀਟਿੰਗ 20 ਅਗਸਤ ਦਿਨ ਵੀਰਵਾਰ, ਸਵੇਰੇ 10:30 ਵਜੇ ਮਾਰਕੀਟ ਕਮੇਟੀ ਦਾਣਾ ਮੰਡੀ ਸਮਰਾਲਾ ਵਿਖੇ ਕੀਤੀ ਜਾ ਰਹੀ ਹੈ।

ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਭਾਗ ਲੈਣਗੇ। ਉਨ੍ਹਾਂ ਚੰਡੀਗੜ੍ਹ ਧਰਨੇ ਸਬੰਧੀ ਦੱਸਦਿਆਂ ਕਿਹਾ ਕਿ ਇਹ ਸੱਤ ਦਿਨਾਂ ਦਾ ਧਰਨਾ ਪੰਜਾਬ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗਾ ਅਤੇ ਐਸ. ਕੇ. ਐਮ. ਵੱਲੋਂ ਕੇਂਦਰ ਸਰਕਾਰ ਖਿਲਾਫ ਵੱਡੇ ਸੰਘਰਸ਼ ਦਾ ਮੁਢਲਾ ਅਤੇ ਚਿਤਾਵਨੀ ਵਾਲਾ ਪੜਾਅ ਹੈ। ਇਸ ਧਰਨੇ ਦੀਆਂ ਪ੍ਰਮੁੱਖ ਕਿਸਾਨੀ ਮੰਗਾਂ ਜਿਨ੍ਹਾਂ ਵਿੱਚ ਪੰਜਾਬ ਦੇ ਪਾਣੀਆਂ ਦਾ ਮੁੱਦਾ, ਬਿਜਲੀ ਸੋਧ ਬਿੱਲ, ਬੀਜ ਬਿੱਲ, ਪਰਾਲੀ ਦਾ ਮੁੱਦਾ, ਕਿਸਾਨਾਂ ਲਈ ਮੁਲਾਜਮਾਂ ਵਾਂਗ ਬੁਢਾਪਾ ਪੈਨਸ਼ਨ, ਧਾਰਾ 78, 79 ਖਤਮ ਕਰਨ ਆਦਿ ਸਬੰਧੀ ਮੋਰਚਾ ਲਗਾਇਆ ਜਾ ਰਿਹਾ ਹੈ। ਇਸ ਧਰਨੇ ਵਿੱਚ ਪੂਰੇ ਪੰਜਾਬ ਤੋਂ ਕਿਸਾਨ ਅਤੇ ਮਜ਼ਦੂਰ ਆਪਣੇ ਟਰੈਕਟਰ, ਟਰਾਲੀਆਂ ਸਮੇਤ ਵੱਡੇ ਕਾਫਲਿਆਂ ਦੇ ਰੂਪ ਵਿੱਚ ਪੁੱਜਣਗੇ। ਉਨ੍ਹਾਂ ਬੀ. ਕੇ. ਯੂ. (ਲੱਖੋਵਾਲ) ਲੁਧਿਆਣਾ ਜ਼ਿਲ੍ਹੇ ਦੇ ਸਮੂਹ ਅਹੁਦੇਦਾਰ, ਮੀਤ ਪ੍ਰਧਾਨ, ਜਨਰਲ ਸਕੱਤਰ, ਬਲਾਕਾਂ ਦੇ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਪਿੰਡਾਂ ਦੀਆਂ ਇਕਾਈਆਂ ਦੇ ਪ੍ਰਧਾਨਾਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਯੂਨੀਅਨ ਦੀ 20 ਅਗਸਤ ਦੀ ਸਮਰਾਲਾ ਮੀਟਿੰਗ ਵਿੱਚ ਜ਼ਰੂਰ ਸ਼ਾਮਲ ਹੋਣ, ਤਾਂ ਜੋ ਇਸ ਧਰਨੇ ਵਿੱਚ ਪੁੱਜਣ ਲਈ ਅਤੇ ਕਿਸਾਨਾਂ ਨੂੰ ਲਾਮਬੰਦ ਕਰਨ ਲਈ ਵੱਖ ਵੱਖ ਡਿਊਟੀਆਂ ਲਗਾਈਆਂ ਜਾ ਸਕਣ।

# ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਰਾਤੇ ਯਾਤਰਾ ਕਮੇਟੀ ਵੱਲੋਂ ਸ਼ੋਭਾ ਯਾਤਰਾ 3 ਸਤੰਬਰ ਨੂੰ



**ਪਟਿਆਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਰਥ ਯਾਤਰਾ ਕਮੇਟੀ ਪਟਿਆਲਾ ਵਲੋਂ ਸੌਭਾ ਯਾਤਰਾ ਦੇ ਸਬੰਧ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸਦੀ ਸਮੁੱਚੀ ਰੂਪਰੇਖਾ ਤਿਆਰ ਕੀਤੀ ਗਈ ਸੀ। ਕਮੇਟੀ ਦੇ ਸਾਰੇ ਮੈਂਬਰਾਂ ਨੇ ਭਰਪੂਰ ਸਹਿਯੋਗ ਦਿੱਤਾ।

ਕਮੇਟੀ ਦੇ ਚੇਅਰਮੈਨ ਰਵਿੰਦਰ ਸਿੰਗਲਾ ਚੇਅਰਮੈਨ, ਮੁਰਾਰੀ ਲਾਲ ਸੀਨੀਅਰ ਮੀਤ ਪ੍ਰਧਾਨ, ਕਾਕਾ ਸਿੰਘ ਜਨਰਲ ਚੇਅਰਮੈਨ, ਦੀਪਕ ਕੁਮਾਰ ਖਜ਼ਾਨਚੀ, ਗਗਨ ਗਰਗ ਮੀਤ ਪ੍ਰਧਾਨ, ਵਿਕਾਸ ਕਪੂਰ ਮੀਤ ਪ੍ਰਧਾਨ, ਦਰਸ਼ਨ ਜਿੰਦਲ, ਸੰਜੇ ਬੰਸਲ, ਸਕਸ਼ਮ ਗੁਪਤਾ ਸੁਨੀਲ ਜੀ, ਰੋਹਿਤ ਜਲੋਟਾ ਮੀਡੀਆ ਇੰਚਾਰਜ, ਸੁਰਿੰਦਰ ਸ਼ਰਮਾ, ਵਿੱਕੀ ਜੀ, ਸੰਜੇ ਗੋਇਲ ਪੰਕਜ ਜੈਨ, ਰਾਕੇਸ਼ ਠਾਕੁਰ ਸ਼ਾਮਲ ਹੋਏ।

ਇਸ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ 3 ਸਤੰਬਰ 2026 ਨੂੰ ਹੋਣ ਵਾਲੀ ਸ਼ੋਭਾ ਯਾਤਰਾ ਦੇ ਵਿੱਚ ਕਿਸ ਤਰ੍ਹਾਂ ਪ੍ਰਬੰਧ ਹੋਣ ਕਿਸ ਦੀ ਕਿਹੜੀ ਕਿਹੜੀ ਜ਼ਿੰਮੇਵਾਰੀ ਹੋਵੇਗੀ ਅਤੇ ਕਿਹੜੇ ਕਿਹੜੇ ਰੂਟ ਤੋਂ ਸ਼ੋਭਾ ਯਾਤਰਾ ਕੱਢੀ ਜਾਏਗੀ ਇਹ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਾਰੇ ਮੈਂਬਰਾਂ ਨੇ ਆਪਣੀ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਵਾਨ ਲਈ ਵਿਸ਼ਵਾਸ ਦਿਵਾਇਆ।

# 20 ਹੋਰ ਪਿੰਡਾਂ ਨੂੰ ਮਿਲੇਗਾ ਨਹਿਰੀ ਪਾਣੀ, 11,612 ਏਕੜ ਵਾਧੂ ਰਕਬੇ ਨੂੰ ਪੁੱਜੇਗਾ ਵੱਡਾ ਲਾਭ : ਮੰਤਰੀ ਬਰਿੰਦਰ ਗੋਇਲ



**ਜੋਧਪੁਰ ਪਾਖਰ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ 7500 ਕਰੋੜ ਦੇ ਸਿੰਜਾਈ ਪ੍ਰੋਜੈਕਟਾਂ ਦਾ ਤੋਹਫ਼ਾ ਸੂਬੇ ਦੇ ਪਿੰਡਾਂ ਵਿਚ ਨਹਿਰੀ ਪਾਣੀ ਲਈ ਦਿੱਤਾ ਗਿਆ ਹੈ ਤਾਂ ਜੋ ਸਾਡੇ ਸੂਬੇ ਨੂੰ ਅਤੇ ਸਾਡੀ ਕਿਸਾਨੀ ਨੂੰ ਖੁਸ਼ਹਾਲ ਬਣਾਇਆ ਜਾ ਸਕੇ।

ਇਹ ਪ੍ਰਗਟਾਵਾ ਜਲ ਸਰੋਤ ਮੰਤਰੀ ਪੰਜਾਬ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਜ਼ਿਲ੍ਹਾ ਬਠਿੰਡਾ ਵਿਖੇ ਵੱਖ-ਵੱਖ ਥਾਵਾਂ 'ਤੇ ਨਹਿਰੀ ਪ੍ਰੋਜੈਕਟਾਂ ਦਾ ਉਦਘਟਾਨ ਕਰਨ ਮੌਕੇ ਕੀਤਾ। ਉਨ੍ਹਾਂ ਅੱਜ ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਜੋਧਪੁਰ ਪਾਖਰ ਅਤੇ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਦੇ ਪਿੰਡ ਕੋਟਸ਼ਮੀਰ ਵਿਖੇ ਕੁਲ 31.39 ਕਰੋੜ ਰੁਪਏ ਦੇ ਨਹਿਰੀ ਪ੍ਰੋਜੈਕਟਾਂ ਦਾ ਉਦਘਟਾਨ ਕੀਤਾ ਜਿਸ ਨਾਲ 11,612 ਏਕੜ ਵਾਧੂ ਰਕਬੇ ਨੂੰ ਹੁਣ ਨਹਿਰੀ ਪਾਣੀ ਪੁੱਜੇਗਾ।

ਪਿੰਡ ਜੋਧਪੁਰ ਪਾਖਰ ਵਿਖੇ ਵਿਧਾਇਕ ਸ਼੍ਰੀ ਸੁਖਵੀਰ ਸਿੰਘ ਮਾਈਸਰਖਾਨਾ ਨੇ ਲੱਡੂ ਵੰਡੇ ਅਤੇ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕੀਤਾ।

ਇਸ ਮੌਕੇ ਬੋਲਦਿਆਂ ਮੰਤਰੀ ਸ਼੍ਰੀ ਗੋਇਲ ਨੇ ਦੱਸਿਆ ਕਿ ਪਿੰਡ ਜੋਧਪੁਰ ਪਾਖਰ ਵਿਖੇ ਭਾਈ ਬਖਤੌਰ ਲਿੰਕ ਚੈਨਲ ਦਾ ਕੰਮ 1 ਕਰੋੜ 13 ਲੱਖ ਦੀ ਲਾਗਤ ਨਾਲ ਕੀਤਾ ਗਿਆ ਹੈ ਜਿਸ ਨਾਲ 63.18 ਏਕੜ ਵਾਧੂ ਰਕਬੇ ਨੂੰ ਹੁਣ ਸਿੰਚਾਈ ਲਈ ਨਹਿਰੀ ਪਾਣੀ ਦੀ ਸਪਲਾਈ ਮਿਲੇਗੀ।

ਇਸ ਮੌਕੇ ਹਲਕਾ ਉਪ ਮੰਡਲ ਮੈਜਿਸਟਰੇਟ ਮੌੜ ਗੁਰਜਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਜਗਮੀਤ ਸਿੰਘ ਭਾਕਰ, ਪਿੰਡ ਜੋਧਪੁਰ ਪਾਖਰ ਦੀ ਪੰਚਾਇਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਆਦਿ ਹਾਜ਼ਰ ਸਨ।

ਇਸੇ ਤਰ੍ਹਾਂ ਪਿੰਡ ਕੋਟਸ਼ਮੀਰ ਵਿਖੇ ਉਨ੍ਹਾਂ ਦੱਸਿਆ ਕਿ 27.85 ਕਰੋੜ ਰੁਪਏ ਦੀ ਲਾਗਤ ਨਾਲ 31 ਕਿਲੋਮੀਟਰ ਲੰਬੇ ਰਜਬਾਹੇ ਨੂੰ ਪੱਕਾ ਕੀਤਾ ਗਿਆ ਹੈ, ਜਿਸ ਨਾਲ਼ 17 ਪਿੰਡਾਂ ਦੇ ਕਿਸਾਨਾਂ ਨੂੰ ਲਾਭ ਮਿਲੇਗਾ ਅਤੇ 35417 ਏਕੜ ਰਕਬਾ ਨਹਿਰੀ ਪਾਣੀ ਦੀ ਸਿੰਜਾਈ ਹੇਠ ਆਵੇਗਾ।

17 ਪਿੰਡਾਂ 'ਚ ਗਿੱਲ ਕਲਾਂ, ਰਾਮਪੁਰਾ, ਲਹਿਰਾ ਧੂਰਕੋਟ, ਲਹਿਰਾ ਸੋਧਾ, ਕੋਠਾ ਕੋਟੜਾ, ਲਹਿਰਾ ਮੁਹੱਬਤ, ਲਹਿਰਾ ਖਾਨਾ, ਬਾਲਿਆਂਵਾਲੀ, ਚੱਕ ਬਖਤੂ, ਚੱਕ ਫਤਿਹ ਸਿੰਘ ਵਾਲਾ, ਚੱਕ ਰਾਮ ਸਿੰਘ ਵਾਲਾ, ਮਾਨਸਾ ਖੁਰਦ, ਰਾਏਖਾਨਾ, ਧੰਨ ਸਿੰਘ ਖਾਨਾ, ਕੋਟਫੱਤਾ, ਕੋਟਭਾਰਾ ਅਤੇ ਕੋਟਸ਼ਮੀਰ ਸ਼ਾਮਲ ਹਨ।

*ਪੰਜਾਬ ਦੀ ਧਰਤੀ ਦੋ ਫ਼ਸਲੀ ਹੈ, ਜਿਸ ਦਾ ਅਰਥ ਹੈ ਕਿ ਇਕ ਖੇਤ ਵਿੱਚੋਂ ਸਾਲ 'ਚ ਘੱਟੋ ਘੱਟ ਦੋ ਫ਼ਸਲਾਂ ਲਈਆਂ ਜਾਂਦੀਆਂ ਹਨ। ਕਾਸ਼ਤ ਹੇਠ ਰਕਬੇ ਦੇ ਹਿਸਾਬ ਨਾਲ ਕਣਕ ਪਹਿਲੇ ਸਥਾਨ 'ਤੇ ਹੈ, ਦੂਜਾ ਝੋਨੇ ਦਾ ਅਤੇ ਤੀਜਾ ਸਥਾਨ ਕਪਾਹ-ਨਰਮੇ ਦਾ ਹੈ। ਚੌਥੀ ਥਾਂ 'ਤੇ ਮੱਕੀ, ਪੰਜਵੀਂ 'ਤੇ ਗੰਨਾ ਅਤੇ ਛੇਵੀਂ ਥਾਂ 'ਤੇ ਬਾਜਰੇ ਦੀ ਫ਼ਸਲ ਆਉਂਦੀ ਹੈ...*

ਪੰਜਾਬ ਦੀਆਂ ਮੁੱਖ ਫ਼ਸਲਾਂ 2



# ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ

• ਡਾ. ਰਣਜੀਤ ਸਿੰਘ

ਚੌਲ ਭਾਵੇਂ ਪੰਜਾਬੀਆਂ ਦੀ ਮੁੱਖ ਖ਼ੁਰਾਕ ਨਹੀਂ ਹੈ ਪਰ ਹੁਣ ਉਹ ਸਾਉਣੀ ਦੀ ਮੁੱਖ ਫ਼ਸਲ ਬਣ ਗਈ ਹੈ। ਪਿਛਲੇ ਸਾਲ 29 ਲੱਖ ਹੈਕਟੇਅਰ 'ਚ ਚੌਲਾਂ ਦੀ ਕਾਸ਼ਤ ਕੀਤੀ ਗਈ। ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਆਉਣ ਤੇ ਸਿੰਚਾਈ ਸਹੂਲਤਾਂ 'ਚ ਵਾਧੇ ਕਾਰਨ ਕਿਸਾਨਾਂ ਦਾ ਰੁਝਾਨ ਝੋਨੇ ਦੀ ਕਾਸ਼ਤ ਵੱਲ ਵਧਿਆ ਹੈ। ਇਹ ਫ਼ਸਲ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਘੱਟ ਸਮੇਂ 'ਚ ਸਭ ਤੋਂ ਵੱਧ ਝਾੜ ਦਿੰਦੀ ਹੈ ਤੇ ਘੱਟੋ ਘੱਟ ਸਮਰਥਨ ਮੁੱਲ 'ਤੇ ਝੋਨੇ ਦੀ ਖ਼ਰੀਦ ਲਈ ਸਰਕਾਰ ਦੀ ਵਚਨਬੱਧਤਾ ਕਾਰਨ ਵੀ ਚੌਲਾਂ ਦੀ ਪੈਦਾਵਾਰ 'ਚ ਇਨਕਲਾਬੀ ਵਾਧਾ ਹੋਇਆ ਹੈ। ਪੰਜਾਬ 'ਚ ਪਹਿਲਾਂ ਸਿਰਫ਼ ਇਕ ਲੱਖ ਟਨ ਚੌਲ ਪੈਦਾ ਹੁੰਦੇ ਸਨ। ਹੁਣ ਇਹ ਪੈਦਾਵਾਰ 118 ਲੱਖ ਟਨ ਤੋਂ ਵੱਧ ਹੈ।

## ਸੱਭਿਆਚਾਰਕ ਅਹਿਮੀਅਤ

ਆਮ ਤੌਰ 'ਤੇ ਪੰਜਾਬੀ ਘਰਾਂ ਵਿਚ ਬਾਸਮਤੀ ਚੌਲਾਂ ਦੀ ਵਰਤੋਂ ਹੀ ਵਧੇਰੇ ਕੀਤੀ ਜਾਂਦੀ ਹੈ। ਚੌਲਾਂ ਦੀ ਪੁਲਾਓ ਜਾਂ ਜਰਦੇ (ਮਿੱਠੇ ਚੌਲਾਂ) ਦੇ ਰੂਪ 'ਚ ਵਰਤੋਂ ਹੁੰਦੀ ਹੈ। ਸੱਭਿਆਚਾਰ 'ਚ ਚੌਲਾਂ ਨੂੰ ਬੇਹੱਦ ਪਵਿੱਤਰ ਮੰਨਿਆ ਗਿਆ ਹੈ। ਹਰ ਧਾਰਮਿਕ ਤੇ ਖ਼ੁਸ਼ੀ ਦੇ ਸਮਾਗਮ ਸਮੇਂ ਇਨ੍ਹਾਂ ਦੀ ਵਰਤੋਂ ਹੁੰਦੀ ਹੈ। ਚੌਲਾਂ ਨੂੰ ਖ਼ੁਸ਼ਹਾਲੀ ਤੇ ਚੰਗੇ ਭਾਗਾਂ ਦਾ ਪ੍ਰਤੀਕ ਆਖਿਆ ਜਾਂਦਾ ਹੈ। ਤੁਸੀਂ ਇਹ ਬੋਲੀ ਜ਼ਰੂਰ ਸੁਣੀ ਹੋਵੇਗੀ, 'ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਮਿਲਾਈਆਂ ਜੋੜੀਆਂ।'

## ਬਿਜਾਈ ਦਾ ਸਮਾਂ

ਚੌਲਾਂ ਹੇਠ ਹੋਏ ਰਕਬੇ ਦੇ ਵਾਧੇ ਨੇ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਵੀ ਖੜ੍ਹੀ ਕੀਤੀ ਹੈ। ਇਹ ਹਰ ਸਾਲ ਹੇਠਾਂ ਜਾ ਰਿਹਾ ਹੈ, ਇਸ ਕਰਕੇ ਕੁਝ ਰਕਬੇ ਨੂੰ ਝੋਨੇ ਹੇਠੋਂ ਕੱਢ ਕੇ ਦੂਜੀਆਂ ਫ਼ਸਲਾਂ ਬੀਜਣ ਦੀ ਲੋੜ ਹੈ। ਰੇਤਲੀਆਂ ਤੇ ਉੱਚੀਆਂ ਥਾਵਾਂ 'ਤੇ ਮੱਕੀ ਜਾਂ ਦਾਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਪਨੀਰੀ ਦੀ ਬਿਜਾਈ ਜੇਠ ਦੀ ਸੰਗਰਾਂਦ ਤੋਂ ਪਿੱਛੋਂ ਸ਼ੁਰੂ ਕਰਨੀ ਚਾਹੀਦੀ ਹੈ ਤੇ ਖੇਤ 'ਚ ਪਨੀਰੀ ਦੀ ਲੁਆਈ ਹਾੜ ਦੀ ਸੰਗਰਾਂਦ ਪਿੱਛੋਂ ਸ਼ੁਰੂ ਕੀਤੀ ਜਾਵੇ। ਜੇ ਜੁਲਾਈ ਦੇ ਪਹਿਲੇ ਹਫ਼ਤੇ ਪਨੀਰੀ ਲਗਾਈ ਜਾਵੇ ਤਦ ਵੀ ਝਾੜ ਪੂਰਾ ਪ੍ਰਾਪਤ ਹੁੰਦਾ ਹੈ। ਅਜਿਹਾ ਕੀਤਿਆਂ ਪਾਣੀ ਦੀ ਬੱਚਤ ਵੀ ਹੁੰਦੀ ਤੇ ਫ਼ਸਲ ਉੱਪਰ ਬਿਮਾਰੀਆਂ ਤੇ ਕੀੜਿਆਂ ਦਾ ਹਮਲਾ ਵੀ ਘੱਟ ਹੁੰਦਾ ਹੈ।

## ਉੱਨਤ ਕਿਸਮਾਂ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਇਸ ਵਾਰ ਅਜਿਹੀ ਕਿਸਮ ਕਾਸ਼ਤ ਲਈ ਤਿਆਰ ਕੀਤੀ ਹੈ, ਜਿਹੜੀ ਸਿਰਫ਼ 123 ਦਿਨਾਂ 'ਚ ਪੱਕ ਜਾਂਦੀ ਹੈ। ਇਸ ਦਾ ਝਾੜ ਵੀ 30 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ ਦਾ ਨਾਂ ਪੀਆਰ-126 ਹੈ। ਇਹ ਝੁਲਸ ਰੋਗ ਦਾ ਵੀ ਮੁਕਾਬਲਾ ਕਰ ਸਕਦੀ ਹੈ। ਸਭ ਤੋਂ ਵੱਧ ਝਾੜ ਦੇਣ ਵਾਲੀ ਕਿਸਮ ਪੀਆਰ-124 ਹੈ ਪਰ ਇਹ ਪੱਕਣ 'ਚ 135 ਦਿਨ ਲੈਂਦੀ ਹੈ। ਦੂਜੀਆਂ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਪੀਆਰ-121, ਪੀਆਰ-122, ਪੀਆਰ-123, ਪੀਆਰ-113, ਪੀਆਰ-114 ਤੇ ਪੀਆਰ-115 ਹਨ। ਅਗੇਤੀ ਬਿਜਾਈ ਲਈ ਪੀਆਰ-121 ਤੇ ਪੀਆਰ-122, ਪੀਆਰ-124 ਕਿਸਮਾਂ ਤੇ ਪਿਛੇਤੀ ਬਿਜਾਈ ਲਈ ਪੀਆਰ-126 ਜਾਂ ਪੀਆਰ-115 ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਜੇ ਕੁਝ ਰਕਬੇ 'ਚ ਬਿਜਾਈ ਪਿਛੇਤੀ ਹੋ ਜਾਵੇ ਤਾਂ ਉਥੇ ਬਾਸਮਤੀ ਦੀ ਕਾਸ਼ਤ ਕਰੋ। ਬਾਸਮਤੀ ਦੀਆਂ ਇਸ ਵਾਰ ਪੰਜਾਬ ਬਾਸਮਤੀ-5 ਤੇ ਪੰਜਾਬ ਬਾਸਮਤੀ-4 ਨਵੀਆਂ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਸੀਐੱਸਆਰ-30, ਪੰਜਾਬ ਬਾਸਮਤੀ-3, ਪੰਜਾਬ ਬਾਸਮਤੀ-2, ਬਾਸਮਤੀ-370 ਅਤੇ ਬਾਸਮਤੀ-386 ਕਿਸਮਾਂ ਹਨ। ਇਕ ਏਕੜ ਦੀ ਪਨੀਰੀ ਲਈ ਅੱਠ ਕਿੱਲੋ ਬੀਜ ਚਾਹੀਦਾ ਹੈ। ਇਕ ਮਹੀਨੇ ਦੀ ਪਨੀਰੀ ਨੂੰ ਪੁੱਟ ਕੇ ਖੇਤ ਵਿਚ ਲਗਾਇਆ ਜਾ ਸਕਦਾ ਹੈ। ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਦਾ ਮਾਣ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖ਼ੁਸ ਨੂੰ ਪ੍ਰਾਪਤ ਹੋਇਆ ਹੈ। •

*ਮੋਬਾਈਲ 94170-87328*



# ਐਨਜੀਟੀ ਦੀ ਤਲਵਾਰ ਕਿਸਾਨਾਂ ਸਿਰ ਹੀ ਕਿਉਂ?

• ਦਰਬਾਰਾ ਸਿੰਘ ਕਾਹਲੋਂ

ਕਿਰਸਾਨੀ ਦਾ ਦੁਖਾਂਤ ਇਹ ਹੈ ਕਿ ਉਸ ਦੀ ਵਿੱਤੀ, ਪਰਿਵਾਰਕ ਤੇ ਮਾਨਸਿਕ ਸਥਿਤੀ ਨੂੰ ਸਮਝਣ ਲਈ ਕੋਈ ਤਿਆਰ ਨਹੀਂ। ਇਕ ਪਾਸੇ ਝੋਨੇ ਦੀ ਫ਼ਸਲ ਮੰਡੀਆਂ 'ਚ ਆਉਣੀ ਸ਼ੁਰੂ ਹੋ ਗਈ ਹੈ, ਦੂਸਰੇ ਪਾਸੇ ਰਾਸ਼ਟਰੀ ਗਰੀਨ ਟ੍ਰਿਬਿਊਨਲ (ਐਨਜੀਟੀ), ਕੇਂਦਰੀ ਤੇ ਸੂਬਾਈ ਪ੍ਰਸ਼ਾਸਨ ਦੀ ਤਲਵਾਰ ਕਿਸਾਨਾਂ ਸਿਰ ਲਟਕਾਈ ਜਾ ਰਹੀ ਹੈ। ਰਾਸ਼ਟਰੀ ਗਰੀਨ ਟ੍ਰਿਬਿਊਨਲ ਵਾਤਾਵਰਨ ਪ੍ਰਦੂਸ਼ਣ, ਹਵਾ 'ਚ ਫ਼ੈਲਦੀਆਂ ਮਾਰੂ ਗੈਸਾਂ ਤੇ ਧੂੰਆਂ ਰੋਕਣ ਦੇ ਬਹਾਨੇ, ਕਿਸਾਨਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੇ ਫ਼ੁਰਮਾਨ ਜਾਰੀ ਕਰ ਰਿਹਾ ਹੈ।

## ਕੋਈ ਨਹੀਂ ਸਮਝ ਰਿਹਾ ਕਿਸਾਨ ਦੀ ਮਨੋਸਥਿਤੀ

ਕਿਰਸਾਨੀ ਦਾ ਗੁੰਝਲਦਾਰ ਦੁਖਾਂਤ ਇਹ ਹੈ ਕਿ ਉਸ ਦੀ ਵਿੱਤੀ, ਪਰਿਵਾਰਕ ਤੇ ਮਾਨਸਿਕ ਸਥਿਤੀ ਨੂੰ ਕੋਈ ਨਹੀਂ ਸਮਝ ਰਿਹਾ। ਕੇਂਦਰ, ਰਾਜ ਸਰਕਾਰਾਂ, ਪ੍ਰਸ਼ਾਸਨ, ਰਾਸ਼ਟਰੀ ਗਰੀਨ ਟ੍ਰਿਬਿਊਨਲ, ਕਾਰਪੋਰੇਟ ਘਰਾਣੇ, ਨਿੱਤ ਨਵੀਂ ਘਟੀਆ ਮਸ਼ੀਨਰੀ ਤਿਆਰ ਕਰਨ ਵਾਲੀਆਂ ਕੰਪਨੀਆਂ ਮਿਲ ਕੇ ਉਸ 'ਤੇ ਦਬਾਅ ਬਣਾ ਰਹੇ ਹਨ। ਕੋਈ ਨਹੀਂ ਸਮਝ ਰਿਹਾ ਕਿ ਕਿਸਾਨ ਇਸ ਸਥਿਤੀ 'ਚ ਨਹੀਂ ਹੈ ਕਿ ਉਹ ਝੋਨੇ ਤੇ ਕਣਕ ਦੇ ਵੱਢਾਂ ਨੂੰ ਖੇਤ 'ਚ ਕੁਤਰ ਕੇ ਆਪਣੀ ਜ਼ਮੀਨ ਅਗਲੀ ਫ਼ਸਲ ਲਈ ਤਿਆਰ ਕਰ ਸਕੇ। ਉਸ ਦੀ ਵਿੱਤੀ ਮੰਦਹਾਲੀ, ਗ਼ੁਰਬਤ, ਕਰਜ਼ੇ ਨਾਲ ਟੁੱਟੀ ਧੌਣ ਦੀ ਤਰਸਯੋਗ ਹਾਲਤ ਵੱਲ ਕੋਈ ਗ਼ੌਰ ਨਹੀਂ ਕਰ ਰਿਹਾ। ਪੂਰੇ ਦੇਸ਼ ਅੰਦਰ ਉਸ ਨੂੰ ਖ਼ੁਦਕੁਸ਼ੀਆਂ ਦੇ ਦੌਰ ਵੱਲ ਧੱਕਿਆ ਜਾ ਰਿਹਾ ਹੈ। ਉਸ ਦੀ ਅਗਲੀ ਪੀੜ੍ਹੀ ਨੂੰ ਘਾਟੇਵੰਦਾ ਖੇਤੀ ਧੰਦਾ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੇ ਉਸ ਕੋਲ ਲੋੜੀਂਦੇ ਸੰਦ ਤੇ ਧਨ ਹੋਵੇ ਤਾਂ ਕਿਹੜਾ ਕਿਸਾਨ ਆਪਣੀ ਜ਼ਮੀਨ ਨੂੰ ਅੱਗ ਹਵਾਲੇ ਕਰਨਾ ਚਾਹੁੰਦਾ ਹੈ। ਐਨਜੀਟੀ, ਕੇਂਦਰ ਤੇ ਰਾਜ ਸਰਕਾਰਾਂ, ਅਫ਼ਸਰਸ਼ਾਹੀ, ਕਾਰਪੋਰੇਟ ਘਰਾਣੇ ਤੇ ਏਸੀ ਕਮਰਿਆਂ 'ਚ ਬੈਠੇ ਖੇਤੀ ਮਾਹਿਰ ਵੀ ਕਿਸਾਨਾਂ ਬਾਰੇ ਕੁਝ ਨਹੀਂ ਜਾਣਦੇ।


## ਕਿਸੇ ਨੇ ਨਹੀਂ ਫੜੀ ਅੰਨਦਾਤਾ ਦੀ ਬਾਂਹ

ਆਜ਼ਾਦੀ ਤੋਂ ਬਾਅਦ ਦੇਸ਼ ਅਨਾਜ ਸੰਕਟ 'ਚ ਫਸਿਆ ਸੀ। ਭਾਰਤ ਨੂੰ ਅਮਰੀਕਾ ਨਾਲ ਪੀਐੱਲ-480 ਨਾਂ ਦਾ ਮਾਰੂ ਸਮਝੌਤਾ ਕਰਨਾ ਪਿਆ। ਇਸ ਸਮਝੌਤੇ ਤਹਿਤ ਦੇਸ਼ ਨੂੰ ਅੰਨ ਦੀ ਪੂਰਤੀ ਲਈ ਅਮਰੀਕਾ ਅੱਗੇ ਹਾੜੇ ਕੱਢਣੇ ਪੈਂਦੇ ਸਨ। ਇੰਦਰਾ ਗਾਂਧੀ ਜਦੋਂ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਲਿੰਡਨ ਜੌਹਨਸਨ ਨੂੰ ਅਨਾਜ ਖ਼ਾਤਰ ਟੈਲੀਫੋਨ ਕਰਨਾ ਪਿਆ। ਲਿੰਡਨ ਦੇ ਰਵਈਏ ਤੋਂ ਉਨ੍ਹਾਂ ਆਪਣੀ ਤੇ ਆਪਣੇ ਰਾਸ਼ਟਰ ਦੀ ਬੇਇੱਜ਼ਤੀ ਮਹਿਸੂਸ ਕਰਦਿਆਂ ਟੈਲੀਫੋਨ ਰਿਸੀਵਰ ਪਟਕਾ ਕੇ ਰੱਖਦੇ ਹੋਏ ਗੁੱਸੇ 'ਚ ਕਿਹਾ, 'ਮੈਂ ਨਹੀਂ ਚਾਹਾਂਗੀ ਕਿ ਸਾਨੂੰ ਮੁੜ ਅਨਾਜ ਲਈ ਅਮਰੀਕਾ ਦੇ ਹਾੜੇ ਕੱਢਣੇ ਪੈਣ।' ਫਿਰ ਕੀ ਸੀ? ਦੇਸ਼ ਤੇ ਪ੍ਰਧਾਨ ਮੰਤਰੀ ਦੀ ਮਾਣ-ਮਰਿਆਦਾ ਲਈ ਕਿਸਾਨ ਰਾਤ-ਦਿਨ ਜੁਟ ਗਿਆ। ਖੇਤੀ ਮਾਹਿਰਾਂ ਤੇ ਮਹਿੰਦਰ ਸਿੰਘ ਰੰਧਾਵਾ ਵਰਗੇ ਪ੍ਰਸ਼ਾਸਕਾਂ ਦੀ ਦੇਖ-ਰੇਖ ਹੇਠ ਰਾਤ-ਦਿਨ ਖ਼ੂਨ-ਪਸੀਨਾ ਵਹਾ ਕੇ 'ਹਰਾ ਇਨਕਲਾਬ' ਲਿਆ ਕੇ ਦੇਸ਼ ਨੂੰ ਪੀਐੱਲ ਦੇ ਮਾਰੂ ਸਮਝੌਤੇ 'ਚੋਂ ਬਾਹਰ ਕੱਢ ਲਿਆਂਦਾ। ਹਾਲਾਂਕਿ ਦੇਸ਼, ਕੇਂਦਰ ਤੇ ਰਾਜ ਸਰਕਾਰਾਂ, ਪ੍ਰਸ਼ਾਸਨ, ਕਾਰਪੋਰੇਟ ਘਰਾਣਿਆਂ ਨੇ ਕਿਸਾਨ ਦੀ ਅਮਰੀਕਾ, ਕੈਨੇਡਾ ਜਾਂ ਕੁਝ ਹੋਰ ਪੱਛਮੀ ਦੇਸ਼ਾਂ ਵਾਂਗ ਬਾਂਹ ਨਾ ਫੜੀ। 1951 'ਚ ਖੇਤੀ ਨਾਲ ਜੁੜੇ ਹਲ-ਵਾਹਕਾਂ ਦੀ ਗਿਣਤੀ 6.99 ਕਰੋੜ ਤੇ ਖੇਤ ਮਜ਼ਦੂਰਾਂ ਦੀ ਗਿਣਤੀ 9.72 ਕਰੋੜ ਸੀ। ਖੇਤੀ ਸੈਕਟਰ ਕਰੀਬ 52 ਫ਼ੀਸਦੀ ਰਾਸ਼ਟਰੀ ਜੀਡੀਪੀ ਵਿਚ ਯੋਗਦਾਨ ਪਾਉਂਦਾ ਸੀ। 2011 ਦੀ ਮਰਦਮਸ਼ੁਮਾਰੀ ਅਨੁਸਾਰ ਅੱਜ ਹਲ-ਵਾਹਕ ਵਧ ਕੇ 11.87 ਕਰੋੜ ਤੇ ਖੇਤ ਮਜ਼ਦੂਰ 26.3 ਕਰੋੜ ਹਨ ਪਰ ਰਾਸ਼ਟਰੀ ਜੀਡੀਪੀ ਵਿਚ ਖੇਤੀ ਸੈਕਟਰ ਦਾ ਯੋਗਦਾਨ ਘਟ ਕੇ 17.9 ਫ਼ੀਸਦੀ ਰਹਿ ਗਿਆ ਹੈ। ਇਹ ਵੀ ਸੱਚ ਹੈ ਕਿ ਦੇਸ਼ ਦੀ ਆਰਥਿਕਤਾ ਅੱਜ ਵੀ ਬੁਨਿਆਦੀ ਤੌਰ 'ਤੇ ਖੇਤੀ ਆਧਾਰਿਤ ਹੈ। ਦੇਸ਼ ਦੇ 58.4 ਫ਼ੀਸਦੀ ਲੋਕ ਇਸ ਧੰਦੇ 'ਤੇ ਨਿਰਭਰ ਹਨ ਅਤੇ ਦੇਸ਼ ਦੇ ਅੱਧੇ ਬੇਰੁਜ਼ਗਾਰਾਂ ਲਈ ਕਿਰਸਾਨੀ ਦਾ ਧੰਦਾ ਹੀ ਰੁਜ਼ਗਾਰ ਦਾ ਮੁੱਖ ਸਾਧਨ ਹੈ।

### ਜੁਰਮਾਨੇ ਦੀ ਦਹਿਸ਼ਤ

*ਕੇਂਦਰ ਸਰਕਾਰ ਦੇ ਖੇਤੀ ਪ੍ਰਦੂਸ਼ਣ ਰੋਕਥਾਮ ਨਾਲ ਸਬੰਧਤ ਅਧਿਕਾਰੀ, ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਖੇਤੀਬਾੜੀ ਤੇ ਵਾਤਾਵਰਨ ਸੰਭਾਲ ਨਾਲ ਜੁੜੇ ਅਧਿਕਾਰੀ ਪ੍ਰਸ਼ਾਸਕੀ ਫ਼ੁਰਮਾਨ, ਖ਼ਾਨਾਪੂਰਤੀ ਸੈਮੀਨਾਰਾਂ ਰਾਹੀਂ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਦੇ ਵੱਢ ਤੇ ਮੁੱਢੀਆਂ ਨਾ ਸਾੜਨ ਸਬੰਧੀ ਕਵਾਇਦ ਕਰ ਰਹੇ ਹਨ। ਕਿਸਾਨਾਂ ਨੂੰ ਸਬਸਿਡੀਆਂ 'ਤੇ ਰੋਟਾਵੇਟਰ, ਹੈਪੀਸੀਡਰ, ਮਲਚਰ ਆਦਿ ਸੰਦ ਮੁਹੱਈਆ ਕਰਵਾਉਣ 'ਤੇ ਜ਼ੋਰ ਪਾ ਰਹੇ ਹਨ ਤਾਂ ਕਿ ਪਰਾਲੀ, ਵੱਢ ਤੇ ਮੁੱਢ ਖੇਤ ਵਿਚ ਹੀ ਕੁਤਰ ਕੇ ਵਹਾਈ ਰਾਹੀਂ ਅਗਲੀ ਫ਼ਸਲ ਲਈ ਜ਼ਮੀਨ ਤਿਆਰ ਕੀਤੀ ਜਾ ਸਕੇ। ਇਸ ਨਾਲ ਕਿਸਾਨਾਂ ਨੂੰ ਡਰਾਉਣ, ਧਮਕਾਉਣ, ਪਰੇਸ਼ਾਨ ਕਰਨ ਲਈ ਪ੍ਰਤੀ ਏਕੜ 2500 ਤੋਂ 15,000 ਰੁਪਏ ਜੁਰਮਾਨਾ ਕਰਨ ਦਾ ਫ਼ੁਰਮਾਨ ਵੀ ਜਾਰੀ ਕੀਤਾ ਗਿਆ ਹੈ।*





### ਦੂਸਰੇ ਪ੍ਰਦੂਸ਼ਕਾਂ ਬਾਰੇ ਟ੍ਰਿਬਿਊਨਲ ਚੁੱਪ

*ਰਾਜ ਸਰਕਾਰਾਂ, ਸਥਾਨਕ ਸਰਕਾਰਾਂ ਦੇ ਵਜ਼ੀਰਾਂ, ਪ੍ਰਸ਼ਾਸਨ, ਕੇਂਦਰ ਸਰਕਾਰਾਂ ਤੇ ਖ਼ਾਸਕਰ ਰਾਸ਼ਟਰੀ ਗਰੀਨ ਟ੍ਰਿਬਿਊਨਲ ਨੇ ਕਦੇ ਇਹ ਨੋਟਿਸ ਲਿਆ ਹੈ ਕਿ ਸਾਡੇ ਦਰਿਆ, ਨਦੀਆਂ, ਨਾਲੇ, ਨਹਿਰਾਂ, ਸੂਇਆਂ ਲਾਗੇ ਵਸਦੇ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਨੇ ਸਾਰਾ ਸੀਵਰੇਜ, ਸਨਅਤਾਂ ਦਾ ਅਤਿ ਗੰਦਾ ਪਾਣੀ ਇਨ੍ਹਾਂ ਵਿਚ ਸੁੱਟ ਕੇ ਧਰਤੀ, ਵਾਤਾਵਰਨ ਤੇ ਪਾਣੀ ਗੰਧਲਾ ਕੀਤਾ ਹੋਇਆ ਹੈ। ਪੰਜਾਬ ਦੀ ਧਰਤੀ, ਹਵਾ ਤੇ ਪਾਣੀ ਇਸ ਜੁਰਮ ਨੇ ਜ਼ਹਿਰੀਲੇ ਬਣਾ ਦਿੱਤੇ ਹਨ। ਪਿਛਲੇ ਸਾਢੇ ਤਿੰਨ ਸਾਲਾਂ ਵਿਚ ਪ੍ਰਧਾਨ ਮੰਤਰੀ ਗੰਗਾ ਸਾਫ਼ ਨਹੀਂ ਕਰਵਾ ਸਕੇ। ਜਿਸ ਕਾਰਨ ਉਨ੍ਹਾਂ ਨੂੰ ਕੁਮਾਰੀ ਉਮਾ ਭਾਰਤੀ ਦੀਆਂ ਸ਼ਕਤੀਆਂ ਘਟਾਉਣੀਆਂ ਪਈਆਂ। ਪੂਰੇ ਦੇਸ਼ ਵਿਚ ਚਾਰ ਤੇ ਛੇ ਮਾਰਗੀ ਸੜਕਾਂ ਉਸਾਰਨ ਲਈ ਕਰੋੜਾਂ ਦਰੱਖ਼ਤਾਂ ਦੀ ਬਲੀ ਦੇ ਦਿੱਤੀ ਗਈ। ਕੀ ਇਨ੍ਹਾਂ ਦੀ ਥਾਂ ਹੋਰ ਦਰੱਖ਼ਤ ਲਗਾਏ ਗਏ ਹਨ? ਪੂਰੇ ਦੇਸ਼ ਅਤੇ ਖ਼ਾਸਕਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਹਮਦਰਦ ਚੇਤੰਨ ਲੋਕ, ਕੇਂਦਰ ਤੇ ਰਾਜ ਸਰਕਾਰਾਂ, ਪ੍ਰਸ਼ਾਸਨ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਅਪੀਲ ਹੈ ਕਿ ਝੋਨੇ, ਕਣਕ, ਕਪਾਹ ਆਦਿ ਦੇ ਖੇਤਾਂ 'ਚੋਂ ਵੱਢਾਂ ਤੇ ਮੁੱਢੀਆਂ ਦੇ ਕੁਤਰੇ ਦੀ ਸੰਭਾਲ ਦਾ ਪ੍ਰਬੰਧ ਉਹ ਖ਼ੁਦ ਕਰਨ ਜਾਂ ਕਿਸਾਨ ਨੂੰ ਪ੍ਰਤੀ ਏਕੜ ਤਿੰਨ ਹਜ਼ਾਰ ਰੁਪਏ ਨਕਦ ਦੇਣ ਦਾ ਪ੍ਰਬੰਧ ਕਰਨ ਅਤੇ ਇਹ ਹਰ ਸਾਲ ਮਹਿੰਗਾਈ ਅਨੁਸਾਰ ਵਧਣੇ ਚਾਹੀਦੇ ਹਨ। ਖੇਤੀ ਪ੍ਰਦੂਸ਼ਣ ਰੋਕਣ ਦਾ ਇਹੋ ਵਧੀਆ ਢੰਗ ਹੈ।*

## ਤੇਜ਼ੀ ਨਾਲ ਵਧ ਰਿਹੈ ਖੇਤੀ ਸੰਕਟ

ਕਿਸਾਨ ਦੀ ਹਾਲਤ ਬਹੁਤ ਦਰਦਨਾਕ ਹੈ। ਭਾਰਤ ਚਿੰਤਾਜਨਕ 'ਖੇਤੀ ਸੰਕਟ' ਵੱਲ ਵਧ ਰਿਹਾ ਹੈ। ਜੇ ਇਸ ਸੰਕਟ ਦਾ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਸਹੀ ਹੱਲ ਨਾ ਕੱਢਿਆ ਗਿਆ ਤਾਂ ਇਸ ਦਾ ਭਿਆਨਕ ਰੂਪ ਸੋਚ ਤੋਂ ਬਾਹਰ ਹੋਵੇਗਾ। ਵਿਸ਼ਵ ਦੀ 17.78 ਫ਼ੀਸਦੀ ਜਨਤਾ ਭਾਰਤ 'ਚ ਹੈ। ਸਾਡੇ ਕੋਲ 4.2 ਫ਼ੀਸਦੀ ਪਾਣੀ ਹੈ ਜਦਕਿ 2.3 ਫ਼ੀਸਦੀ ਧਰਤੀ। 2019 ਦੀ ਮੌਸਮ ਬਦਲੀ ਸਬੰਧੀ 10 ਨੰਬਰਾਂ ਵਾਲੀ ਸਕੇਲ 'ਚ ਅਸੀਂ ਨੌਂ ਪੁਆਇੰਟਾਂ ਨਾਲ ਖ਼ਤਰਨਾਕ ਪੜਾਅ 'ਤੇ ਹੋਵਾਂਗੇ। 2013 ਦੇ ਸਰਵੇ ਅਨੁਸਾਰ 52 ਫ਼ੀਸਦੀ ਕਿਸਾਨ ਕਰਜ਼ੇ ਹੇਠ ਹਨ। ਹਰ ਕਿਸਾਨ 47,000 ਰੁਪਏ ਦੇ ਕਰਜ਼ ਹੇਠ ਹੈ। ਪੰਜਾਬ 'ਚ ਇਹ ਕਰਜ਼ਾ ਪ੍ਰਤੀ ਕਿਸਾਨ ਚਾਰ ਤੋਂ ਪੰਜ ਲੱਖ ਰੁਪਏ ਹੈ। ਹਰ ਸਾਲ 10 ਤੋਂ 12 ਹਜ਼ਾਰ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਰਾਸ਼ਟਰੀ ਜੁਰਮ ਰਿਕਾਰਡ ਬਿਊਰੋ ਅਨੁਸਾਰ ਕਰਜ਼ਾ ਕਿਸਾਨ ਦੇ ਗਲੇ ਦਾ ਫੰਦਾ ਬਣ ਚੁੱਕਾ ਹੈ। ਇਹ ਸਥਿਤੀ ਸ਼ਾਸਕਾਂ ਲਈ ਬੇਹੱਦ ਸ਼ਰਮਨਾਕ ਹੈ।

## ਖੇਤੀ ਨੀਤੀ ਵੀ ਨਾ ਘੜ ਸਕੇ ਅਸੀਂ

70 ਸਾਲਾਂ 'ਚ ਅਸੀਂ ਕੋਈ ਖੇਤੀ ਨੀਤੀ ਨਹੀਂ ਘੜ ਸਕੇ, ਜੋ ਕਿਸਾਨ ਦਾ ਜੀਵਨ ਮਿਆਰ ਔਸਤਨ ਸਹੀ ਰੱਖਦੀ। ਇਸ ਦੇਸ਼ ਦੇ ਲਾਲੂ ਪ੍ਰਸ਼ਾਦ ਯਾਦਵ ਵਰਗੇ ਸੱਤੂ ਖਾ ਕੇ ਗੁਜ਼ਾਰਾ ਕਰਨ ਵਾਲੇ ਲੋਕ ਮਰਹੂਮ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਅਰਬਾਂ-ਖਰਬਾਂ ਦੇ ਮਾਲਕ ਬਣ ਜਾਂਦੇ ਹਨ। ਇਕ ਵਾਰ ਵਿਧਾਇਕ ਜਾਂ ਸੰਸਦ ਮੈਂਬਰ ਬਣਨ ਨਾਲ ਹਜ਼ਾਰਾਂ ਰੁਪਏ ਪੈਨਸ਼ਨ ਤੇ ਹੋਰ ਸਹੂਲਤਾਂ ਦੇ ਮਾਲਕ ਬਣ ਜਾਂਦੇ ਹਨ। 80-90 ਸਾਲ ਦੀ ਉਮਰ ਤਕ ਖੇਤ 'ਚ ਕੰਮ ਕਰਨ ਵਾਲੇ ਕਿਸਾਨ ਲਈ ਫੁੱਟੀ ਕੌਡੀ ਪੈਨਸ਼ਨ ਦੀ ਦਰਕਾਰ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਇਹ ਪ੍ਰਚਾਰ ਰਹੀ ਹੈ ਕਿ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ। ਇਕ ਸਰਵੇ ਅਨੁਸਾਰ ਭਾਰਤੀ ਕਿਸਾਨ ਦੀ ਔਸਤ ਮਾਸਿਕ ਆਮਦਨ 1600 ਰੁਪਏ ਹੈ, ਜੇ ਤੁਸੀਂ ਇਸ ਨੂੰ 3200 ਰੁਪਏ ਕਰ ਵੀ ਦਿਓਗੇ ਤਾਂ ਕਿਹੜਾ ਤੀਰ ਮਾਰ ਲਿਆ? 2013 ਦੇ ਇਕ ਸਰਵੇ ਅਨੁਸਾਰ ਖੇਤੀ, ਪਸ਼ੂ ਪਾਲਣ, ਗ਼ੈਰ-ਖੇਤੀ ਧੰਦੇ ਤੋਂ ਔਸਤ ਭਾਰਤੀ ਘਰ ਦੀ ਆਮਦਨ 6246 ਰੁਪਏ ਤੇ ਖ਼ਰਚ 6223 ਰੁਪਏ/ਮਹੀਨਾ ਹੈ। ਕਿਸਾਨ ਨੂੰ ਜੇ ਇਸ ਸੂਚੀ 'ਚ ਸ਼ਾਮਲ ਕਰ ਲਓ ਤਾਂ ਉਸ ਕੋਲ ਅਗਲੀ ਫ਼ਸਲ ਦੀ ਤਿਆਰੀ ਲਈ ਕੁਝ ਵੀ ਨਹੀਂ ਬਚਦਾ। ਧਰਾਤਲ ਨਾਲ ਜੁੜੇ ਪੰਜਾਬ ਦੇ ਕਿਸਾਨ ਲਈ 'ਆਪਣੀ ਮੰਡੀ' ਦੇ ਖੋਜੀ (ਜਿਸ ਨੂੰ ਪੰਜਾਬ ਸਰਕਾਰ ਨਹੀਂ ਅਪਨਾ ਰਹੀ) ਡਾ. ਅਮਰੀਕ ਸਿੰਘ ਅਨੁਸਾਰ ਪ੍ਰਤੀ ਏਕੜ ਝੋਨੇ ਦੀ ਪਰਾਲੀ, ਮੁੱਢੀਆਂ ਕੁਤਰ ਕੇ ਖੇਤ ਤਿਆਰ ਕਰਨ ਲਈ ਤਿੰਨ ਹਜ਼ਾਰ ਰੁਪਏ ਖ਼ਰਚ ਆਉਂਦਾ ਹੈ। ਕਿਸਾਨ ਇਹ ਕੰਮ ਤਾਂ ਹੀ ਕਰ ਸਕਦਾ ਹੈ ਜੇ ਕੇਂਦਰ ਤੇ ਰਾਜ ਸਰਕਾਰਾਂ ਉਸ ਨੂੰ ਪ੍ਰਤੀ ਏਕੜ ਤਿੰਨ ਹਜ਼ਾਰ ਰੁਪਏ ਨਕਦ ਸਬਸਿਡੀ ਦੇਵੇ ਜਾਂ ਇਸ ਦਾ ਪ੍ਰਬੰਧ ਆਪ ਕਰਨ ਦੇਵੇ। ਉਸ ਕੋਲ ਤਾਂ ਬੱਚੇ ਪੜ੍ਹਾਉਣ, ਦਵਾ-ਦਾਰੂ ਤੇ ਅਗਲੀ ਫ਼ਸਲ ਦੀ ਤਿਆਰੀ ਲਈ ਧੇਲਾ ਵੀ ਨਹੀਂ ਬਚਦਾ। •

*ਮੋਬਾਈਲ 94170-94034*

*ਪਰਾਲੀ ਸਾੜਨ ਨਾਲ ਵਾਤਾਵਰਨ ਦੇ ਹੋ ਰਹੇ ਵੱਡੇ ਨੁਕਸਾਨ ਤੋਂ ਬਚਣ ਲਈ ਖੇਤੀ ਮਸ਼ੀਨਰੀ ਦੀ ਮਦਦ ਨਾਲ ਪਰਾਲੀ ਨੂੰ ਖੇਤ ਵਿਚ ਹੀ ਨਸ਼ਟ ਕਰ ਕੇ ਇਸ ਨੂੰ ਅਗਲੀ ਫ਼ਸਲ ਲਈ ਖਾਦ ਦੇ ਤੌਰ 'ਤੇ ਇਸਤੇਮਾਲ ਕੀਤਾ ਜਾ ਸਕਦਾ ਹੈ...*

# ਪਰਾਲੀ ਨੂੰ ਸਾੜਨ ਤੋਂ ਬਗ਼ੈਰ ਕਣਕ ਦੀ ਬਿਜਾਈ

• ਡਾ. ਅਮਰੀਕ ਸਿੰਘ

ਪੰਜਾਬ ਵਿਚ ਝੋਨੇ ਦੀ ਕਾਸ਼ਤ ਕਰੀਬ 30 ਲੱਖ ਹੈਕਟੇਅਰ ਰਕਬੇ 'ਚ ਕੀਤੀ ਜਾਂਦੀ ਹੈ, ਜਿਸ ਤੋਂ ਕਰੀਬ 19.70 ਮਿਲੀਅਨ ਟਨ ਪਰਾਲੀ ਹਰ ਸਾਲ ਪੈਦਾ ਹੁੰਦੀ ਹੈ। ਇਸ ਵਿੱਚੋਂ 2.70 ਮਿਲੀਅਨ ਟਨ ਬਾਸਮਤੀ ਦੀ ਪਰਾਲੀ ਪਸ਼ੂਆਂ ਦੇ ਚਾਰੇ ਲਈ ਵਰਤ ਲਈ ਜਾਂਦੀ ਹੈ। ਝੋਨੇ ਤੋਂ ਪੈਦਾ ਹੋਈ 1.60 ਮਿਲੀਅਨ ਟਨ ਪਰਾਲੀ ਸਨਅਤੀ ਖੇਤਰ ਤੇ ਹੋਰ ਕੰਮਾਂ ਲਈ ਵਰਤ ਲਈ ਜਾਂਦੀ ਹੈ।

## ਪਰਾਲੀ ਸਾੜਨ ਦੇ ਵੱਡੇ ਨੁਕਸਾਨ

ਝੋਨੇ ਦੀ ਕਟਾਈ ਤੋਂ ਬਾਅਦ ਕਣਕ ਦੀ ਬਿਜਾਈ ਵਿਚ ਸਮਾਂ ਘੱਟ ਹੋਣ ਕਾਰਨ ਕਿਸਾਨਾਂ ਵੱਲੋਂ ਕਰੀਬ 15.39 ਮਿਲੀਅਨ ਟਨ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਾੜ ਦਿੱਤਾ ਜਾਂਦਾ ਹੈ। ਇਕ ਟਨ ਪਰਾਲੀ ਸਾੜਨ ਨਾਲ 400 ਕਿੱਲੋ ਜੈਵਿਕ ਕਾਰਬਨ, 5.5 ਕਿੱਲੋ ਨਾਈਟਰੋਜਨ, 2.3 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼, 1.2 ਕਿੱਲੋ ਸਲਫਰ ਤੇ ਮਿੱਟੀ ਵਿਚਲੇ ਲਘੂ ਤੱਤਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਪਰਾਲੀ ਨੂੰ ਸਾੜਨ ਨਾਲ ਕਰੀਬ 244 ਲੱਖ ਟਨ ਜ਼ਹਿਰੀਲੀਆਂ ਗੈਸਾਂ ਪੈਦਾ ਹੋਣਗੀਆਂ, ਜਿਸ ਕਾਰਨ ਮਨੁੱਖਾਂ ਵਿਚ ਸਾਹ, ਅੱਖਾਂ 'ਚ ਜਲਣ ਤੇ ਚਮੜੀ ਦੇ ਰੋਗਾਂ ਦਾ ਖ਼ਤਰਾ ਪੈਦਾ ਹੋ ਜਾਵੇਗਾ। ਇਸ ਤੋਂ ਇਲਾਵਾ ਹਾਦਸਿਆਂ ਦੀ ਦਰ ਵੀ ਧੂੰਏਂ ਕਾਰਨ ਵਧ ਜਾਂਦੀ ਹੈ।

## ਵਾਤਾਵਰਣ ਤਬਦੀਲੀਆਂ ਦਾ ਉਤਪਾਦਨ 'ਤੇ ਅਸਰ

ਵਾਤਾਵਰਣ ਵਿਚ ਆ ਰਹੇ ਬਦਲਾਅ ਦੇ ਪ੍ਰਭਾਵ ਪਹਿਲਾਂ ਹੀ ਸਾਡੇ ਸਾਹਮਣੇ ਹਨ, ਜਿਸ ਨਾਲ ਕਿਧਰੇ ਹੜ੍ਹ ਤੇ ਕਿਧਰੇ ਸੋਕਾ ਪੈ ਰਿਹਾ ਹੈ। ਮਾਹਿਰਾਂ ਅਨੁਸਾਰ ਮੌਸਮੀ ਤਬਦੀਲੀਆਂ ਕਾਰਨ ਸੰਨ 2050 ਤਕ ਗਰਮੀਆਂ ਦਾ ਤਾਪਮਾਨ 3.2 ਡਿਗਰੀ ਸੈਂਟੀਗ੍ਰੇਡ ਤੇ ਸੰਨ 2080 ਤਕ 4.5 ਡਿਗਰੀ ਸੈਂਟੀਗ੍ਰੇਡ ਵਧ ਜਾਵੇਗਾ। ਖੇਤੀ ਮਾਹਿਰਾਂ ਅਨੁਸਾਰ ਮੌਸਮੀ ਤਬਦੀਲੀਆਂ ਕਾਰਨ ਭਾਰਤ ਵਿਚ 2 ਡਿਗਰੀ ਸੈਂਟੀਗ੍ਰੇਡ ਤਾਪਮਾਨ ਵਿਚ ਵਾਧਾ ਕਣਕ ਦੀ 0.45 ਮੀਟਰਿਕ ਟਨ ਤੇ ਝੋਨੇ ਦੀ 0.7 ਮੀਟਰਿਕ ਟਨ ਪੈਦਾਵਾਰ ਘਟਾ ਸਕਦਾ ਹੈ। ਇਸੇ ਤਰ੍ਹਾਂ ਤਾਪਮਾਨ ਵਿਚ ਸਿਰਫ਼ 0.5 ਡਿਗਰੀ ਸੈਂਟੀਗ੍ਰੇਡ ਦੇ ਵਾਧੇ ਕਾਰਨ ਪੰਜਾਬ, ਹਰਿਆਣਾ, ਉਤਰਾਖੰਡ ਤੇ ਉੱਤਰ ਪ੍ਰਦੇਸ਼ ਵਿਚ ਕਣਕ ਦੀ ਪੈਦਾਵਾਰ 10 ਫ਼ੀਸਦੀ ਤਕ ਘਟ ਸਕਦੀ ਹੈ। ਮੌਸਮੀ ਤਬਦੀਲੀਆਂ ਕਾਰਨ ਫ਼ਸਲੀ ਕੀੜਿਆਂ ਦੀ ਗਿਣਤੀ ਵਧ ਜਾਂਦੀ ਹੈ।

## ਪਰਾਲੀ ਦੀ ਸੰਭਾਲ

ਵਾਤਾਵਰਣ ਨੂੰ ਸ਼ੁੱਧ ਰੱਖਣ ਤੇ ਮਿੱਟੀ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤ 'ਚ ਵਾਹ ਕੇ ਕਣਕ ਜਾਂ ਹੋਰ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਇਸ ਨਾਲ ਪੈਦਾਵਾਰ ਵਧੇਗੀ ਤੇ ਜ਼ਮੀਨ ਦੀ ਸਿਹਤ 'ਚ ਵੀ ਸੁਧਾਰ ਹੋਵੇਗਾ। ਝੋਨੇ ਦੀ ਕਟਾਈ ਜਦ ਕੰਬਾਈਨ ਨਾਲ ਕੀਤੀ ਜਾਂਦੀ ਹੈ ਤਾਂ ਕਾਫੀ ਮਾਤਰਾ 'ਚ ਪਰਾਲੀ ਦਾ ਫੂਸ ਝੋਨੇ ਦੇ ਮੁੱਢਾਂ ਉੱਪਰ ਇਕੱਠਾ ਹੋ ਜਾਂਦਾ ਹੈ ਤੇ ਤਵੀਆਂ, ਰੋਟਾਵੇਟਰ ਨਾਲ ਇਸ ਫੂਸ ਨੂੰ ਸੰਭਾਲਣਾ ਔਖਾ ਹੁੰਦਾ ਸੀ ਪਰ ਹੁਣ ਝੋਨੇ ਦੀ ਕਟਾਈ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਲੱਗੀ ਕੰਬਾਈਨ ਨਾਲ ਕਰਨ ਕਰਕੇ ਇਹ ਸਮੱਸਿਆ ਕਾਫੀ ਹੱਦ ਤਕ ਹੱਲ ਹੋ ਗਈ ਹੈ। ਐੱਸਐੱਮਐੱਸ ਵਾਲੀ ਕੰਬਾਈਨ ਫੂਸ ਨੂੰ ਕੁਤਰ ਕੇ ਇਕਸਾਰ ਖੇਤ ਵਿਚ ਖਿਲਾਰ ਦਿੰਦੀ ਹੈ। ਕਟਾਈ ਉਪਰੰਤ ਜੇ ਕਣਕ ਬੀਜਣੀ ਹੈ ਤਾਂ ਝੋਨੇ ਦੇ ਮੁੱਢਾਂ ਨੂੰ ਪੀਏਯੂ ਕਟਰ ਕਮ ਸ਼ਰੈਡਰ ਨਾਲ ਕੱਟ ਕੇ, ਉਲਟਾਵੇਂ ਹੱਲ ਜਾਂ ਰੋਟਾਵੇਟਰ ਨਾਲ ਮਿੱਟੀ 'ਚ ਮਿਲਾ ਕੇ ਪਾਣੀ ਲਗਾ ਦੇਣਾ ਚਾਹੀਦਾ। ਜੋ ਕੁਝ ਦਿਨਾਂ ਬਾਅਦ ਗਲ ਜਾਵੇਗਾ ਤੇ ਖੇਤ ਤਿਆਰ ਕਰ ਕੇ ਡਰਿੱਲ ਨਾਲ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਜੇ ਹੈਪੀਸੀਡਰ ਨਾਲ ਕਣਕ ਦੀ ਬਿਜਾਈ ਕਰਨੀ ਹੈ ਤਾਂ ਕਟਰ ਕਮ ਸ਼ਰੈਡਰ ਨਾਲ ਮੁੱਢ ਕੁਤਰ ਕੇ ਖੇਤ ਨੂੰ ਬਿਨਾਂ ਵਾਹਿਆਂ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਹੈਪੀਸੀਡਰ ਨਾਲ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਨਾਸ਼ਕ ਦਵਾਈ ਦੇ ਛਿੜਕਾਅ ਦੀ ਵੀ ਜ਼ਰੂਰਤ ਨਹੀਂ ਪਵੇਗੀ ਤੇ ਪਾਣੀ ਵੀ ਘੱਟ ਲੱਗੇਗਾ। ਲੱਕੀ ਹੈਪੀ ਸੀਡਰ ਮਸ਼ੀਨ ਨਾਲ ਝੋਨੇ ਦੀ ਕਟਾਈ ਤੋਂ ਬਾਅਦ ਖੇਤ ਨੂੰ ਬਿਨਾਂ ਵਾਹਿਆਂ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਹੈਪੀ ਸੀਡਰ ਅਜਿਹੀ ਮਸ਼ੀਨ ਹੈ ਜਿਸ ਨਾਲ ਇੱਕੋ ਸਮੇਂ ਪਰਾਲੀ ਨੂੰ ਕੁਤਰ ਕੇ ਖੇਤ 'ਚ ਖਿਲਾਰਨ ਦੇ ਨਾਲ-ਨਾਲ ਕਣਕ ਦੀ ਸਿੱਧੀ ਬਿਜਾਈ ਕੀਤੀ ਜਾਂਦੀ ਹੈ। ਜੇ ਆਲੂ ਜਾਂ ਮਟਰ ਬੀਜਣੇ ਹਨ ਤਾਂ ਐੱਸਐੱਮਐੱਸ ਲੱਗੀ ਕੰਬਾਈਨ ਨਾਲ ਕਟਾਈ ਉਪਰੰਤ ਚੌਪਰ ਕਮ ਸ਼ਰੈਡਰ ਨਾਲ ਮੁੱਢ ਕੁਤਰ ਕੇ ਇਕ ਪਾੜ ਰੋਟਾਵੇਟਰ ਦੀ ਪਾਉਣ ਉਪਰੰਤ ਹਲ ਨਾਲ ਪਰਾਲੀ ਨੂੰ ਖੇਤ 'ਚ ਮਿਲਾਇਆ ਜਾ ਸਕਦਾ ਹੈ। ਉਪਰੰਤ ਪਾਣੀ ਲਗਾ ਕੇ ਵੱਤਰ ਆਉਣ 'ਤੇ ਰੋਟਾਵੇਟਰ ਦੀ ਪਾੜ ਤੇ ਟਿੱਲਰਾਂ ਨਾਲ ਵਾਹ ਕੇ ਖੇਤ ਤਿਆਰ ਕੀਤਾ ਜਾ ਸਕਦਾ ਹੈ। •

*ਮੋਬਾਈਲ 94630-71919*

### ਸਹਿਕਾਰੀ ਸਭਾਵਾਂ ਦੀ ਭੂਮਿਕਾ

*ਪਰਾਲੀ ਦੀ ਵਰਤੋਂ ਬਿਜਲੀ ਪੈਦਾ ਕਰਨ ਲਈ, ਸਰਦੀਆਂ ਵਿਚ ਪਸ਼ੂਆਂ ਹੇਠਾਂ ਸੁੱਕ (ਬੈਡਿੰਗ) ਵਜੋਂ ਵਰਤੋਂ, ਖੁੰਭਾਂ ਪੈਦਾ ਕਰਨ ਲਈ, ਮਿੱਲਾਂ ਵਿਚ ਗੱਤਾ ਬਣਾਉਣ ਤੇ ਚਾਰੇ ਲਈ ਕੀਤੀ ਜਾ ਸਕਦੀ ਹੈ। ਹੈਪੀ ਸੀਡਰ ਦੀ ਕੀਮਤ ਇਕ ਲੱਖ 35 ਹਜ਼ਾਰ ਤੋਂ ਇਕ ਲੱਖ 45 ਹਜ਼ਾਰ ਰੁਪਏ ਹੈ। ਇਹ ਮਸ਼ੀਨਰੀ ਮਹਿੰਗੀ ਹੋਣ ਕਾਰਨ ਹਰ ਕਿਸਾਨ ਲਈ ਖ਼ਰੀਦਣੀ ਸੰਭਵ ਨਹੀਂ ਹੈ, ਇਸ ਲਈ ਸਹਿਕਾਰੀ ਪੱਧਰ ਤੇ 5-10 ਕਿਸਾਨ ਮਿਲ ਕੇ ਮਸ਼ੀਨਰੀ ਖ਼ਰੀਦ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਖੇਤੀ ਮਸ਼ੀਨਰੀ ਬੈਂਕ ਸਥਾਪਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸਹਿਕਾਰੀ ਸਭਾਵਾਂ ਇਸ ਕੰਮ 'ਚ ਅਹਿਮ ਭੂਮਿਕਤ ਨਿਭਾ ਸਕਦੀਆਂ ਹਨ। ਮਸ਼ੀਨਾਂ 'ਤੇ ਸਬਸਿਡੀ ਜਾਂ ਜਾਣਕਾਰੀ ਲਈ ਕਿਸਾਨ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ, ਖੇਤੀਬਾੜੀ ਅਫਸਰ, ਖੇਤੀਬਾੜੀ ਵਿਕਾਸ ਅਫਸਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ।*





ਬਾਗ਼-ਬਗ਼ੀਚਾ

# ਸਰਦ ਰੁੱਤ ਦੇ ਫੁੱਲ ਲਗਾਓ ਵਾਤਾਵਰਨ ਮਹਿਕਾਓ

• ਡਾ. ਸੁਖਦੀਪ ਸਿੰਘ ਹੁੰਦਲ

*ਫੁੱਲਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਤਾ ਹੈ ਤੇ ਜੀਵਨ ਦੀ ਹਰ ਖ਼ੁਸ਼ੀ-ਗ਼ਮੀ ਮੌਕੇ ਇਨ੍ਹਾਂ ਦੀ ਲੋੜ ਰਹਿੰਦੀ ਹੈ। ਸਰਦ ਰੁੱਤ ਦੇ ਫੁੱਲਾਂ ਦੀ ਕਾਸ਼ਤ ਘਰੇਲੂ ਬਗ਼ੀਚੀ ਵਿਚ ਕਰ ਕੇ ਤੁਸੀਂ ਆਪਣੇ ਆਲੇ-ਦੁਆਲੇ ਨੂੰ ਮਹਿਕਾ ਸਕਦੇ ਹੋ। ਫੁੱਲਾਂ ਦੇ ਬੂਟੇ ਲਗਾਉਂਦੇ ਸਮੇਂ ਘਰ ਵਿਚ ਤੁਲਸੀ, ਨਿਆਜ਼ਬੋ ਆਦਿ ਦਵਾਈਆਂ ਦੇ ਗੁਣਾਂ ਵਾਲੇ ਬੂਟੇ ਵੀ ਜ਼ਰੂਰ ਲਗਾਓ ਤਾਂ ਜੋ ਘਰੇਲੂ ਇਲਾਜ 'ਚ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ...*

ਘਰੇਲੂ ਬਗ਼ੀਚੀ ਜਾਂ ਘਰ ਦੀ ਸੁੰਦਰਤਾ ਤਦ ਹੀ ਸੰਪੂਰਨ ਮੰਨੀ ਜਾਂਦੀ ਹੈ ਜੇ ਇਸ ਵਿਚ ਫਲਾਂ, ਸਬਜ਼ੀਆਂ ਤੇ ਦਵਾਈਆਂ ਵਾਲੇ ਪੌਦਿਆਂ ਦੇ ਨਾਲ-ਨਾਲ ਫੁੱਲਾਂ ਨੂੰ ਵੀ ਢੁਕਵੀਂ ਥਾਂ ਦਿੱਤੀ ਜਾਵੇ। ਫੁੱਲਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਤਾ ਹੈ ਤੇ ਜੀਵਨ ਦੀ ਹਰ ਖ਼ੁਸ਼ੀ-ਗ਼ਮੀ ਮੌਕੇ ਇਨ੍ਹਾਂ ਦੀ ਲੋੜ ਰਹਿੰਦੀ ਹੈ। ਫੁੱਲਾਂ ਵਾਲੇ ਬੂਟੇ ਜਿੱਥੇ ਸਾਡੇ ਆਲੇ-ਦੁਆਲੇ ਨੂੰ ਸੁੰਦਰ ਬਣਾਉਂਦੇ ਹਨ ਉੱਥੇ ਇਨ੍ਹਾਂ ਦੀ ਮੌਜੂਦਗੀ ਦਿਨ ਭਰ ਦੀ ਥਕਾਵਟ ਨੂੰ ਦੂਰ ਕਰਨ 'ਚ ਸਹਾਈ ਹੁੰਦੀ ਹੈ। ਇਹ ਸਮਾਂ ਸਰਦ ਰੁੱਤ ਦੇ ਫੁੱਲਾਂ ਦੀ ਕਾਸ਼ਤ ਲਈ ਬਹੁਤ ਢੁਕਵਾਂ ਹੈ।

ਗਰਮ ਰੁੱਤ ਦੇ ਮੁਕਾਬਲੇ ਸਰਦੀਆਂ ਵਿਚ ਬਹੁਤ ਸਾਰੇ ਫੁੱਲਾਂ ਦੀ ਚੋਣ ਕੀਤੀ ਜਾ ਸਕਦੀ ਹੈ, ਜਿਨ੍ਹਾਂ ਵਿੱਚੋਂ ਪਟੂਨੀਆ, ਮੌਸਮੀ ਗੁਲਦਾਉਦੀ, ਪੌਪੀ, ਕੌਰਨ ਫਲਾਵਰ, ਸਿਨਾਰੇਰੀਆ, ਸਵੀਟ ਸੁਲਤਾਨ, ਸਵੀਟ ਵਿਲੀਅਮ, ਡੇਹਲੀਆ, ਲਾਰਕਸਪਰ, ਗੇਂਦਾ, ਜਾਫ਼ਰੀ, ਐਂਟਰਾਈਨਮ, ਹੈਲੀਕ੍ਰਾਈਸਮ, ਕੌਸਮੌਸ, ਐਕਰੋਕਲਾਈਨਮ, ਐਸਟਰ, ਕਾਰਨੇਸ਼ਨ, ਗਲੈਡੀਓਲਸ, ਕਲਾਰਕੀਆ, ਨੀਮੀਸ਼ੀਆ, ਗਜ਼ਾਨੀਆ, ਸਾਲਵੀਆ, ਸਟੈਟਿਸ, ਕੈਂਡੀਟਫਟ, ਕੈਲੈਂਡੂਲਾ, ਫਲੌਕਸ, ਵਰਬੀਨਾ, ਡਾਈਮੋਰਫੋਥੀਕਾ, ਹੋਲੀਹੌਕ, ਬਰੈਚੀਕੌਮ, ਸਵੀਟਪੀਜ਼, ਡੇਜ਼ੀ, ਪੈਂਜ਼ੀ, ਆਈਸ ਪਲਾਂਟ, ਨੈਸਟਰਸ਼ੀਅਮ ਆਦਿ ਪ੍ਰਮੁੱਖ ਹਨ। ਸਾਨੂੰ ਇਨ੍ਹਾਂ ਵਿੱਚੋਂ ਆਪਣੀ ਪਸੰਦ ਤੇ ਉਪਲਬਧ ਜਗ੍ਹਾ ਮੁਤਾਬਕ ਫੁੱਲਾਂ ਦੀ ਚੋਣ ਕਰ ਕੇ ਘਰੇਲੂ ਬਗੀਚੀ ਵਿਚ ਲਗਾਉਣੇ ਚਾਹੀਦੇ ਹਨ। ਅਕਤੂਬਰ ਦਾ ਮਹੀਨਾ ਇਨ੍ਹਾਂ ਫੁੱਲਾਂ ਦੀ ਕਾਸ਼ਤ ਕਰਨ ਲਈ ਬਹੁਤ ਢੁਕਵਾਂ ਹੈ। ਫੁੱਲਾਂ ਨੂੰ ਲਗਾਉਣ ਦੇ ਦੋ ਤਰੀਕੇ ਹਨ। ਇਕ ਤਾਂ ਹੈ ਕਿ ਅਕਤੂਬਰ ਮਹੀਨੇ ਦੇ ਪਹਿਲੇ ਹਫ਼ਤੇ ਪਨੀਰੀ ਬੀਜ ਕੇ ਅਤੇ ਦੂਸਰਾ ਕਿਸੇ ਭਰੋਸੇਮੰਦ ਨਰਸਰੀ ਤੋਂ ਪਨੀਰੀ ਲਿਆ ਕੇ ਕਿਆਰੀਆਂ ਵਿਚ ਲਗਾਓ। ਬਗ਼ੀਚੀ ਵਿਚ ਫੁੱਲ ਲਗਾਉਣ ਤੋਂ ਪਹਿਲਾਂ ਕਾਗ਼ਜ਼ 'ਤੇ ਨਕਸ਼ਾ ਤਿਆਰ ਕਰੋ ਤਾਂ ਕਿ ਇਹ ਪਤਾ ਲੱਗ ਸਕੇ ਕਿ ਘਰ ਦੇ ਕਿਹੜੇ ਹਿੱਸੇ ਵਿਚ ਧੁੱਪ ਤੇ ਕਿਹੜੇ ਹਿੱਸੇ ਵਿਚ ਛਾਂ ਆਉਂਦੀ ਹੈ, ਕਿਉਂਕਿ ਸਰਦੀਆਂ ਵਿਚ ਦਿਨ ਛੋਟੇ ਹੁੰਦੇ ਹਨ ਅਤੇ ਜੇ ਫੁੱਲਾਂ ਵਾਲੀ ਥਾਂ 'ਤੇ ਛਾਂ ਰਹੇਗੀ ਤਾਂ ਅਸੀਂ ਉਨ੍ਹਾਂ ਦੀ ਸਜਾਵਟ ਦਾ ਆਨੰਦ ਨਹੀ ਮਾਣ ਸਕਾਂਗੇ। ਅਜਿਹੀਆਂ ਥਾਵਾਂ 'ਤੇ ਸਜਾਵਟੀ ਝਾੜੀਆਂ ਲਗਾ ਦੇਣੀਆਂ ਚਾਹੀਦੀਆਂ ਹਨ। ਅਰਧ-ਛਾਂ ਵਾਲੀ ਜਗ੍ਹਾ 'ਤੇ ਸਾਲਵੀਆ, ਸਿਨਾਰੇਰੀਆ ਤੇ ਨਸਟਰਸ਼ੀਅਮ ਵਰਗੇ ਫੁੱਲਾਂ ਦੇ ਬੂਟੇ ਲਗਾਏ ਜਾ ਸਕਦੇ ਹਨ। ਜੇ ਇਹ ਵਿਓਂਤਬੰਦੀ ਪਹਿਲਾਂ ਕੀਤੀ ਹੋਵੇ ਤਾਂ ਬਾਅਦ 'ਚ ਮੁਸ਼ਕਿਲ ਨਹੀ ਆਉਂਦੀ।

ਵਿਓਂਤਬੰਦੀ ਕਰਦੇ ਸਮੇਂ ਫੁੱਲਾਂ ਦੀ ਉਚਾਈ ਤੇ ਰੰਗ ਦੀ ਚੋਣ ਦਾ ਵੀ ਧਿਆਨ ਰੱਖੋ। ਉਚਾਈ ਵਾਲੇ ਬੂਟੇ ਕਿਆਰੀ ਦੇ ਪਿਛਲੇ ਪਾਸੇ ਤੇ ਮਧਰੇ ਬੂਟੇ ਅੱਗੇ ਲਗਾਉਣੇ ਚਾਹੀਦੇ ਹਨ। ਵਿਓਂਤਬੰਦੀ ਤੋਂ ਬਾਅਦ ਕਿਆਰੀਆਂ, ਬੈੱਡ ਜਾਂ ਗਮਲੇ, ਜਿਨ੍ਹਾਂ ਵਿਚ ਫੁੱਲਾਂ ਦੀ ਪਨੀਰੀ ਲਗਾਉਣੀ ਹੈ, ਨੂੰ ਤਿਆਰ ਕਰਨਾ ਸਭ ਤੋਂ ਮਹੱਤਵਪੂਰਨ ਕੰਮ ਹੈ ਕਿਉਂਕਿ ਇਸ 'ਤੇ ਹੀ ਬੂਟਿਆਂ ਦੀ ਸਫ਼ਲਤਾ ਨਿਰਭਰ ਕਰਦੀ ਹੈ।

## ਬਾਲਕੋਨੀ 'ਚ ਫੁੱਲਾਂ ਦੀ ਕਾਸ਼ਤ

ਸ਼ਹਿਰਾਂ ਵਿਚ ਜਿੱਥੇ ਜਗ੍ਹਾ ਦੀ ਘਾਟ ਹੋਵੇ, ਉੱਥੇ ਫੁੱਲਾਂ ਦੀ ਕਾਸ਼ਤ ਬਾਲਕੋਨੀ ਵਿਚ ਬਕਸਿਆਂ 'ਚ ਕੀਤੀ ਜਾ ਸਕਦੀ ਹੈ। ਇਹ ਬਕਸੇ ਲੱਕੜ, ਸੀਮਿੰਟ ਜਾਂ ਪਲਾਸਟਿਕ ਦੇ ਹੋ ਸਕਦੇ ਹਨ। ਬਕਸਿਆਂ ਵਾਸਕੇ ਵੀ ਗਮਲਿਆਂ 'ਚ ਵਰਤਿਆ ਜਾਣ ਵਾਲਾ ਮਿਸ਼ਰਣ ਵਰਤਿਆ ਜਾ ਸਕਦਾ ਹੈ।

## ਘਰ ਦੇ ਅੰਦਰ ਸਜਾਵਟੀ ਬੂਟਿਆਂ ਦੀ ਕਾਸ਼ਤ

ਸ਼ਹਿਰੀਕਰਨ 'ਚ ਵਾਧੇ ਨਾਲ ਇਨਡੋਰ ਪਲਾਂਟਸ ਪ੍ਰਤੀ ਲੋਕਾਂ 'ਚ ਜਾਗਰੂਕਤਾ ਵਧੀ ਹੈ। ਇਹ ਬੂਟੇ ਜਿੱਥੇ ਬਾਗ਼ਬਾਨੀ ਦਾ ਸ਼ੌਕ ਪੂਰਾ ਕਰਦੇ ਹਨ ਉੱਥੇ ਸਾਨੂੰ ਤਰੋਤਾਜ਼ਾ ਰੱਖਣ 'ਚ ਵੀ ਸਹਾਈ ਹੁੰਦੇ ਹਨ।।ਆਮਤੌਰ 'ਤੇ ਘਰ ਅੰਦਰਲੇ ਬੂਟੇ ਤਿੰਨ ਤਰ੍ਹਾਂ ਦੇ ਹੁੰਦੇ ਹਨ :

**ਸੁੰਦਰ ਫੁੱਲਾਂ ਵਾਲੇ ਬੂਟੇ** : ਇਨ੍ਹਾਂ ਵਿਚ ਡੇਲੀਆ, ਗੁਲਦਾਉਦੀ, ਸਾਲਵੀਆ ਤੇ ਸਿਨਾਰੇਰੀਆ ਆਦਿ ਫੁੱਲ ਆਉਦੇਂ ਹਨ, ਜਿਨ੍ਹਾਂ ਨੂੰ ਪਹਿਲਾਂ ਬਾਹਰ ਪੈਦਾ ਕਰ ਲਿਆ ਜਾਂਦਾ ਹੈ ਤੇ ਜਦੋਂ ਇਹ ਫੁੱਲ ਦੇਣੇ ਸ਼ੁਰੂ ਕਰ ਦਿੰਦੇ ਹਨ ਤਾਂ ਅੰਦਰ ਕਮਰੇ ਵਿਚ ਗਮਲੇ ਸਮੇਤ ਰੱਖ ਦਿੱਤਾ ਜਾਂਦਾ ਹੈ। ਇਹ ਆਪਣੇ ਸੋਹਣੇ ਰੰਗਾਂ ਵਾਲੇ ਫੁੱਲਾਂ ਨਾਲ ਸਾਡੇ ਕਮਰਿਆਂ ਨੂੰ ਸਜਾਉਦੇ ਹਨ ਤੇ ਜਦੋਂ ਇਹ ਫੁੱਲ ਦੇਣਾ ਬੰਦ ਕਰ ਦਿੰਦੇ ਹਨ ਤਾਂ ਇਨ੍ਹਾਂ ਨੂੰ ਬਾਹਰ ਰੱਖ ਦਿੱਤਾ ਜਾਂਦਾ ਹੈ।

**ਸੁੰਦਰ ਪੱਤਿਆਂ ਵਾਲੇ ਬੂਟੇ**: ਇਨ੍ਹਾਂ ਬੂਟਿਆਂ ਦੀ ਸੁੰਦਰਤਾ ਸਜਾਵਟੀ ਪੱਤਿਆਂ ਦੀ ਬਨਾਵਟ ਕਰਕੇ ਹੁੰਦੀ ਹੈ।।ਇਨ੍ਹਾਂ ਵਿਚ ਕਰੋਟਨ, ਮਨੀ ਪਲਾਂਟ, ਡਿਫਨਬੇਚੀਆ, ਪਾਮ, ਫਰਨ ਆਦਿ ਆਉਂਦੇ ਹਨ।

**ਬੋਨਸਾਈ** : ਇਨ੍ਹਾਂ ਬੂਟਿਆਂ ਦੀ ਸੁੰਦਰਤਾ ਇਨ੍ਹਾਂ ਦੇ ਆਕਾਰ ਕਰਕੇ ਹੁੰਦੀ ਹੈ। ਇਨ੍ਹਾਂ ਨੂੰ ਖ਼ਾਸ ਖੁੱਲ੍ਹੇ ਕੰਟੇਨਰ 'ਚ ਉਗਾ ਕੇ ਇਸ ਦੇ ਦੀਆਂ ਜੜ੍ਹਾਂ ਦੀ ਕਟਾਈ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਦਾ ਆਕਾਰ ਨਾ ਵਧੇ ਪਰ ਇਨ੍ਹਾਂ ਦੀ ਉਮਰ ਵਧਦੀ ਰਹੇ ਅਤੇ ਇਹ ਵਿਲੱਖਣ ਦਿਸਣ। ਇਨ੍ਹਾਂ ਵਿਚ ਪਿੱਪਲ, ਬੋਹੜ, ਨਿੰਬੂ ਜਾਤੀ, ਨਿੰਮ ਆਦਿ ਆਉਂਦੇ ਹਨ। ਇਹ ਬੂਟੇ ਬਾਗ਼ਬਾਨੀ ਵਿਭਾਗ ਦੀਆਂ ਚੋਣਵੀਆਂ ਨਰਸਰੀਆਂ, ਪੰਜਾਬ ਖੇਤੀਬਾੜੀ ਯੂਨੀਵਰਸਟੀ ਜਾਂ ਪ੍ਰਾਈਵੇਟ ਨਰਸਰੀਆਂ ਪ੍ਰਾਪਤ ਕੀਤੇ ਜਾ ਸਕਦੇ ਹਨ। •

*ਮੋਬਾਈਲ 75080-18842*







### ਗਮਲਿਆਂ 'ਚ ਫੁੱਲਾਂ ਦੀ ਕਾਸ਼ਤ

*ਜੇ ਫੁੱਲਾਂ ਵਾਲੇ ਬੂਟੇ ਗਮਲਿਆਂ 'ਚ ਲਗਾਉਣੇ ਹੋਣ ਤਾਂ ਪਨੀਰੀ ਲਗਾਉਣ ਤੋਂ ਪਹਿਲਾਂ ਪ੍ਰਤੀ ਘਣ ਮੀਟਰ ਮਿੱਟੀ ਵਿਚ 30 ਗ੍ਰਾਮ ਕੈਲਸ਼ੀਅਮ ਅਮੋਨੀਅਮ ਨਾਈਟਰੇਟ, 45 ਗ੍ਰਾਮ ਸੁਪਰਫਾਸਫੇਟ ਤੇ 30 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਰਲਾ ਕੇ ਹਰ ਗਮਲੇ ਵਿਚ ਦੋ ਹਿੱਸੇ ਮਿੱਟੀ, ਇਕ ਹਿੱਸਾ ਰੂੜੀ ਤੇ ਇਕ ਹਿੱਸਾ ਝੋਨੇ ਦੀ ਸੜੀ ਹੋਈ ਫੱਕ ਪਾ ਦਿਓ। ਗਮਲੇ ਭਰਨ ਤੋਂ ਪਹਿਲਾਂ ਇਸ ਦੇ ਹੇਠਾਂ ਪਾਣੀ ਦੇ ਨਿਕਾਸ ਵਾਲੀ ਮੋਰੀ 'ਤੇ ਠੀਕਰੀ ਆਦਿ ਰੱਖ ਦਿਓ ਤਾਂ ਕਿ ਮਿੱਟੀ ਭਰਨ ਨਾਲ ਇਹ ਮੋਰੀ ਬੰਦ ਨਾ ਹੋਵੇ। ਬਾਅਦ ਵਿਚ ਫੁੱਲਾਂ ਵਾਲੇ ਬੂਟੇ ਇਨ੍ਹਾਂ 'ਚ ਲਗਾ ਕੇ ਫ਼ੁਹਾਰੇ ਨਾਲ ਪਾਣੀ ਲਗਾਓ।*

### ਜ਼ਮੀਨ 'ਚ ਫੁੱਲਾਂ ਦੀ ਕਾਸ਼ਤ

*ਕਿਆਰੀ ਨੂੰ ਚੰਗੀ ਤਰ੍ਹਾਂ ਗੋਡ ਕੇ ਉਸ ਵਿਚ ਦੇਸੀ ਰੂੜੀ 5 ਕਿੱਲੋ ਪ੍ਰਤੀ ਵਰਗਮੀਟਰ ਦੇ ਹਿਸਾਬ ਨਾਲ ਪਾਓ। ਨਾਲ ਹੀ 30 ਗ੍ਰਾਮ ਕੈਲਸ਼ੀਅਮ ਅਮੋਨੀਅਮ ਨਾਈਟਰੇਟ, 45 ਗ੍ਰਾਮ ਸੁਪਰਫਾਸਫੇਟ ਤੇ 30 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦਾਂ ਪਨੀਰੀ ਲਗਾਉਣ ਤੋਂ ਹਫ਼ਤਾ ਪਹਿਲਾਂ ਕਿਆਰੀ ਦੀ ਉੱਪਰਲੀ 10-15 ਸੈਂਟੀਮੀਟਰ ਤਹਿ 'ਚ ਰਲਾ ਦੇਣੀਆਂ ਚਾਹੀਦੀਆਂ ਹਨ। ਇਸ ਤੋਂ ਬਾਅਦ ਕਿਆਰੀ ਨੂੰ ਹਲਕਾ ਪਾਣੀ ਦੇਵੋ ਅਤੇ ਫਿਰ ਵੱਤਰ ਆਉਣ 'ਤੇ ਲੋੜੀਂਦੇ ਫ਼ਾਸਲੇ 'ਤੇ ਪਨੀਰੀ ਲਗਾ ਦੇਣੀ ਚਾਹੀਦੀ ਹੈ। ਪਨੀਰੀ ਲਗਾਉਣ ਤੋਂ ਬਾਅਦ ਫ਼ੁਹਾਰੇ ਨਾਲ ਪਾਣੀ ਲਗਾਓ। ਇਨ੍ਹਾਂ ਬੂਟਿਆਂ ਨੂੰ 30 ਦਿਨ ਦੇ ਵਕਫ਼ੇ 'ਤੇ 30 ਗ੍ਰਾਮ ਕੈਲਸ਼ੀਅਮ ਅਮੋਨੀਅਮ ਨਾਈਟਰੇਟ ਤੇ 15 ਗ੍ਰਾਮ ਯੂਰੀਆ ਖਾਦ ਪ੍ਰਤੀ ਵਰਗਮੀਟਰ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ।*

ਕੌਮੀ ਪਤ੍ਰਿਕਾ

# ਧਰਮ ਤੇ ਵਿਰਸਾ

## ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਧਰਤੀ



**ਬਲਵਿੰਦਰ ਸਿੰਘ ਭੁੱਲਰ**

ਗੁਰੂ ਨਾਨਕ ਦੇਵ ਜੀ, ਸਮਾਜ ਸੁਧਾਰਕ ਤੇ ਤਰਕ ਦੇ ਅਧਾਰ ਉੱਤੇ ਗੱਲ ਕਰਨ ਵਾਲੇ ਮਹਾਨ ਫ਼ਿਲਾਸਫ਼ਰ ਸਨ। ਉਦਾਸੀਆਂ ਸਮੇਂ ਉਨ੍ਹਾਂ ਵੱਖ ਵੱਖ ਥਾਈਂ ਘੁੰਮ ਕੇ ਪ੍ਰਭੂ ਭਗਤੀ ਦੇ ਨਾਲ ਨਾਲ ਸੰਸਾਰ ਵਿੱਚ ਫੈਲ ਚੁੱਕੇ ਅੰਧ ਵਿਸ਼ਵਾਸ ਨੂੰ ਖ਼ਤਮ ਕਰਨ, ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਤੇ ਹੱਕ ਸੱਚ ਤੇ ਮਿਹਨਤ ਕਰਨ ਦਾ ਸੁਨੇਹਾ ਦਿੱਤਾ। ਗੁਰੂ ਜੀ ਉਦਾਸੀਆਂ ਦੌਰਾਨ ਭਾਰਤ ਦੇ ਨਾਲ ਲੱਗਦੇ ਦੇਸ਼ਾਂ ਪਾਕਿਸਤਾਨ, ਅਫ਼ਗਾਨਿਸਤਾਨ, ਬੰਗਲਾ ਦੇਸ਼, ਬਰਮਾ, ਨੇਪਾਲ, ਚੀਨ ਆਦਿ ਵਿੱਚ ਵੀ ਗਏ। ਇਹ ਦੇਸ਼ ਉਸ ਸਮੇਂ ਭਾਰਤ ਦਾ ਹਿੱਸਾ ਸਨ ਜਾਂ ਭਾਰਤੀ ਸਰਹੱਦ ਦੇ ਬਿਲਕੁਲ ਨਾਲ ਲੱਗਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਤਿਹਾਸ ਭਾਰਤ ਤੋਂ ਬਾਹਰ ਉਨ੍ਹਾਂ ਦੇਸ਼ਾਂ ਵਿੱਚ ਵੀ ਬਾਬਾ ਨਾਨਕ ਦੇ ਪਹੁੰਚਣ ਦੀ ਗਵਾਹੀ ਭਰਦਾ ਹੈ, ਜਿਨ੍ਹਾਂ ਦੇਸ਼ਾਂ ਵਿੱਚ ਜਾਣ ਲਈ ਹੁਣ ਵੀ ਸਮੁੰਦਰੀ ਜਹਾਜ਼ਾਂ ਜਾਂ ਹਵਾਈ ਉਡਾਣਾਂ ਦਾ ਸਹਾਰਾ ਲਿਆ ਜਾਂਦਾ ਹੈ, ਜਿਵੇਂ ਇਰਾਕ, ਸ੍ਰੀਲੰਕਾ, ਰੂਸ ਆਦਿ। ਨਾਨਕ ਪ੍ਰਕਾਸ਼ ਵਿੱਚ ਗੁਰੂ ਜੀ ਨਾਨਕ ਦੇ ਜੰਬੂ ਦੀਪ ਵਿੱਚ ਪ੍ ੱ ਜ ਣ ਬਾਰੇ ਵੀ ਜ਼ਿਕਰ ਮਿਲਦਾ ਹੈ:

> "ਸੁਨ ਕੈ ਬੋਲੇ ਕਿਰਪਾ ਨਿਧਾਨਾ।
> ਉਤਮ ਜਬੂ ਦੀਪ ਮਹਾਨਾ।
> ਲਖ ਯੋਜਨ ਇਸ ਕੋ ਬਿਸਤਾਰੂ।
> ਸਭ ਦੀਪਨ ਕੋ ਲਖੋ ਮਝਾਰੂ।"

ਇਹ ਜੰਬੂ ਦੀਪ ਕਿੱਥੇ ਹੈ, ਇਸ ਬਾਰੇ ਵੱਖ ਵੱਖ ਵਿਦਵਾਨਾਂ ਦੇ ਵਿਚਾਰ ਵੀ ਵੱਖੋ ਵੱਖ ਹਨ। ਮਹਾਨਕੋਸ਼ ਅਨੁਸਾਰ ਏਸ਼ੀਆ ਮਹਾਂਦੀਪ ਦਾ ਨਾਂ ਹੀ ਜੰਬੂ ਦੀਪ ਹੈ। ਇਹ ਸਪੱਸ਼ਟ ਹੈ ਕਿ ਜੰਬੂ ਸਮੁੰਦਰ ਨਾਲ ਘਿਰਿਆ ਹੋਇਆ ਕੋਈ ਇਲਾਕਾ ਸੀ, ਕਿਉਂਕਿ ਦੀਪ ਦਾ ਅਰਥ ਸਮੁੰਦਰ ਵਿੱਚ ਘਿਰਿਆ ਟਾਪੂ ਹੀ ਹੈ। ਕੁਝ ਵਿਦਵਾਨਾਂ ਨੇ ਜੰਬੂ ਦੀਪ ਦਾ ਇਲਾਕਾ ਰੂਸ ਦੇ ਬਾਕੂ ਸ਼ਹਿਰ ਦੇ ਆਸ ਪਾਸ ਮੰਨਿਆ ਹੈ, ਜੋ ਠੀਕ ਜਾਪਦਾ ਹੈ, ਕਿਉਂਕਿ ਉੱਥੇ ਗੁਰੂ ਨਾਨਕ ਦੇਵ ਜੀ ਦੇ ਪਹੁੰਚਣ ਦੀ ਨਿਸ਼ਾਨਦੇਹੀ ਵੀ ਹੁੰਦੀ ਹੈ।

ਭੂਗੋਲਿਕ ਤੌਰ 'ਤੇ ਵੇਖਿਆ ਜਾਵੇ ਤਾਂ ਇਹ ਸ਼ਹਿਰ ਬਾਕੂ ਅੱਜ ਕੱਲ੍ਹ ਅਜ਼ਰਬਾਇਜਾਨ ਦੀ ਰਾਜਧਾਨੀ ਹੈ। ਸਦੀਆਂ ਪਹਿਲਾਂ ਇਹ ਦੇਸ਼ ਫਰਾਂਸ ਦਾ ਹਿੱਸਾ ਸੀ। 1806 ਵਿੱਚ ਇਹ ਇਲਾਕਾ ਰੂਸ ਵਿੱਚ ਸ਼ਾਮਲ ਹੋ ਗਿਆ ਸੀ ਤੇ ਇਸ ਦਾ ਨਾਂ ਅਜ਼ਰਬਾਇਜਾਨ ਸੋਵੀਅਤ ਸੋਸ਼ਲਿਸਟ ਗਣਤੰਤਰ ਪੈ ਗਿਆ ਸੀ, ਪਰ 1991 ਵਿੱਚ ਇਹ ਦੇਸ਼ ਰੂਸ ਤੋਂ ਵੱਖ ਹੋ ਕੇ ਆਜ਼ਾਦ ਹੋ ਗਿਆ ਤੇ ਇੱਥੇ ਲੋਕਰਾਜੀ ਸਾਸ਼ਨ ਚੱਲਦਾ ਹੈ, ਜਿਸ ਦੀ ਰਾਜਧਾਨੀ ਬਾਕੂ ਸ਼ਹਿਰ ਹੈ। ਇਸ ਦੇਸ਼ ਦੀ ਸਰਹੱਦ ਇੱਕ ਪਾਸੇ ਰੂਸ ਨਾਲ ਲੱਗਦੀ ਹੈ ਤੇ ਦੂਜੇ ਪਾਸੇ ਕੈਸਪੀਅਨ ਸਾਗਰ, ਜਿਸ ਨੂੰ ਕਾਲਾ ਸਮੁੰਦਰ ਵੀ ਕਹਿੰਦੇ ਹਨ, ਲੱਗਦਾ ਹੈ। ਅੱਜ ਕੱਲ੍ਹ ਬਾਕੂ ਸ਼ਹਿਰ ਵਪਾਰਕ ਬੰਦਰਗਾਹ ਹੋਣ ਦੇ ਨਾਲ ਨਾਲ ਖ਼ੂਬਸੂਰਤ ਟੂਰਿਜ਼ਮ ਸਥਾਨ ਵੀ ਹੈ।

ਇਸ ਸ਼ਹਿਰ ਤੋਂ ਕੁਝ ਹੀ ਦੂਰੀ 'ਤੇ ਸੁਰਖਾਨੀ ਨਾਂ ਦਾ ਇੱਕ ਸਥਾਨ ਹੈ, ਜਿੱਥੇ ਹਿੰਦੂਆਂ ਦਾ ਇੱਕ ਮੰਦਰ ਹੈ, ਜਿਸ ਨੂੰ ਉੱਥੋਂ ਦੇ ਲੋਕ "ਫਾਇਰ ਟੈਂਪਲ ਆਫ਼ ਬਾਕੂ" ਕਹਿੰਦੇ ਹਨ, ਜਦੋਂਕਿ ਹਿੰਦੂ ਇਸ ਨੂੰ "ਅਗਨੀ ਮੰਦਰ" ਕਹਿੰਦੇ ਹਨ। ਪੱਥਰ ਘੜ ਕੇ ਬਣਾਏ ਇਸ ਮੰਦਰ ਵਿੱਚ ਅੱਗ ਦੀ ਪੂਜਾ ਕੀਤੀ ਜਾਂਦੀ ਹੈ। ਕਿਸੇ ਸਮੇਂ ਜਦੋਂ ਰੂਸ ਦੇ ਲੋਕ ਵੀ ਵਧੇਰੇ ਆਸਤਕ ਸਨ ਤਾਂ ਇੱਥੇ ਪੂਜਾ ਕਰਿਆ ਕਰਦੇ ਸਨ। ਇਸ ਮੰਦਰ ਦੇ ਨਜ਼ਦੀਕ ਇੱਕ ਖੂਹ ਸੀ, ਜਿਸ ਦੇ ਨਾਲ ਹੀ ਜਵਾਲਾਮੁਖੀ ਪਹਾੜ ਹਨ। ਇਨ੍ਹਾਂ ਪਹਾੜਾਂ ਵਿਚਲੇ ਡੂੰਘੇ ਟੋਇਆਂ ਵਿੱਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਸਨ, ਇੱਥੋਂ ਹੀ ਅੱਗ ਦੀ ਪੂਜਾ ਸ਼ੁਰੂ ਹੋਈ ਜਾਪਦੀ ਹੈ। ਇਸ ਮੰਦਰ ਵਿੱਚ ਸਾਲਾਨਾ ਮੇਲਾ ਵੀ ਲੱਗਦਾ ਹੈ, ਜੋ ਸਦੀਆਂ ਤੋਂ ਲੱਗ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਇਸ ਮੇਲੇ ਸਮੇਂ ਗੁਰੂ ਨਾਨਕ ਦੇਵ ਜੀ ਇਸ ਸਥਾਨ 'ਤੇ ਪਧਾਰੇ ਸਨ ਤੇ ਉਨ੍ਹਾਂ ਅਗਨੀ ਪੂਜਾ ਦੀ ਥਾਂ ਅਕਾਲ ਪੁਰਖ ਜੋਤੀ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ ਸੀ। ਇਸ ਮੰਦਰ ਦੀ ਇੱਕ ਕੰਧ 'ਤੇ ਲੱਗੇ ਸ਼ਿਲਾਲੇਖ 'ਤੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਅੰਕਿਤ ਕੀਤੀ ਹੋਈ ਹੈ। ਇਸ ਲਿਖਤ ਦੇ ਹੇਠਾਂ ਲਿਖੇ ਸ਼ਬਦ "ਬਾਬਾ ਜਾਟੂ ਸਾਹਿਬ, ਜਿਸ ਦਾ ਚੇਲਾ ਤਾਗੂ ਸਾਹਿਬ ਕਾ ਬਾਬਾ ਬੰਦੇ ਸ਼ਾਹ, ਜਿਸ ਦਾ ਚੇਲਾ ਲਾਭੂ ਸ਼ਾਹ, ਧਰਮ ਦੀ ਜਗਾਹ ਬਣਾਈ" ਤੋਂ ਜਾਪਦਾ ਹੈ ਕਿ ਇਸ ਸਥਾਨ 'ਤੇ ਉਦਾਸੀ ਸਾਧੂਆਂ ਨੇ ਵੀ ਸੇਵਾ ਸੰਭਾਲ ਕੀਤੀ ਤੇ ਉਸਾਰੀ ਵਿੱਚ ਹਿੱਸਾ ਪਾਇਆ।

ਇਸੇ ਸ਼ਹਿਰ ਦੀ ਇੱਕ ਹੋਰ ਇਮਾਰਤ ਵਿੱਚ ਦੀਵਾਰ 'ਤੇ ਲਿਖੇ ਮੂਲਮੰਤਰ ਦੇ ਹੇਠਾਂ 'ਬਾਬਾ ਟੰਗ ਦਾਸ ਬੰਗੇ ਵਾਲੇ ਕਾ ਚੇਲਾ ਮੇਲਾ ਰਾਮ, ਜਿਸ ਦਾ ਕਰਤਾ ਰਾਮ ਉਦਾਸੀ, ਜੁਆਲਾ ਜੀ ਧਰਮ ਕੀ ਜਗਾਹ ਬਣਾਈ' ਅੰਕਿਤ ਹੈ। ਇਹ ਲਿਖਤ ਵੀ ਉਦਾਸੀ ਸਾਧੂਆਂ ਦੀ ਸ਼ਮੂਲੀਅਤ ਦੀ ਗਵਾਹੀ ਭਰਦੀ ਹੈ। ਇਨ੍ਹਾਂ ਸੰਕੇਤਾਂ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਇਸ ਇਲਾਕੇ ਤੇ ਸ਼ਹਿਰ ਬਾਕੂ ਵਿੱਚ ਲੋਕਾਂ ਨੂੰ ਉਪਦੇਸ਼ ਦੇਣ ਲਈ ਪੁੱਜੇ ਸਨ।

**ਸੰਪਰਕ: 098882-75913**

# ਗੁਰਬਾਣੀ ਵਿਚ ਸਾਵਣ ਦੀ ਮਹਿਮਾ



**ਪ੍ਰੋ. ਜਸਵੰਤ ਸਿੰਘ ਗੰਡਮ**
98766-55055

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ-ਸ਼੍ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿਚ, ਐਸਾ ਮਹੀਨਾ ਸਾਉਣ (ਹੈ)। ਗੁਰਬਾਣੀ ਵਿਚ ਸਾਵਣ ਮਹੀਨੇ ਦਾ ਬੜਾ ਵਰਨਣ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹਾ ਅੰਕਿਤ ਹਨ। ਇਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿਚ ਅਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਹੈ : -ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ (ਬਾਰਹ ਮਾਹਾ ਮਾਂਝ ਮਹਲਾ 5)। -ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ (ਤੁਖਾਰੀ ਛੰਤ ਮਹਲਾ 1 ਬਾਰਹਮਾਹਾ)। ਬਾਣੀ ਵਿਚ ਹੋਰ ਅਨੇਕਾਂ ਪ੍ਰਮਾਣ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਸਾਵਣ ਮਹੀਨੇ ਦਾ ਜ਼ਿਕਰ ਕੀਤਾ ਹੈ। ਵੰਨਗੀ ਮਾਤਰ ਕੁਝ ਟੂਕਾਂ ਹਾਜ਼ਰ ਹਨ : -ਸਾਵਣ ਵਣ ਹਰੀਆਵਲੇ ਵੁਠੇ ਸੁਕੇ ਅਕੁ ਜਵਾਹਾ। -ਸਾਵਣ ਲਹਿਰ ਤਰੰਗ ਨੀਰੁ ਨੀਵਾਣਿਆ। - ਸਾਵਣ ਵਣ ਹਰੀਆਵਲੇ ਅਕੁ ਜੰਮੇ ਅਉੜੀ। ਸਾਵਣ ਦਾ ਮਹੱਤਵ ਸਭਿਆਚਾਰ, ਸਾਹਿਤ ਅਤੇ ਸਮਾਜਿਕ ਪਰਿਪੇਖ ਵਿਚ ਵੀ ਬਹੁਤ ਹੈ ਪਰ ਗੁਰਬਾਣੀ ਵਿਚ ਮਾਘ ਮਹੀਨੇ ਵਾਲੀ ਬਸੰਤ ਰੁੱਤ ਅਤੇ ਸਾਵਣ ਮਹੀਨੇ ਸਬੰਧੀ ਬਹੁਤ ਜ਼ਿਕਰ ਹੈ। ਹੋਰ ਧਰਮ ਵੀ ਇਨ੍ਹਾਂ ਮਹੀਨਿਆਂ ਵਿਚ ਆਪੋ ਆਪਣੇ ਰੀਤੀ ਰਿਵਾਜਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ ਪਰ ਸਿੱਖ ਧਰਮ ਵਿਚ ਇਸ ਸਮੇਂ ਦਾ ਵੱਖਰਾ ਹੀ ਮਹੱਤਵ ਹੈ। ਇਨ੍ਹਾਂ ਦੋਵਾਂ ਰੁੱਤਾਂ/ਮਹੀਨਿਆਂ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹੋਣ ਵਾਲੇ ਰਸਭਿੰਨੇ ਕੀਰਤਨ ਦੌਰਾਨ ਹਰ ਰੋਜ਼ ਬਸੰਤ, ਸਾਵਣ, ਮੀਂਹ, ਬੱਦਲ, ਝੜੀ ਆਦਿ ਨਾਲ ਸਬੰਧਿਤ ਸ਼ਬਦ ਵਾਰ-ਵਾਰ ਗਾਏ ਜਾਂਦੇ ਹਨ। ਬਸੰਤ ਰੁੱਤ ਵੇਲੇ 'ਬਸੰਤੁ ਕੀ ਵਾਰ (ਮਹਲਾ ਪੰਜਵਾਂ ਤੋਂ ਇਲਾਵਾ 'ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ', 'ਸਬਦੇ ਸਦਾ ਬਸੰਤੁ ਹੈ', 'ਬਸੰਤੁ ਚੜਿਆਂ ਫੂਲੀ ਬਨਰਾਇ', 'ਬਨਸਪਤਿ ਮਉਲੀ ਚੜਿਆ ਬਸੰਤੁ" ਆਦਿ ਸ਼ਬਦਾਂ ਦਾ ਗਾਇਨ ਅਕਸਰ ਸੁਣਨ ਨੂੰ ਮਿਲਦਾ ਹੈ। ਅੱਜ ਕਲ੍ਹ ਸਾਵਣ ਮਹੀਨੇ ਦੌਰਾਨ ਹੇਠ ਲਿਖੇ ਸ਼ਬਦਾਂ 'ਚੋਂ ਕਿਸੇ ਨਾ ਕਿਸੇ ਦਾ ਗਾਇਣ ਹਰ ਰੋਜ਼ ਸੁਣਨ ਨੂੰ ਮਿਲਦਾ ਹੈ : -ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ - ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ -ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ -ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰਿ - ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ -ਬਰਸੁ ਮੇਘ ਜੀ ਤਿਲ ਬਿਲਮੁ ਨਾ ਲਾਉ -ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ -ਬਰਸੈ ਮੇਘੁ ਸਖੀ ਘਰਿ ਪਾਹੁਨ ਆਏ -ਬਰਸੁ ਸਰਸੁ ਆਗਿਆ -ਸਾਵਣਿ ਸਰਸੀ ਕਾਮਣੀ -ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ - ਬਾਬੀਹਾ ਜਿਸ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭੁ ਕੋਇ -ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ਹੋਰਨਾਂ ਗੁਰਦਵਾਰਿਆਂ, ਖ਼ਾਸ ਕਰ ਕੇ ਇਤਿਹਾਸਕ ਗੁਰਦਵਾਰਿਆਂ ਵਿਚ ਵੀ ਅਜਿਹੇ ਸ਼ਬਦਾਂ ਦਾ ਗਾਇਨ ਕੀਤਾ ਜਾਂਦੈ। ਇਨ੍ਹਾਂ ਸਾਰੇ ਅਤੇ ਗੁਰਬਾਣੀ ਦੇ ਇਨ੍ਹਾਂ ਵਰਗੇ ਹੋਰ ਅਨੇਕਾਂ ਸ਼ਬਦਾਂ ਵਿਚ ਸਾਵਣ ਮਹੀਨੇ ਵਿਚ ਹੋਣ ਵਾਲੀ ਰੱਜਵੀਂ ਬਰਸਾਤ, ਝੜੀ, ਜਲਥਲ, ਹਰਿਆਵਲ, ਮੋਰਾਂ ਅਤੇ ਪਪੀਹਿਆਂ ਦੇ ਪ੍ਰਸੰਨ ਹੋਣ, ਪ੍ਰੇਮਿਕਾ ਤੇ ਪ੍ਰੇਮੀ ਦੇ ਮਿਲਾਪ ਦੀ ਤੜਪ, ਜੀਵ-ਇਸਤਰੀ ਦੇ ਪ੍ਰਮਾਤਮਾ ਨਾਲ ਮੇਲ ਦੀ ਤਾਂਘ, ਸਖੀਆਂ-ਭੈਣਾਂ ਦਾ ਆਪਸੀ ਸੰਵਾਦ, ਪ੍ਰਾਣੀਆਂ, ਜੀਵ-ਜੰਤੂਆਂ, ਪੰਖੇਰੂਆਂ, ਪੌਦਿਆਂ, ਵਣਤ੍ਰਿਣ, ਕੁਲ ਬਨਸਪਤੀ ਅਤੇ ਕਾਇਨਾਤ ਦੇ ਮੌਲਣ, ਵਿਗਸਣ, ਖਿੜਨ, ਪ੍ਰਸੰਨ ਹੋਣ ਅਤੇ ਅਨੰਦਮਈ ਆਲਮ ਦਾ ਸੁਖਾਵਾਂ ਚਿੱਤਰ ਖਿੱਚਿਆ ਗਿਆ ਹੈ। ਪਰ ਦੁੱਖ ਦੀ ਗਲ ਹੈ ਇਹ ਹੈ ਕਿ ਅਸੀਂ ਸਾਵਣ ਮਹੀਨੇ ਦੇ ਇਸ ਕਾਲਜੇ ਵਿਚ ਠੰਢ ਪਾਉਣ ਵਾਲੇ ਆਲਮ ਨੂੰ ਅੱਜ ਕਲ੍ਹ ਖਰਾਬ ਹੀ ਨਹੀਂ ਕੀਤਾ ਸਗੋਂ ਰੱਜ ਕੇ ਖੱਜਲ-ਖੁਆਰ ਵੀ ਕਰ ਦਿਤਾ ਹੈ। ਚਾਰ- ਪੰਜ ਦਹਾਕੇ ਪਹਿਲਾਂ ਅਸੀਂ ਸੌਣ ਦੀ ਝੜੀ ਦੌਰਾਨ ਪੰਜਾਬ ਦੇ ਕਈ ਭਾਗਾਂ ਵਿਚ ਖੇਤਾਂ ਅਤੇ ਖੂਹਾਂ ਦਾ ਪਾਣੀ ਇਕ ਦੂਜੇ ਦੇ ਬਰੋ- ਬਰਾਬਰ ਹੋਇਆ ਆਪ ਦੇਖਿਆ ਹੈ। ਖੂਹ ਦੀ ਮੌਣ ਕੋਲ ਬਹਿ ਕੇ ਉਪਰੋਂ ਹੀ ਬੁੱਕ ਭਰ ਭਰ ਪੀਤਾ ਵੀ ਹੈ। ਅੱਜ ਕਲ੍ਹ ਇਹ ਨੌਬਤ ਆ ਗਈ ਹੈ ਕਿ ਮੋਟਰ ਲਾਉਣ ਲਈ 300-400 ਫੁੱਟ ਡੂੰਘਾ ਬੋਰ ਕਰ ਕੇ ਸਬਮਰਸੀਬਲ ਪੰਪ ਰਾਹੀਂ ਪਾਣੀ ਖਿੱਚਣਾ ਪੈਂਦੈ ਟਿਊਬਲ ਚਲਾਉਣ ਲਈ। ਨਲਕਿਆਂ ਦਾ ਪਾਣੀ ਤਾਂ ਭਲਾ ਸੁੱਕੇ ਨੂੰ ਦਹਾਕੇ ਹੋ ਗਏ ਹਨ। ਮਨੁੱਖ ਦੇ ਕੁਦਰਤ ਪ੍ਰਤੀ ਬਦਲੇ ਰਵੱਈਏ ਕਾਰਨ ਕੁਦਰਤ ਨੇ ਵੀ ਮਨੁੱਖ ਪ੍ਰਤੀ ਆਪਣਾ ਰਵੱਈਆ ਬਦਲ ਲਿਆ ਹੈ। ਜਿਨ੍ਹਾਂ ਪ੍ਰਾਂਤਾਂ ਵਿਚ ਪਿਛਲੇ 50-50 ਸਾਲਾਂ ਤੋਂ ਕਦੀ ਹੜ੍ਹ ਨਹੀਂ ਸਨ ਆਏ ਤੇ ਲੋਕ ਪਾਣੀ ਨੂੰ ਤਰਸਦੇ ਸਨ ਉਥੇ ਹੜ੍ਹ ਆਏ ਹੋਏ ਹਨ। ਜਿਸ ਪ੍ਰਾਂਤ ਦਾ ਨਾਂ ਹੀ ਪਾਣੀਆਂ ਉੱਪਰ ਹੈ ਅਤੇ ਜਿਥੇ ਕਦੀ ਮੂਸਲਾਧਾਰ ਬਾਰਿਸ਼ ਹੁੰਦੀ ਸੀ, ਉੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੀਕ ਹੇਠਾਂ ਚਲਾ ਗਿਆ ਹੈ ਅਤੇ ਹੋਰ ਜਾ ਰਿਹਾ ਹੈ। ਸਾਵਣ ਦੀ ਝੜੀ ਭਲਾ ਗਈ ਕਿਥੇ? ਇਹ ਅੱਤ-ਆਧੁਨੀਕਰਨ, ਵਿਨਾਸ਼ਕਾਰੀ ਵਿਕਾਸ, ਅੰਨ੍ਹੇ ਪਦਾਰਥਵਾਦ, ਦਰੱਖ਼ਤਾਂ ਦੀ ਅੰਧਾ-ਧੁੰਦ ਕਟਾਈ, ਕੁਦਰਤ ਨਾਲ ਨਿਰਦਈ ਛੇੜਛਾੜ, ਉਦਯੋਗੀਕਰਨ, ਗੱਡੀਆਂ 'ਚੋਂ ਨਿਕਲਦੀ ਅੱਗ ਅਤੇ ਧੂੰਏਂ, ਧਰਤੀ ਦੀ ਤਪਸ਼, ਪਰਦੂਸ਼ਣ, ਵਾਤਾਵਰਨ ਦੇ ਅਸਾਵੇਂਪਨ ਦੀ ਬਲੀ ਚੜ੍ਹ ਗਈ ਹੈ। ਗਰਮੀਆਂ 'ਚ ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦਾ ਸੰਕਟ ਪੈਦਾ ਹੋ ਜਾਂਦੈ। ਫਿਜ਼ਾ 'ਚ ਸੇਕ, ਗੁਬਾਰ, ਗਰਦ, ਕਾਲਖ, ਮਿੱਟੀ-ਘੱਟਾ, ਧੂੜ-ਹਨੇਰੀ, ਸਾਹ-ਘੁਟਵੇਂ ਧੂੰਏਂ ਦੀ ਧੁੰਦ ਆਮ ਗੱਲ ਹੋ ਗਈ ਹੈ। ਸਾਡੀਆਂ ਲਾਪਰਵਾਹੀਆਂ ਨੇ ਮੌਸਮਾਂ ਦੇ ਸੁਭਾਉ ਬਦਲ ਦਿੱਤੇ ਹਨ। ਸਾਡੀ ਮੁਜਰਮਾਨਾ ਛੇੜ-ਛਾੜ ਨੇ ਮੌਸਮਾਂ ਦਾ ਮਿਜ਼ਾਜ਼ ਇਸ ਕਦਰ ਬਦਲ ਦਿਤਾ ਹੈ ਕਿ ਮੌਸਮ ਇਕ-ਡੇਢ ਮਹੀਨਾ ਅੱਗੋਂ-ਪਿੱਛੋਂ ਆਉਣ ਲੱਗ ਪਏ ਹਨ, ਭਾਵੇਂ ਮਹੀਨਿਆਂ ਦੇ ਨਾਂ ਤਾਂ ਉਹੀ ਹਨ ਅਤੇ ਉਹੀ ਰਹਿਣੇ ਹਨ। ਲਾਲਚੀ ਬੰਦੇ ਨੇ ਮੌਸਮਾਂ ਦੀ ਮੱਤ ਮਾਰ ਦਿਤੀ ਹੈ, ਰੁੱਤਾਂ ਦੀ ਰੱਤ ਨਿਚੋੜ ਛੱਡੀ ਹੈ, ਪੌਣਾਂ ਦੀ ਪੱਤ ਲੁੱਟ ਲਈ ਹੈ, ਪਾਣੀਆਂ ਨੂੰ ਪਤਿਤ ਕਰ ਮਾਰਿਆ ਹੈ, ਧਰਤੀ ਮਾਂ ਦੀ ਮਿੱਟੀ ਪਲੀਤ ਕਰ ਦਿਤੀ ਹੈ! ਦੁਨੀਆ ਭਰ ਵਿਚ ਗਲੋਬਲ ਵਾਰਮਿੰਗ, ਗਰੀਨ-ਹਾਊਸ ਗੈਸਾਂ, ਕਾਰਬਨ ਡਾਈਆਕਸਾਈਡ ਦੀ ਬਹੁਤਾਤ, ਜੰਗਲਾਂ ਦੀ ਕਟਾਈ ਕਾਰਨ ਤਪਸ਼ ਵਿਚ ਬੇਇੰਤਹਾ ਵਾਧਾ ਹੋਇਆ ਹੈ। ਸੁਹਾਵੀ ਧਰਤ, ਜਲ ਤੇ ਸਾਵਣ ਨੂੰ ਸੰਭਾਲੋ। ਕਿਧਰੇ ਇਹ ਐਨਾ ਨਾ ਸੁੱਕ ਜਾਣ ਕਿ ਸਿਰਫ਼ ਸਾਵਣ ਦੇ ਅੰਧੇ ਨੂੰ ਹੀ ਹਰਾ ਦਿਸੇ! ਪਪੀਹਾ ਤਾਂ ਸਵਾਂਤੀ ਬੂੰਦ ਨੂੰ ਤਰਸਦਾ ਪੀਹੂ ਪੀਹੂ ਦੀ ਪੁਕਾਰ ਨਾਲ ਹਲਕਾਣ ਹੋ ਜਾਂਦੈ, ਕਿਧਰੇ ਅਸੀਂ ਸਧਾਰਨ ਬੂੰਦ ਨੂੰ ਵੀ ਨਾ ਤਰਸ ਜਾਈਏ। •

## ਸੁਘੜ ਸਿਆਣੀ ਤੇ ਮੁਖ ਸ਼ਖ਼ਸੀਅਤ ਦੇ ਮਾਲਕ ਪੰਡਿਤ ਹਜ਼ਾਰਾ ਸਿੰਘ ਗਿਆਨੀ

**-ਦਿਲਜੀਤ ਸਿੰਘ 'ਬੇਦੀ'**



*On the extreme left is S. Wazir Singh, Bhai Sahib's associate in the Wazir Hind Press; Giani Hazara Singh, Bhai Sahib's maternal grand father (centre); Bhai Sahib is on the extreme right (1908)*

ਸਿੰਘ ਸਭਾ ਦੇ ਮੁੱਖ ਸੰਚਾਲਕ ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਦਾ ਜਨਮ ਭਾਈ ਸਾਵਣ ਸਿੰਘ ਦੇ ਘਰ ਸੰਨ 1828 ਵਿਚ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਦੇ ਵੱਡੇ ਵਡੇਰੇ ਹੜੱਪਾ ਤੋਂ ਅੰਮ੍ਰਿਤਸਰ ਆ ਕੇ ਵੱਸੇ ਸਨ। ਇਨ੍ਹਾਂ ਦੇ ਪਿਤਾ ਭਾਈ ਸਾਵਣ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀ ਸੇਵਾ ਵਿਚ ਨਿਯੁਕਤ ਸਨ ਅਤੇ ਭਾਈ ਵੀਰ ਸਿੰਘ ਦੇ ਦਾਦਾ ਭਾਈ ਕਾਹਨ ਸਿੰਘ ਨਾਲ ਚੰਗੇ ਤੇ ਨੇੜਲੇ ਸਬੰਧ ਰੱਖਦੇ ਸਨ। ਇਨ੍ਹਾਂ ਦੇ ਪਿਆਰ ਭਰੇ ਸਬੰਧਾਂ ਨੂੰ ਸੰਨ 1869 ਈ: ਵਿਚ ਕੁੜਮਚਾਰੀ ਵਿਚ ਬਦਲਿਆ, ਕਿਉਂਕਿ ਗਿਆਨੀ ਜੀ ਨੇ ਆਪਣੀ ਪੁੱਤਰੀ ਬੀਬੀ ਉਤਮ ਕੌਰ ਦਾ ਵਿਆਹ ਭਾਈ ਕਾਹਨ ਸਿੰਘ ਦੇ ਲੜਕੇ ਡਾ. ਚਰਨ ਸਿੰਘ ਨਾਲ ਕਰ ਦਿੱਤਾ। ਆਪ ਦੇ ਗੂੜ ਗਿਆਨ ਕਰਕੇ ਲੋਕ ਆਪ ਨੂੰ ਪੰਡਿਤ ਵਿਸ਼ੇਸ਼ਣ ਨਾਲ ਸੰਬੋਧਨ ਕਰਦੇ ਸਨ।

ਗਿਆਨੀ ਹਜ਼ਾਰਾ ਸਿੰਘ ਸ਼ੁਰੂ ਤੋਂ ਹੀ ਗੰਭੀਰ ਵਿਚਾਰਵਾਨ ਸਨ। ਗਿਆਨੀ ਸੰਪ੍ਰਦਾਇ ਦੇ ਸੰਤ ਚੰਦਾ ਸਿੰਘ ਦੇ ਸੰਪਰਕ ਵਿਚ ਆਉਣ ਨਾਲ ਇਨ੍ਹਾਂ ਦੀ ਰੁਚੀ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਅਧਿਐਨ ਵੱਲ ਵਧੀ। ਸੰਸਕ੍ਰਿਤ ਅਤੇ ਫਾਰਸੀ ਭਾਸ਼ਾਵਾਂ ਦਾ ਇਨ੍ਹਾਂ ਨੇ ਨਿਠ ਕੇ ਅਧਿਐਨ ਕੀਤਾ ਅਤੇ ਬੜੇ ਪ੍ਰਮਾਣਿਕ ਢੰਗ ਨਾਲ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਟੀਕਾ ਤਿਆਰ ਕੀਤਾ। ਇਹ ਟੀਕਾ ਉਹ ਆਪਣੇ ਅਖਰੀਲੇ ਸਮੇਂ ਤਿਆਰ ਕਰਕੇ ਪ੍ਰੈੱਸ ਨੂੰ ਸੌਂਪ ਗਏ ਸਨ। ਗਿਆਨੀ ਹਜ਼ਾਰਾ ਸਿੰਘ ਗੁਰਬਾਣੀ ਦੇ ਚੰਗੇ ਵਿਦਵਾਨ ਸਨ। ਉਹ ਸੁਘੜ ਸਿਆਣੇ ਸੰਪਦਾਇ ਗਿਆਨੀ ਸਨ। ਬਾਅਦ ਵਿਚ ਇਹ ਟੀਕਾ ਭਾਈ ਵੀਰ ਸਿੰਘ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੁਣ ਇਹ ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ ਇਸ ਦੇ ਕਈ ਐਡੀਸ਼ਨ ਛਪ ਚੁੱਕੇ ਹਨ। ਪਹਿਲਾਂ ਐਡੀਸ਼ਨ 1 ਅਗਸਤ 1911, ਦਸੰਬਰ 1951, 13 ਅਪ੍ਰੈਲ 1997, ਮਾਰਚ 2005 ਵਿਚ ਸੰਗਤ ਦੀ ਭਰਪੂਰ ਮੰਗ ਤੇ ਪ੍ਰਕਾਸ਼ਤ ਹੋਇਆ ਹੈ। ਇਸ ਤੋਂ ਇਲਾਵਾ 'ਗੁਰੂ ਗ੍ਰੰਥ ਕੋਸ਼' ਤਿਆਰ ਕਰਨਾ ਵੀ ਪੰਡਿਤ ਜੀ ਨੇ ਆਰੰਭ ਕੀਤਾ, ਪਰ ਉਸ ਨੂੰ ਅੰਤਿਮ ਰੂਪੀ ਭਾਈ ਵੀਰ ਸਿੰਘ ਹੀ ਦੇ ਸਕੇ। ਇਹ ਕੋਸ਼ ਦੇ ਕਈ ਐਡੀਸ਼ਨ ਛਪ ਚੁੱਕੇ ਹਨ। ਇਹ ਕੋਸ਼ ਚੀਫ ਖਾਲਸਾ ਦੀਵਾਨ ਦੀ ਖਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਆਪ ਦੀ ਵਿਦਵਤਾ ਕਰਕੇ ਲੋਕੀਂ ਆਪ ਨੂੰ 'ਪੰਡਿਤ' ਸ਼ਬਦ ਨਾਲ ਸੰਬੋਧਨ ਕਰਦੇ ਸਨ। ਆਪ ਅੰਮ੍ਰਿਤਸਰ ਦੀ ਸਿੰਘ ਸਭਾ ਦੇ ਸਰਗਰਮ ਮੈਂਬਰ ਰਹੇ। ਸਿੱਖ ਪੰਥ ਵਿਸ਼ਵ ਕੋਸ਼ ਦੇ ਕਰਤਾ ਡਾ. ਰਤਨ ਸਿੰਘ ਜੱਗੀ ਨੇ ਲਿਖਿਆ ਹੈ ਕਿ ਪੰਡਿਤ ਹਜ਼ਾਰਾ ਸਿੰਘ ਨੇ ਸਕੂਲਾਂ ਵਿਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਪੜ੍ਹਾਉਣ ਲਈ ਨੌਕਰੀ ਵੀ ਕੀਤੀ ਅਤੇ ਬਹੁਤ ਸਾਰੀਆਂ ਪਾਠ ਪੁਸਤਕਾਂ ਲਿਖ ਕੇ ਵਿਦਿਆਰਥੀਆਂ ਨੂੰ ਗੁਰਮੁਖੀ ਮਾਧਿਅਮ ਰਾਹੀਂ ਤਾਲੀਮ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਨੇ ਪੰਜਾਬੀ ਵਿਚ ਪੰਜਾਬ ਭੂਗੋਲ, ਭੂਗੋਲ ਦਰਪਣ, ਹਿੰਦੂ ਭੂਗੋਲ ਮੰਜਰੀ, ਪ੍ਰਿਥਮ ਗਣਿਤ, ਹਿੰਦ ਦਾ ਸੁਗਮ ਇਤਿਹਾਸ, ਇਤਿਹਾਸ ਪ੍ਰਸ਼ਨੋਤਰੀ, ਗੁਰਮੁਖੀ ਪ੍ਰਕਾਸ਼ ਆਦਿ ਪੁਸਤਕਾਂ ਲਿਖੀਆਂ। ਲਾਹੌਰ, ਰਾਵਲਪਿੰਡੀ ਅਤੇ ਗੁਜਰਾਂਵਾਲਾ ਜ਼ਿਲ੍ਹਿਆਂ ਦੇ ਭੂਗੋਲ ਵੀ ਲਿਖੇ। ਸ਼ੇਖ ਸਾਅਦੀ ਦੀਆਂ ਰਚਨਾਵਾਂ-ਗੁਲਿਸਤਾਨ ਅਤੇ ਬੋਸਤਾਨ- ਦਾ ਬ੍ਰਿਜ ਭਾਸ਼ਾ ਵਿਚ ਕਾਵਿ-ਅਨੁਵਾਦ ਕੀਤਾ। ਮਹਾਕਵੀ ਸੰਤੋਖ ਸਿੰਘ ਦੇ ਲਿਖੇ 'ਗੁਰਪ੍ਰਤਾਪ ਸੂਰਜ ਗ੍ਰੰਥ' ਦਾ ਸੰਖਿਪਤ ਰੂਪ 'ਸੂਰਜ ਪ੍ਰਕਾਸ਼ ਚਰਵਣਿਕਾ' ਦੇ ਨਾਂ ਅਧੀਨ ਪ੍ਰਕਾਸ਼ਿਤ ਕੀਤਾ।

ਇਹ ਇਸਤਰੀ ਵਿਦਿਆ ਦੇ ਵੀ ਬਹੁਤ ਮੁਦੱਈ ਸਨ ਅਤੇ ਆਪਣੀਆਂ ਸਭਾਵਾਂ ਵਿਚ ਹਰੇਕ ਨੂੰ ਇਸਤਰੀ ਵਿਦਿਆ 'ਤੇ ਜ਼ੋਰ ਦੇਣ ਲਈ ਪ੍ਰੇਰਦੇ ਰਹਿੰਦੇ ਸਨ। ਇਸ ਲਈ ਇਨ੍ਹਾਂ ਨੇ ਨਜ਼ੀਰ ਅਹਿਮਦ ਦੇ ਉਰਦੂ ਵਿਚ ਲਿਖੇ ਨਾਵਲ 'ਮਿਰਾਤੁਲ ਅਰੂਸ' ਦਾ ਪੰਜਾਬੀ ਵਿਚ 'ਦੁਲਹਨ ਦਰਪਨ' ਨਾਂ ਅਧੀਨ ਖੁੱਲ੍ਹਾ ਅਨੁਵਾਦ ਕੀਤਾ। ਆਪ 27 ਸਤੰਬਰ 1908 ਈ: ਨੂੰ 80 ਵਰ੍ਹਿਆਂ ਦੀ ਲੰਮੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ।

## ਚੜ੍ਹਦੀ ਕਲਾ ਦਾ ਪ੍ਰਤੀਕ ਫ਼ਤਹਿ ਬਲਾਉਣਾ

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਸਿੱਖ ਕੌਮ ਅੰਦਰ ਖੰਡੇ-ਬਾਟੇ ਦੀ ਪਹੁਲ ਐਸੀ ਭਰ ਦਿੱਤੀ ਕਿ ਸਿੱਖਾਂ ਨੂੰ ਚਿੜੀਆਂ ਤੋਂ ਬਾਜ਼ ਬਣਾ ਦਿੱਤਾ। ਭਾਵ ਇਕੱਲਾ- ਇਕੱਲਾ ਸਿੱਖ ਸਵਾ ਲੱਖ 'ਤੇ ਭਾਰੂ ਪਿਆ। ਸਿੱਖ ਕੌਮ ਹਮੇਸ਼ਾ ਚੜ੍ਹਦੀ ਕਲ੍ਹਾ ਵਿਚ ਰਹਿਣ ਵਾਲੀ ਕੌਮ ਹੈ। ਜੋ ਹਰ ਵੇਲੇ ਸਰਬੱਤ ਦਾ ਭਲਾ ਮੰਗਦੀ ਹੈ। ਗੁਰੂ ਸਾਹਿਬ ਦਾ ਆਪਣੇ ਸਿੱਖਾਂ ਲਈ ਵੀ ਇਹ ਆਦੇਸ਼ ਹੈ ਕਿ ਆਪਸ ਵਿਚ ਮਿਲਣ ਤੇ ਵਿਛੜਨ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਹੀ ਬਲਾਉਣੀ ਹੈ। ਰਹਿਤਨਾਮਾ ਭਾਈ ਦੇਸਾ ਸਿੰਘ ਵਿਚ ਵੀ ਉਹ ਬਿਆਨ ਕਰਦੇ ਹਨ :- ਆਗੇ ਆਵਤ ਸਿੰਘ ਜੁ ਪਾਵੈ ਵਾਹਿਗੁਰੂ ਕੀ ਫਤਹਿ ਬੁਲਾਵੇ। ਭਾਵ ਕਿ ਆਪਸ ਵਿਚ ਮਿਲਦੇ ਸਮੇਂ ਜਦੋਂ ਅਸੀਂ ਫਤਹਿ ਬੁਲਾਉਂਦੇ ਹਾਂ ਤਾਂ 'ਵਾਹਿਗੁਰੂ' ਸ਼ਬਦ ਦੋ ਵਾਰੀ ਬੋਲਿਆ ਜਾਂਦਾ ਹੈ। ਜੇ ਅਸੀਂ ਆਪਣੇ ਦੋਸਤਾਂ ਨੂੰ 10-15 ਵਾਰ ਮਿਲਦੇ ਹਾਂ ਤਾਂ ਲਗਪਗ 25-30 ਵਾਰੀ 'ਵਾਹਿਗੁਰੂ' ਸ਼ਬਦ ਬੋਲਿਆ ਜਾਂਦਾ ਹੈ।

> ਜੇ ਅਸੀਂ ਆਪਣੇ ਦੋਸਤਾਂ ਨੂੰ 10-15 ਵਾਰ ਮਿਲਦੇ ਹਾਂ ਤਾਂ ਲਗਪਗ 25-30 ਵਾਰੀ 'ਵਾਹਿਗੁਰੂ' ਸ਼ਬਦ ਬੋਲਿਆ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਆਪਣੇ ਦਿਨ ਦੇ ਕੰਮਾਂ ਕਾਰਾਂ ਵਿਚ 'ਵਾਹਿਗੁਰੂ' ਦਾ ਨਾਂ ਵੀ ਲੈ ਸਕਦੇ ਹਾਂ। ਗੁਰੂ ਸਾਹਿਬ ਹੋਰ ਵੀ ਹੁਕਮ ਕਰਦੇ ਹਨ ਕਿ ਜਿਹੜਾ ਸਿੱਖ ਪਹਿਲਾਂ ਆਪਣੇ ਦੋਸਤ ਨੂੰ ਫਤਹਿ ਬਲਾਉਂਦਾ ਹੈ ਉਸ ਵੇਲੇ ਗੁਰੂ ਸਾਹਿਬ ਦਾ ਮੁੱਖ ਹੋਵੇਗਾ। ਸਾਨੂੰ ਕਦੇ ਵੀ ਇਹ ਝਿਜਕ ਨਹੀਂ ਕਰਨੀ ਚਾਹੀਦੀ ਕਿ ਅਸੀਂ ਫਤਹਿ ਬਲਾਉਣੀ ਹੈ। ਪਰ ਅੱਜ ਅਸੀਂ 'ਸਤਿ ਸ੍ਰੀ ਅਕਾਲ' ਹੀ ਮਿਲਦੇ ਸਮੇਂ ਬਲਾਉਂਦੇ ਹਾਂ। ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਾਡਾ ਜੰਗੀ ਜੈਕਾਰਾ ਹੈ। ਇਸ ਲਈ ਸਾਨੂੰ ਹਮੇਸ਼ਾ ਮਿਲਦੇ ਸਮੇਂ ਫਤਹਿ ਹੀ ਬੁਲਾਉਣੀ ਚਾਹੀਦੀ ਹੈ। ਇਹ ਸਿੱਖ ਦਾ ਧਰਮ ਵੀ ਹੈ ਤੇ ਪਰਮਾਤਮਾ ਦਾ ਨਾਂ ਵੀ ਲਿਆ ਜਾਂਦਾ ਹੈ। 'ਵਾਹਿਗੁਰੂ' ਵੀ ਸਾਡੇ 'ਤੇ ਹਮੇਸ਼ਾ ਹੱਥ ਰੱਖਦਾ ਹੈ। ਸਾਡਾ ਹਾਉਮੈ, ਹੰਕਾਰ ਖ਼ਤਮ ਕਰ ਦਿੰਦਾ ਹੈ। ਅੱਜ ਦੀ ਅਜੋਕੀ ਪੀੜ੍ਹੀ ਇਨ੍ਹਾਂ ਸਭ ਗੁਣਾਂ ਨੂੰ ਵਿਸਾਰਦੀ ਜਾ ਰਹੀ ਹੈ। ਜਿਨ੍ਹਾਂ ਹੱਥਾਂ ਵਿਚ ਅਸੀਂ ਪਾਠ ਕਰਨ ਲਈ ਗੁਟਕਾ ਸਾਹਿਬ ਫੜਨਾ ਸੀ ਅੱਜ ਅਸੀਂ ਵਟਸ ਐਪ, ਫੇਸ ਬੁੱਕ, ਟਵਿੱਟਰ ਦੇ ਪ੍ਰਭਾਵ ਹੇਠ ਬੁਰੀ ਤਰ੍ਹਾਂ ਫਸ ਚੁੱਕੇ ਹਾਂ। ਜੋ ਸਾਨੂੰ ਧਰਮ, ਸਾਡੇ ਮਾਤਾ-ਪਿਤਾ, ਚੰਗੇ ਸੰਸਕਾਰਾਂ ਤੋਂ ਪਰੇ ਕਰਦੇ ਜਾ ਰਹੇ ਹਨ। ਲੋੜ ਹੈ ਕਿ ਅਸੀਂ ਜ਼ਿੰਦਗੀ ਵਿਚ ਤਰੱਕੀ ਕਰੀਏ ਤੇ ਨਾਲ-ਨਾਲ ਆਪਣੇ ਧਰਮ ਨਾਲ ਵੀ ਜੁੜੇ ਰਹੀਏ। ਆਪਣੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਨੂੰ ਸਫਲ ਬਣਾਈਏ ਤਾਂ ਹੀ ਸਾਡੀ ਜ਼ਿੰਦਗੀ ਅਜੋਕੇ ਵਿਸ਼ਿਆਂ ਵਕਾਰਾਂ ਤੋਂ ਮੁਕਤ ਹੋ ਜਾਵੇਗੀ ਤੇ ਅਸੀਂ ਸਦ ਗੁਣਾ ਨਾਲ ਭਰਪੂਰ ਹੋ ਜਾਵਾਂਗੇ।

**• ਜਸਦੀਪ ਸਿੰਘ ਖ਼ਾਲਸਾ**
94630-57786

## ਧਰਮ ਦੀ ਪ੍ਰਾਪਤੀ

ਭ ਗਵਾਨ ਸ੍ਰੀ ਕ੍ਰਿਸ਼ਨ ਨੂੰ ਅਰਜਨ ਨੇ ਇਹੀ ਸਵਾਲ ਕੀਤਾ ਸੀ ਕਿ ਪ੍ਰਭੂ! ਕਿਸ ਸਾਧਨਾ ਦਾ ਸਿੱਟਾ ਗਿਆਨਮ੍ਰਿਤੂ ਹੈ। ਅੰਮ੍ਰਿਤ ਭਾਵ ਜਿੱਥੇ ਮੌਤ ਦਾ ਹੱਲ ਨਹੀਂ ਹੈ, ਜਿੱਥੇ ਮੌਤ ਦਾ ਪਸਾਰਾ ਨਹੀਂ ਹੈ, ਜੋ ਅਜਰ-ਅਮਰ ਅਤੇ ਸਦੀਵੀ ਹੈ। ਉਸ ਪਰਮਾਤਮਾ ਦਾ ਗਿਆਨ ਬ੍ਰਹਮਾ 'ਚ ਸਥਿਤ ਹੈ ਉਸ ਗਿਆਨ ਨੂੰ ਮੈਂ ਕਿਵੇਂ ਪ੍ਰਾਪਤ ਕਰਾਂ? ਭਗਵਾਨ ਨੇ ਕਿਹਾ,'ਅਰਜਨ! ਤੱਤ ਵਿਗਿਆਨ ਦੀ ਜਾਣਕਾਰੀ ਰੱਖਣ ਵਾਲੇ ਕਿਸੇ ਮਹਾਪੁਰਸ਼ ਕੋਲ ਜਾ ਕੇ ਨਿਰਸਵਾਰਥ ਭਾਵ ਨਾਲ ਸੇਵਾ ਕਰ ਅਤੇ ਉਨ੍ਹਾਂ ਨੂੰ ਖ਼ੁਸ਼ ਕਰ ਕੇ ਉਸ ਗਿਆਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹ ਤੱਤ ਵਿਗਿਆਨ ਦੇ ਗਿਆਤਾ ਤੈਨੂੰ ਉਸ ਗਿਆਨ ਦਾ ਉਪਦੇਸ਼ ਦੇਣਗੇ। ਉਸ ਗਿਆਨ ਨੂੰ ਲੈਣ ਪਿਛੋਂ ਤੈਨੂੰ ਜ਼ਿੰਦਗੀ 'ਚ ਕਦੇ ਸ਼ੱਕ ਨਹੀਂ ਹੋਵੇਗਾ ਅਤੇ ਜਦ ਉਸ ਅਨੁਸਾਰ ਅਭਿਆਸ ਕਰੇਂਗਾ ਤਾਂ ਤੂੰ ਉਸ ਗਿਆਨ ਨੂੰ ਆਪਣੇ ਹਿਰਦੇ 'ਚੋਂ ਪਾਪਤ ਕਰੇਂਗਾ। ਇਸ ਤਰ੍ਹਾਂ ਧਰਮ ਦੀ ਪ੍ਰਾਪਤੀ ਲਈ ਭਗਵਾਨ ਨੇ ਤੱਤ ਵਿਗਿਆਨ ਜਾਣਨ ਵਾਲੇ ਦੀ ਸ਼ਰਨ 'ਚ ਭੇਜਿਆ। ਗੀਤਾ ਦੀ ਸਮਾਪਤੀ 'ਤੇ ਭਗਵਾਨ ਨੇ ਇਸ 'ਤੇ ਮੁੜ ਚਾਨਣਾ ਪਾਇਆ-ਪਰਿਗਿਆਤਾ ਭਾਵ ਪੂਰਨ ਗਿਆਤਾ ਮਹਾਪੁਰਸ਼, ਉਨ੍ਹਾਂ ਦੁਆਰਾ ਦੱਸੇ ਗਿਆਨ ਦੀ ਜਾਣਕਾਰੀ ਮਿਲਣ ਨਾਲ ਹੀ ਕਰਮ ਦੀ ਪ੍ਰੇਰਨਾ ਮਿਲਦੀ ਹੈ। ਇਸ ਲਈ ਹਰ ਹਾਲਤ 'ਚ ਧਰਮ ਨੂੰ ਪ੍ਰਾਪਤ ਕਰਨ ਲਈ ਕਿਸੇ ਤੱਤ ਵਿਗਿਆਨ ਦੇ ਗਿਆਤਾ ਮਹਾਂਪੁਰਸ਼ ਦੀ ਸ਼ਰਨ ਹੀ ਜਾਣਾ ਪਵੇਗਾ। ਇਸ ਤੋਂ ਇਲਾਵਾ ਹੋਰ ਕੋਈ ਮਾਰਗ ਨਹੀਂ ਹੈ। ਉਨ੍ਹਾਂ ਤੋਂ ਧਰਮ ਦੀ ਸ਼ੁੱਧ ਵਿਧੀ ਪ੍ਰਾਪਤ ਕਰੋਗੇ। ਕਿਤਾਬਾਂ ਪੜ੍ਹਨ ਨਾਲ ਪੁੰਨ-ਪੁਰਸ਼ਾਰਥ ਦਾ ਗਿਆਨ ਹੋ ਸਕਦਾ ਹੈ ਧਰਮ ਦੀ ਜਾਗ੍ਰਤੀ ਨਹੀਂ ਹੋ ਸਕਦੀ।

**• ਸਵਾਮੀ ਅੜਗੜਾਨੰਦ ਜੀ**

## ਝੰਡਾ ਕਲਾਂ ਦਾ ਇਤਿਹਾਸਕ ਗੁਰਦੁਆਰਾ ਸਾਹਿਬ

ਜਿਥੈ ਜਾਇ ਬਹੈ ਮੇਰਾ ਸਤਿਗ ਗੁਰੂ ਸਥਾਨ ਸੁਹਾਵਾ ਰਾਮ ਰਾਜੇ ਦੇ ਮਹਾਵਾਕ ਅਨੁਸਾਰ ਸਰਦੂਲਗੜ੍ਹ ਤੋਂ ਕੋਈ 118 ਕਿਲੋਮੀਟਰ ਦੂਰ ਮਾਨਸਾ-ਸਰਸਾ ਵਾਲੀ ਸੜਕ 'ਤੇ ਪਿੰਡ ਝੰਡਾ ਕਲਾਂ ਮਾਨਸਾ ਜ਼ਿਲ੍ਹਾ ਦਾ ਆਖਰੀ ਤੇ ਹਰਿਆਣਾ ਬਾਰਡਰ 'ਤੇ ਪੈਂਦਾ ਹੈ। ਇਸ ਪਿੰਡ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਕਰਕੇ ਇੱਥੇ ਇਕ ਯਾਦਗਾਰੀ ਇਤਿਹਾਸਕ ਗੁਰਦੁਆਰਾ ਸਾਹਿਬ ਉਸਾਰਿਆ ਹੋਇਆ ਹੈ, ਇੱਥੇ ਹਰ ਸਾਲ ਇਸ ਖ਼ੁਸ਼ੀ ਵਿਚ 21, 22, 23 ਕੱਤਕ ਨੂੰ ਜੋੜ ਮੇਲਾ ਮਨਾਇਆ ਜਾਂਦਾ ਹੈ। ਇੱਥੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸੰਗਤਾਂ ਦੂਰ-ਦੂਰ ਤੋਂ ਆ ਕੇ ਦੁੱਧ, ਖੀਰ ਵਸਤਾਂ ਆਦਿ ਚੜ੍ਹਾਉਂਦੇ ਹਨ। ਇੱਥੇ ਜੋੜ ਮੇਲੇ ਦੀ ਸੇਵਾ ਪਹਿਲੇ ਦਿਨ ਝੰਡਾ ਕਲਾਂ, ਦੂਜੇ ਦਿਨ ਨਾਹਰਗਾਂ, ਝੰਡਾ ਖੁਰਦ, ਫੂਸਮੰਡੀ ਤੇ ਤੀਜੇ ਦਿਨ ਨਖਾਟੀਆਂ ਸੰਘਾ, ਮਾਨਖੇੜਾ ਆਦਿ ਪਿੰਡਾਂ ਵਾਲੇ ਕਰਦੇ ਹਨ।

ਇਸ ਮੇਲੇ ਵਿਚ ਵਿਸ਼ੇਸ਼ ਰਾਗੀ ਢਾਡੀ ਜਥੇ ਦੂਰ-ਦੂਰ ਤੋਂ ਆਉਂਦੇ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗਾਂ ਅਤੇ ਯੁੱਧਾਂ ਤੋਂ ਵਿਹਲੇ ਹੋ ਕੇ ਮਾਲਵੇ ਦੀ ਧਰਤੀ ਨੂੰ ਭਾਗ ਲਾ ਰਹੇ ਸਨ ਤਾ ਕਲਗੀਧਰ ਪਿਤਾ ਜੀ ਤਲਵੰਡੀ ਸਾਬੋ ਵਿਖੇ ਪੁੱਜੇ ਸਨ ਤਾਂ ਉਸ ਵੇਲੇ ਝੰਡਾ ਕਲਾਂ ਅਲਾ ਦਾ ਪਿਆਰਾ ਸਾਂਈ ਪੀਰ ਵਲੈਤ ਸ਼ਾਹ ਫ਼ਕੀਰ ਰਹਿੰਦਾ ਸੀ, ਉਹ ਰੋਜ਼ ਨਿੱਤ ਨੇਮ ਤੇ ਵਿਹਲਾ ਹੋ ਕੇ ਝੰਡਾ ਕਲਾਂ ਵਿਖੇ ਸ੍ਰੀ ਦਮਦਮਾ ਸਾਹਿਬ ਦੇ ਰਸਤੇ ਉੱਤੇ ਪਾਣੀ ਛਿੜਕ ਕੇ ਝਾੜੂ ਲਾਇਆ ਕਰਦਾ ਸੀ ਜਦ ਲੋਕਾਂ ਨੇ ਪੁੱਛਿਆ ਕਰਨਾ ਕਿ ਪੀਰ ਜੀ ਤੁਸੀਂ ਇਸ ਰਾਹ ਉੱਤੇ ਪਾਣੀ ਛਿੜਕ ਝਾੜੂ ਕਿਉਂ ਲਾਉਂਦੇ ਹੋ, ਹੋਰ ਕਿਤੇ ਇੰਝ ਨਹੀਂ ਕਰਦੇ ਤਾਂ ਸਾਂਈ ਨੇ ਉੱਤਰ ਦੇਣਾ ਇਯ ਰਸਤੇ 'ਤੇ ਮੇਰੇ ਰੰਗਲੇ ਮਾਹੀ ਨੇ ਆਉਣਾ ਹੈ। ਪਿੰਡ ਵਾਲਿਆਂ ਨੇ ਇਸ ਨੂੰ ਐਵੇਂ ਹੀ ਸਮਝ ਲੈਣਾ ਪਰ ਪੀਰ ਵਲੈਤ ਸ਼ਾਹ ਨੇ ਆਪਦੀ ਸੇਵਾ ਇਸ ਤਰ੍ਹਾਂ ਹੀ ਜਾਰੀ ਰੱਖੀ। ਪੀਰ ਵਲੈਤ ਸ਼ਾਹ ਦੇ ਪਿਆਰ ਦੀ ਬਹਿਬਲਤਾ ਨੂੰ ਵੇਖ ਕੇ ਸਤਿਗੁਰੁ ਕਲਗੀਧਰ ਪਾਤਸ਼ਾਹ ਜੀ ਸ੍ਰੀ ਦਮਦਾ ਸਾਹਿਬ ਤੋਂ ਚੱਲ ਕੇ ਸਰਦੂਲਗੜ੍ਹ ਵਿਚ ਦੀ ਹੁੰਦੇ ਹੋਏ ਝੰਡਾ ਕਲਾਂ ਆ ਕੇ ਸਾਂਈ ਪੀਰ ਵਲੈਤ ਸ਼ਾਹ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਅਤੇ ਉਸ ਦੀ ਸੇਵਾ ਪ੍ਰਵਾਨ ਕੀਤੀ। ਦੱਸਿਆ ਜਾਂਦਾ ਹੈ ਕਿ ਰਾਤ ਸਮੇਂ ਜਦ ਪੀਰ ਵਲੈਤ ਸ਼ਾਹ ਗੁਰੂਜੀ ਕੋਲ ਬਿਰਾਜੇ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਆਰਾਮ ਫਰਮਾ ਰਹੇ ਸਨ ਅਤੇ ਉਹਨਾਂ ਦੇ ਨਾਲ ਆਏ ਸੇਵਕ ਭਾਈ ਡਲਾ ਤੇ ਭਾਈ ਮਲਾ ਰਾਤ ਸਮੇਂ ਪਹਿਰਾ ਦੇ ਰਹੇ ਸਨ। ਉਸ ਸਮੇਂ ਇਸ ਪਿੰਡ ਵਿਚ ਮੁਸਲਮਾਨਾਂ ਦੀ ਵਸੋਂ ਜ਼ਿਆਦਾ ਸੀ ਅਤੇ ਪਹਿਰੇ 'ਤੇ ਖੜ੍ਹੇ ਦੋਵੇਂ ਸੇਵਕ ਭਾਈ ਡਲਾ ਤੇ ਭਾਈ ਮਲਾ ਡਰਦੇ ਮਾਰੇ ਰਾਤ ਨੂੰ ਇੱਥੋਂ ਚੋਰੀ ਨਸ ਗਏ ਸਨ। ਜਦ ਸਵੇਰੇ ਅੰਮ੍ਰਿਤ ਵੇਲੇ ਗੁਰੂ ਜੀ ਉਠੇ ਤਾਂ ਆਵਾਜ਼ ਦਿੱਤੀ ਕਿ ਪਹਿਰੇ 'ਤੇ ਕੌਣ ਭਾਈ ਡਲਾ ਕਿ ਭਾਈ ਮਲਾ। ਤਾਂ ਅੱਗੇ ਸਾਈ ਪੀਰ ਵਲੈਤ ਸ਼ਾਹ ਬੋਲੇ ਪਹਿਰੇ 'ਤੇ ਨਾ ਭਾਈ ਡਲਾ ਨਾ ਭਾਈਮ ਲਾ। ਪਹਿਰੇ ਸਾਈ ਇਕੱਲਾ। ਗੁਰੂ ਜੀ ਨੇ ਕਿਹਾ ਕਿ ਇਥੱਲਾ ਨਹੀਂ ਤੇਰੇ ਨਾਲ ਅਲਾ ਤਾਂ ਗੁਰੂ ਜੀ ਇਸ ਪੀਰ ਦੇ ਪਿਆਰ ਤੋਂ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਪੀਰ ਵਲੈਤ ਸ਼ਾਹ ਤੋਂ ਪਾਣੀ ਮੰਗਿਆਤ ਾਂ ਪੀਰ ਜੀ ਨੇ ਕਿਹਾ ਕਿ ਇਸ ਪਿੰਡ ਦੀ ਧਰਤੀ ਹੇਠਲਾ ਪਾਣੀ ਖਾਰਾ ਹੈ, ਪੀਣ ਯੋਗ ਨਹੀਂ ਹੈ, ਇਸ ਲਈ ਮੈਂ ਨਾਲ ਲੱਗਦੇ ਘੱਗਰ ਦਰਿਆ 'ਚ ਪਾਣੀ ਲੈ ਕੇ ਆਉਂਦਾ ਹਾਂ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਤੁਸੀਂ ਪਿੰਡ ਵਾਲੀ ਖੂਹੀ ਤੋਂ ਪਾਣੀ ਲੈ ਕੇ ਆਓ ਜਦ ਪੀਰ ਜੀ ਖੂਹੀ 'ਤੇ ਪਾਣੀ ਪੀਣ ਲਈ ਲੈ ਕੇ ਆਏ ਤਾਂ ਗੁਰੂ ਜੀਜ ਨੇ ਕਿਹਾ ਕਿ ਇਸ ਪਿੰਡ ਦੀ ਧਰਤੀ ਹੇਠਲਾ ਪਾਣੀ ਖਾਰਾ ਹੈ, ਪੀਣ ਯੋਗ ਨਹੀਂ ਹੈ, ਇਸ ਲਈ ਮੈਂ ਨਾਲ ਲੱਗਦੇ ਘੱਗਰ ਦਰਿਆ 'ਚ ਪਾਣੀ ਲੈ ਕੇ ਆਉਂਦਾ ਹਾਂ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਤੁਸੀਂ ਪਿੰਡ ਵਾਲੀ ਖੂਹੀ ਤੋਂ ਪਾਣੀ ਲੈ ਕੇ ਆਓ, ਜਦ ਪੀਰ ਜੀ ਖੂਹੀ ਤੋਂ ਪੀਣ ਲਈ ਪਾਣੀ ਲੈ ਕੇ ਆਏ ਤਾਂ ਗੁਰੂ ਜੀ ਨੇ ਕਿਹਾ, ਇਸ ਪਾਣੀ ਨੂੰ ਪੀ ਕੇ ਵੇਖੋ। ਜਦ ਪੀਰ ਜੀ ਨੇ ਪਾਣੀ ਪੀ ਕੇ ਵੇਖਿਆ ਤਾਂ ਖਾਰਾ ਪਾਣੀ ਮਿੱਠਾ ਹੋ ਗਿਆ ਸੀ। ਅੱਜ ਵੀ ਸਾਰੇ ਪਿੰਡ ਦੀ ਧਰਤੀ ਹੇਠਲਾ ਪਾਣੀ ਖਾਰਾ ਹੈ ਪਰ ਉਸ ਖੂਹੀ ਦਾ ਪਾਣੀ ਮਿੱਠਾ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਮਹਾਰਾਜਾ ਪਟਿਆਲਾ ਦੇ ਸਮੇਂ ਵਿਚ ਵੀ ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਦੀ ਇਕ ਛੋਟੀ ਜਿਹੀ ਇਮਾਰਤ ਤਿਆਰ ਕੀਤੀ ਗਈ ਸੀ। ਹੁਣ ਇਸ ਛੋਟੇ ਜਿਹੇ ਗੁਰਦੁਆਰੇ ਦੀ ਥਾਂ ਬਹੁਤ ਸੁੰਦਰ ਅਤੇ ਦੇਖਣਯੋਗ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕੀਤੀ ਗਈ ਹੈ। ਇੱਥੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਮਨਾਇਆ ਜਾਂਦਾ ਹੈ। ਇੱਥੇ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਨਾਲ ਪੀਰ ਵਲੈਤ ਸ਼ਾਹ ਜੀ ਦੀ ਸਮਾਧ ਹੈ। ਇਸ ਸਮਾਧ ਵਾਲੇ ਪਾਸੇ ਵੀ ਦਰਬਾਰ ਸਾਹਿਬ ਦਾ ਦਰਵਾਜ਼ਾ ਖੁੱਲ੍ਹਦਾ ਹੈ।

ਪਿੰਡ ਦੀ ਸੰਗਤ ਦਾ ਕਹਿਣਾ ਹੈ ਕਿ ਜਦ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਰਹੀ ਸੀ ਤਾਂ ਅਨਜਾਣੇ ਵਿਚ ਸੰਗਤ ਵੱਲੋਂ ਸਮਾਧ ਵਾਲੇ ਪਾਸੇ ਦਰਾਵਜ਼ਾ ਰੱਖਣ ਦਾ ਖਿਆਲ ਨਾ ਆਇਆ ਤਾਂ ਦਰਬਾਰ ਸਾਹਿਬ ਦੀ ਉਸਾਰੀ ਸਮੇਂ ਦੋ-ਤਿੰਨ ਵਾਰ ਕੰਧ ਡਿੱਗ ਪਈ ਸੀ ਅਤੇ ਕਹਿੰਦੇ ਹਨ ਕਿ ਰਾਤ ਨੂੰ ਇਕ ਆਵਾਜ਼ ਆਈ ਕਿ ਜੇ ਤੁਸੀਂ ਦਰਬਾਰ ਸਾਹਿਬ ਦੀ ਉਸਾਰੀ ਕਰਨੀ ਹੈ ਤਾਂ ਇਕ ਦਰਵਾਜ਼ਾ ਮੇਰੇ ਮੂੰਹ ਵੱਲ ਵੀ ਰੱਖਿਆ ਜਾਵੇ ਤਾਂ ਕਿ ਅਸੀਂ ਵੀ ਗੁਰਬਾਣੀ ਅਤੇ ਕੀਰਤਨ ਸੁਣ ਸਕੀਏ। ਉਸ ਤੋਂ ਬਾਅਦ ਦਰਵਾਜ਼ਾ ਰੱਖ ਕੇ ਦਰਬਾਰ ਸਾਹਿਬ ਦੀ ਉਸਾਰੀ ਮੁਕੰਮਲ ਹੋਈ ਹੈ ਜੋ ਕਿ ਅੱਜ ਇਹ ਗੁਰਦੁਆਰਾ ਬਹੁਤ ਸੁੰਦਰ ਹੈ ਅਤੇ ਦੇਖਣਯੋਗ ਹੈ ਜਦ ਸੰਗਤ ਦਰਬਾਰ ਸਾਹਿਬ ਵਿਖੇ ਜਾ ਕੇ ਮੱਥਾ ਟੇਕਦੀ ਹੈ ਤਾਂ ਪੀਰ ਵਲੈਤ ਸ਼ਾਹ ਦੀ ਸਮਾਧ ਨੂੰ ਵੀ ਮੱਥਾ ਟੇਕਦੀ ਹੈ।

**- ਗੁਰਦਿੱਤ ਮੱਲ ਅਰੋੜਾ**

# ਡੀਸੀ ਦਫ਼ਤਰ ਬਾਹਰ ਧਰਨੇ 'ਤੇ ਬੈਠੇ, ਪੈਲਟ ਪੀੜਤ ਵਿਦਿਆਰਥੀ ਦੀ ਐੱਫਆਈਆਰ ਦਰਜ ਕਰਨ ਦੀ ਮੰਗ

## ਰਾਹੁਲ ਗਾਂਧੀ ਸਾਹਿਲ ਲੋਚਬ ਅਤੇ ਉਸ ਦੀ ਮਾਂ ਦੇ ਨਾਲ ਪੁਲਿਸ ਸਟੇਸ਼ਨ ਪਹੁੰਚੇ



**ਨਵੀਂ ਦਿੱਲੀ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ 20 ਜੁਲਾਈ ਦੇ ਵਿਦਿਆਰਥੀ ਪ੍ਰਦਰਸ਼ਨ ਦੌਰਾਨ ਕਥਿਤ ਤੌਰ 'ਤੇ ਪੈਲਟ (ਛਰਿਆਂ) ਨਾਲ ਜ਼ਖ਼ਮੀ ਹੋਏ ਇੱਕ ਵਿਦਿਆਰਥੀ ਨਾਲ ਸੰਸਦ ਮਾਰਗ ਪੁਲੀਸ ਸਟੇਸ਼ਨ ਵਿਖੇ ਡਿਪਟੀ ਕਮਿਸ਼ਨਰ ਆਫ਼ ਪੁਲਿਸ ਦੇ ਦਫ਼ਤਰ ਦੇ ਬਾਹਰ ਧਰਨੇ 'ਤੇ ਬੈਠਦਿਆਂ ਦਿੱਲੀ ਪੁਲੀਸ 'ਤੇ ਵਾਰ-ਵਾਰ ਕਹਿਣ ਦੇ ਬਾਵਜੂਦ ਐੱਫਆਈਆਰ ਦਰਜ ਕਰਨ ਤੋਂ ਇਨਕਾਰ ਕਰਨ ਦਾ ਦੋਸ਼ ਲਾਇਆ। ਰਾਹੁਲ ਗਾਂਧੀ ਸਾਹਿਲ ਲੋਚਬ ਅਤੇ ਉਸਦੀ ਮਾਂ ਦੇ ਨਾਲ ਪੁਲੀਸ ਸਟੇਸ਼ਨ ਪਹੁੰਚੇ ਤਾਂ ਜੋ ਪ੍ਰਦਰਸ਼ਨ ਦੌਰਾਨ ਉਸ ਨੂੰ ਲੱਗੀਆਂ ਸੱਟਾਂ ਸਬੰਧੀ ਉਸਦੀ ਸ਼ਿਕਾਇਤ ਦਰਜ ਕਰਵਾਈ ਜਾ ਸਕੇ।

ਕਾਂਗਰਸ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, ÷ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਵੀਂ ਦਿੱਲੀ ਵਿੱਚ ਡੀਸੀਪੀ ਦਫ਼ਤਰ ਦੇ ਬਾਹਰ ਇਸ ਦੋਸ਼ ਨਾਲ ਧਰਨੇ 'ਤੇ ਬੈਠੇ ਹਨ ਕਿ 'ਦਿੱਲੀ ਪੁਲੀਸ ਨੇ ਪੈਲਟ ਗਨ ਪੀੜਤ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਹੈ'।

ਇਸ ਪ੍ਰਦਰਸ਼ਨ ਨੇ 20 ਜੁਲਾਈ ਦੀ ਵਿਦਿਆਰਥੀਆਂ ਵਿਰੁੱਧ ਪੁਲਿਸ ਕਾਰਵਾਈ ਨੂੰ ਮੋਦੀ ਸਰਕਾਰ ਨਾਲ ਕਾਂਗਰਸ ਦੇ ਟਕਰਾਅ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ।

ਪਾਰਟੀ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਕਥਿਤ ਤੌਰ 'ਤੇ ਪੈਲਟਾਂ ਦੀ ਵਰਤੋਂ ਅਤੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ ਨੂੰ ਲੈ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਘੇਰਿਆ ਹੈ।

ਖੜਗੇ ਨੇ ਕਿਹਾ ਕਿ ਅਮਿਤ ਸ਼ਾਹ 19 ਦਿਨਾਂ ਤੱਕ ਸੰਸਦ ਵਿੱਚ ਨਜ਼ਰ ਨਹੀਂ ਆਏ ਅਤੇ ਦੋਸ਼ ਲਾਇਆ ਕਿ ਸਰਕਾਰ ਨੇ ਅਜੇ ਤੱਕ ਇਹ ਖੁਲਾਸਾ ਨਹੀਂ ਕੀਤਾ ਹੈ ਕਿ ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਕਥਿਤ ਤੌਰ 'ਤੇ ਗੋਲੀ ਚਲਾਉਣ ਦਾ ਹੁਕਮ ਕਿਸ ਨੇ ਦਿੱਤਾ ਸੀ ਜਾਂ ਅਜਿਹੀ ਤਾਕਤ ਦੀ ਵਰਤੋਂ ਕਿਉਂ ਜ਼ਰੂਰੀ ਸੀ।

ਉਨ੍ਹਾਂ ਦੋਸ਼ ਲਾਇਆ ਕਿ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਤੇ ਪੈਲਟਾਂ ਦੀ ਵਰਤੋਂ ਕੀਤੀ ਗਈ, ਜਿਸ ਨਾਲ ਕਈ ਨੌਜਵਾਨ ਜ਼ਖ਼ਮੀ ਹੋ ਗਏ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਹਿਲਾ ਪ੍ਰਦਰਸ਼ਨਕਾਰੀਆਂ ਨਾਲ ਬਦਸਲੂਕੀ ਅਤੇ ਮਾਰਕੁੱਟ ਕੀਤੀ ਗਈ।

ਕਾਂਗਰਸ ਨੇ ਕਿਹਾ ਕਿ ਲੋਚਬ ਨੇ ਆਪਣੇ ਵਕੀਲਾਂ ਦੇ ਨਾਲ 14 ਅਗਸਤ ਨੂੰ ਦਿੱਲੀ ਪੁਲੀਸ ਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ ਸੀ, ਪਰ ਉਸ ਨੂੰ ਜਾਂਚ ਅਧਿਕਾਰੀ (9®) ਦਾ ਨਾਮ ਜਾਂ ਨੰਬਰ ਨਹੀਂ ਦਿੱਤਾ ਗਿਆ। ਪਾਰਟੀ ਨੇ ਦੋਸ਼ ਲਾਇਆ ਕਿ 17 ਅਗਸਤ ਨੂੰ ਈਮੇਲਾਂ ਅਤੇ ਫ਼ੋਨ ਕਾਲਾਂ ਰਾਹੀਂ ਮਾਮਲੇ ਨੂੰ ਦੁਬਾਰਾ ਅੱਗੇ ਵਧਾਇਆ ਗਿਆ, ਪਰ ਕੋਈ ਰਸੀਦ ਜਾਂ ਆਈ/ਓ (9/®) ਨੰਬਰ ਨਹੀਂ ਦਿੱਤਾ ਗਿਆ।

# ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਤਾ 'ਪੰਜਾਬ ਬੰਦ' ਦਾ ਸੱਦਾ ਸਫ਼ਲਤਾਪੂਰਵਕ ਸਮਾਪਤ, 2 ਵਜੇ ਮਗਰੋਂ ਆਵਾਜਾਈ ਹੋਈ ਆਮ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਜਥੇਬੰਦੀਆਂ ਵੱਲੋਂ ਅੱਜ 22 ਅਗਸਤ ਨੂੰ ਦਿੱਤਾ ਗਿਆ 'ਪੰਜਾਬ ਬੰਦ' ਦਾ ਸੱਦਾ ਸਫ਼ਲਤਾਪੂਰਵਕ ਸਮਾਪਤ ਹੋ ਗਿਆ ਹੈ। ਬੰਦ ਦੀ ਕਾਲ ਦੁਪਹਿਰ 2 ਵਜੇ ਤੱਕ ਦਿੱਤੀ ਗਈ ਸੀ, ਜਿਸ ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਜਨਜੀਵਨ ਅਤੇ ਆਵਾਜਾਈ ਮੁੜ ਆਮ ਵਾਂਗ ਸ਼ੁਰੂ ਹੋ ਗਈ।

ਬੰਦੀ ਸਿੰਘਾਂ ਦੀ ਰਿਹਾਈ ਅਤੇ ਉਨ੍ਹਾਂ ਨਾਲ ਜੁੜੇ ਮਾਮਲਿਆਂ ਵੱਲ ਸਰਕਾਰ ਦਾ ਧਿਆਨ ਖਿੱਚਣ ਲਈ ਸਿੱਖ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਪ੍ਰਦਰਸ਼ਨ ਅਤੇ ਰੋਸ ਮੁਜ਼ਾਹਰੇ ਕੀਤੇ ਗਏ। ਪੰਜਾਬ ਬੰਦ ਦੌਰਾਨ ਵੱਖ-ਵੱਖ ਥਾਵਾਂ 'ਤੇ ਸਿੱਖ ਸੰਗਤਾਂ ਅਤੇ ਜਥੇਬੰਦੀਆਂ ਦੇ ਕਾਰਕੁਨ ਇਕੱਠੇ ਹੋਏ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਆਪਣੀ ਆਵਾਜ਼ ਬੁਲੰਦ ਕੀਤੀ।

ਸਵੇਰ ਤੋਂ ਹੀ ਪੰਜਾਬ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਬੰਦ ਦਾ ਪ੍ਰਭਾਵ ਦੇਖਣ ਨੂੰ ਮਿਲਿਆ। ਕਈ ਥਾਵਾਂ 'ਤੇ ਦੁਕਾਨਾਂ ਅਤੇ ਵਪਾਰਕ ਅਦਾਰੇ ਬੰਦ ਰਹੇ, ਜਦਕਿ ਸਿੱਖ ਜਥੇਬੰਦੀਆਂ ਨਾਲ ਜੁੜੇ ਲੋਕਾਂ ਵੱਲੋਂ ਪ੍ਰਦਰਸ਼ਨ ਕਰਕੇ ਸਰਕਾਰ ਤੋਂ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜਿਨ੍ਹਾਂ ਬੰਦੀ ਸਿੰਘਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਦੀ ਰਿਹਾਈ ਲਈ ਸਰਕਾਰਾਂ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।




ਪੰਜਾਬ ਬੰਦ ਦੇ ਸੱਦੇ ਦੌਰਾਨ ਵੱਖ-ਵੱਖ ਥਾਵਾਂ 'ਤੇ ਆਵਾਜਾਈ ਵੀ ਪ੍ਰਭਾਵਿਤ ਰਹੀ। ਬੰਦ ਦੇ ਸਮਰਥਨ ਵਿੱਚ ਕਈ ਸਥਾਨਾਂ 'ਤੇ ਸੜਕਾਂ 'ਤੇ ਇਕੱਠ ਅਤੇ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਕਾਰਨ ਕੁਝ ਰੂਟਾਂ 'ਤੇ ਆਵਾਜਾਈ ਨੂੰ ਰੋਕਿਆ ਜਾਂ ਪ੍ਰਭਾਵਿਤ ਕੀਤਾ ਗਿਆ। ਹਾਲਾਂਕਿ ਦੁਪਹਿਰ 2 ਵਜੇ ਤੱਕ ਦਿੱਤੀ ਗਈ ਬੰਦ ਦੀ ਕਾਲ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਸਥਿਤੀ ਮੁੜ ਆਮ ਹੋਣ ਲੱਗੀ।

ਦੁਪਹਿਰ 2 ਵਜੇ ਬੰਦ ਦੀ ਕਾਲ ਸਮਾਪਤ ਹੋਣ ਉਪਰੰਤ ਸਿੱਖ ਜਥੇਬੰਦੀਆਂ ਵੱਲੋਂ ਆਪਣੇ ਪ੍ਰਦਰਸ਼ਨ ਖਤਮ ਕਰ ਦਿੱਤੇ ਗਏ ਅਤੇ ਸੜਕਾਂ 'ਤੇ ਆਵਾਜਾਈ ਵੀ ਮੁੜ ਚਾਲੂ ਹੋ ਗਈ। ਬਾਜ਼ਾਰਾਂ ਅਤੇ ਹੋਰ ਵਪਾਰਕ ਅਦਾਰਿਆਂ ਦੇ ਵੀ ਹੌਲੀ-ਹੌਲੀ ਖੁੱਲ੍ਹਣ ਨਾਲ ਜਨਜੀਵਨ ਆਮ ਵਾਂਗ ਪਰਤ ਆਇਆ।

ਇਸ ਤਰ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਦਿੱਤਾ ਗਿਆ ਪੰਜਾਬ ਬੰਦ ਦਾ ਸੱਦਾ ਦੁਪਹਿਰ 2 ਵਜੇ ਸਫ਼ਲਤਾਪੂਰਵਕ ਸਮਾਪਤ ਹੋ ਗਿਆ। ਇਸ ਦੌਰਾਨ ਸਿੱਖ ਜਥੇਬੰਦੀਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਨੂੰ ਲੈ ਕੇ ਆਪਣੀ ਮੰਗ ਸਰਕਾਰ ਤੱਕ ਪਹੁੰਚਾਈ ਅਤੇ ਇਸ ਮਾਮਲੇ 'ਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ।

ਪਟਿਆਲਾ ਦੇ ਪੁਲੀਸ ਕਪਤਾਨ ਮੋਹਿਤ ਅਗਰਵਾਲ ਨੇ ਕਿਹਾ ਹੈ ਕਿ ਚਿੰਤਾ ਦੀ ਕੋਈ ਗੱਲ ਨਹੀਂ ਹੈ ਅਤੇ ਬੰਦ ਕਾਫ਼ੀ ਹੱਦ ਤੱਕ ਸ਼ਾਂਤ ਰਿਹਾ ਹੈ। ਸਰਕਾਰੀ ਸਕੂਲ ਸਵੇਰੇ ਆਪਣੇ ਤੈਅ ਸਮੇਂ 'ਤੇ ਖੁੱਲ੍ਹ ਗਏ ਹਨ, ਜਦਕਿ ਨਿੱਜੀ ਸਕੂਲ ਬੰਦ ਰਹੇ। ਹਾਲਾਂਕਿ, ਮੋਹਾਲੀ ਅਤੇ ਚੰਡੀਗੜ੍ਹ ਵਿੱਚ ਜ਼ਿਆਦਾਤਰ ਵਪਾਰਕ ਅਦਾਰਿਆਂ ਨੇ ਵਧਦੇ ਤਣਾਅ ਦਾ ਹਵਾਲਾ ਦਿੰਦਿਆਂ ਦੁਪਹਿਰ ਤੱਕ ਆਪਣੇ ਅਦਾਰੇ ਬੰਦ ਰੱਖਣ ਦਾ ਫ਼ੈਸਲਾ ਕੀਤਾ ਸੀ।

ਜ਼ਿਕਰਯੋਗ ਹੈ ਕਿ ਕੌਮੀ ਇਨਸਾਫ਼ ਮੋਰਚਾ ਨੇ ਪੁਲੀਸ ਕਾਰਵਾਈ, ਆਪਣੇ ਮੈਂਬਰਾਂ ਵਿਰੁੱਧ ਦਰਜ ਐੱਫ ਆਈ ਆਰ ਅਤੇ ਬੰਦੀ ਸਿੰਘਾਂ ਦੀ ਲਗਾਤਾਰ ਨਜ਼ਰਬੰਦੀ ਦੇ ਵਿਰੋਧ ਵਿੱਚ ਅੱਜ ਨੂੰ 'ਪੰਜਾਬ ਬੰਦ' ਦਾ ਸੱਦਾ ਦਿੱਤਾ ਸੀ। ਦਰਅਸਲ 15 ਅਗਸਤ ਨੂੰ ਚੰਡੀਗੜ੍ਹ ਪੁਲੀਸ ਨੇ ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ ਅਤੇ ਬੈਰੀਕੇਡਾਂ ਨਾਲ ਕੌਮੀ ਇਨਸਾਫ਼ ਮੋਰਚੇ ਦਾ ਪੰਜਾਬ ਰਾਜ ਭਵਨ ਵੱਲ ਮਾਰਚ ਰੋਕ ਦਿੱਤਾ ਸੀ ਅਤੇ ਪੁਲੀਸ ਵੱਲੋਂ ਆਗੂਆਂ ਅਤੇ ਸਮਰਥਕਾਂ ਵਿਰੁੱਧ ਕਈ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਸਨ। ਮੋਰਚੇ ਦੀ ਮੁੱਖ ਮੰਗ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਹੈ ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਪਰ ਅਜੇ ਵੀ ਜੇਲ੍ਹ ਵਿੱਚ ਹਨ, ਇਸ ਦੇ ਨਾਲ ਹੀ ਜਗਤਾਰ ਸਿੰਘ ਹਵਾਰਾ ਲਈ ਪੈਰੋਲ ਅਤੇ ਬੇਅਦਬੀ ਤੇ ਪੁਲੀਸ ਗੋਲੀਕਾਂਡ ਦੇ ਮਾਮਲਿਆਂ ਵਿੱਚ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ।

**ਆਵਾਜਾਈ ਰੋਕਣ ਵਾਲੇ ਕਈ ਸਿੱਖ ਆਗੂ ਪੁਲੀਸ ਨੇ ਹਿਰਾਸਤ ਵਿੱਚ ਲਏ**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅੰਮ੍ਰਿਤਸਰ ਰੋਡ ਗੋਲਡਨ ਗੇਟ 'ਤੇ ਆਵਾਜਾਈ ਬੰਦ ਕਰਨ ਦਾ ਯਤਨ ਕਰ ਰਹੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ ਮੰਨਾ, ਭਾਈ ਗਗਨਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਬੰਟੀ ਸਮੇਤ ਫੈਡਰੇਸ਼ਨ ਦੇ ਹੋਰ ਮੈਂਬਰਾਂ ਨੂੰ ਪੁਲੀਸ ਵੱਲੋਂ ਗੋਲਡਨ ਗੇਟ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ।

ਇਸ ਤੋਂ ਪਹਿਲਾਂ ਕੌਮੀ ਇੰਸਾਫ਼ ਮੋਰਚਾ ਦੇ ਪੰਜਾਬ ਬੰਦ ਦੇ ਸੱਦੇ ਨੂੰ ਦੇਖਦਿਆਂ ਅੱਜ ਪੰਜਾਬ ਭਰ ਵਿੱਚ ਸੁਰੱਖਿਆ ਵਿਵਸਥਾ ਸਖ਼ਤ ਕਰ ਦਿੱਤੀ ਗਈ ਸੀ। ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲੀਸ ਬਲ ਦੀ ਤਾਇਨਾਤੀ ਵਧਾ ਦਿੱਤੀ ਗਈ ਸੀ। ਇਸੇ ਸਬੰਧ ਵਿੱਚ ਚੰਡੀਗੜ੍ਹ ਵਿੱਚ ਪੰਜਾਬ ਨਾਲ ਲੱਗਦੀਆਂ ਸਰਹੱਦਾਂ 'ਤੇ ਵੀ ਪੁਲੀਸ ਵੱਲੋਂ ਵਿਸ਼ੇਸ਼ ਨਿਗਰਾਨੀ ਰੱਖੀ ਜਾ ਰਹੀ ਸੀ।

ਪੰਜਾਬ ਬੰਦ ਦੇ ਸੱਦੇ ਤਹਿਤ ਅੱਜ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਦਫ਼ਤਰ ਸਮੇਤ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰੇ ਅਤੇ ਹੋਰ ਸੰਸਥਾਵਾਂ ਬੰਦ ਰੱਖੀਆਂ ਗਈਆਂ ਸਨ।

# ਗੁਰੂਗ੍ਰਾਮ ਵਿੱਚ ਵਿਵਸਥਾਵਾਂ ਵਿੱਚ ਲਗਾਤਾਰ ਹੋ ਰਿਹਾ ਹੈ ਸੁਧਾਰ, ਨਾਗਰਿਕ ਸੁਵਿਧਾਵਾਂ ਨੂੰ ਬਿਹਤਰ ਬਣਾਉਣ 'ਤੇ ਸਰਕਾਰ ਦਾ ਜ਼ੋਰ : ਮੁੱਖ ਮੰਤਰੀ




**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂਗ੍ਰਾਮ ਵਿੱਚ ਨਾਗਰਿਕਾਂ ਨੂੰ ਬਿਹਤਰ ਸੁਵਿਧਾਵਾਂ ਉਪਲਬਧ ਕਰਵਾਉਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰਿਆਣਾ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਸਮੇਂ ਦੇ ਨਾਲ ਵਿਵਸਥਾਵਾਂ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਜਿਨ੍ਹਾਂ ਖੇਤਰਾਂ ਵਿੱਚ ਪਹਿਲਾਂ ਸਮੱਸਿਆਵਾਂ ਵੱਧ ਦਿਖਾਈ ਦਿੰਦੀਆਂ ਸਨ, ਉੱਥੇ ਹੁਣ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਬਹੁਤ ਜ਼ਿਆਦਾ ਮੀਂਹ ਪੈਣ ਕਾਰਨ ਅਚਾਨਕ ਵਿਵਸਥਾਵਾਂ 'ਤੇ ਵਾਧੂ ਦਬਾਅ ਆਉਂਦਾ ਹੈ ਅਤੇ ਪਾਣੀ ਭਰਨ ਵਰਗੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ, ਪਰ ਇਸ ਦੇ ਬਾਵਜੂਦ ਪਿਛਲੇ ਸਮੇਂ ਵਿੱਚ ਕੀਤੇ ਗਏ ਕੰਮਾਂ ਦਾ ਲਾਭ ਸਪੱਸ਼ਟ ਰੂਪ ਵਿੱਚ ਹੁਣ ਦਿਖਾਈ ਦੇ ਰਿਹਾ ਹੈ। ਮੁੱਖ ਮੰਤਰੀ ਸ਼ੁੱਕਰਵਾਰ ਨੂੰ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਤੋਂ ਵਿਧਾਇਕ ਸ਼੍ਰੀਮਤੀ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਸ਼੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ਼੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਬੈਠਕ ਵਿੱਚ ਕੁੱਲ 17 ਪਰਿਵਾਦ ਰੱਖੇ ਗਏ, ਜਿਨ੍ਹਾਂ ਵਿੱਚੋਂ ਮੁੱਖ ਮੰਤਰੀ ਨੇ 14 ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ, ਜਦੋਂ ਕਿ 3 ਮਾਮਲਿਆਂ ਨੂੰ ਆਉਣ ਵਾਲੀ ਬੈਠਕ ਤੱਕ ਲੰਬਿਤ ਰੱਖਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਲੰਬਿਤ ਮਾਮਲਿਆਂ ਦੀ ਸਟੇਟਸ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਪਾਇਨੀਅਰ ਇੰਡਸਟਰੀਅਲ ਪਾਰਕ ਵਿੱਚ 33 ਕੇ.ਵੀ. ਸਬ-ਸਟੇਸ਼ਨ ਲਈ ਤੁਰੰਤ ਜ਼ਮੀਨ ਉਪਲਬਧ ਕਰਵਾਉਣ ਸਬੰਧਤ ਬਿਲਡਰ, ਨਹੀਂ ਤਾਂ ਦਰਜ ਕੀਤੀ ਜਾਵੇ ਐਫ.ਆਈ.ਆਰ. ਬਿਲਾਸਪੁਰ-ਤਾਵੜੂ ਰੋਡ ਸਥਿਤ ਪਾਇਨੀਅਰ ਇੰਡਸਟਰੀਅਲ ਪਾਰਕ ਤੋਂ ਆਏ ਵੈੱਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇੰਡਸਟਰੀਅਲ ਪਾਰਕ ਵਿੱਚ 33 ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨ ਲਈ ਬਿਲਡਰ ਵੱਲੋਂ ਨਿਰਧਾਰਤ ਜ਼ਮੀਨ ਉਪਲਬਧ ਨਹੀਂ ਕਰਵਾਈ ਜਾ ਰਹੀ ਹੈ, ਜਿਸ ਕਾਰਨ ਉਦਯੋਗਿਕ ਇਕਾਈਆਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਐਸੋਸੀਏਸ਼ਨ ਦੀ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਸਤਾਵਿਤ 33 ਕੇ.ਵੀ. ਸਬ-ਸਟੇਸ਼ਨ ਦੇ ਨਿਰਮਾਣ ਲਈ ਡਿਵੈਲਪਰ ਤੋਂ ਜ਼ਰੂਰੀ ਜ਼ਮੀਨ ਤੁਰੰਤ ਉਪਲਬਧ ਕਰਵਾਈ ਜਾਵੇ।

ਮੁੱਖ ਮੰਤਰੀ ਨੇ ਸਪੱਸ਼ਟ ਨਿਰਦੇਸ਼ ਦਿੱਤੇ ਕਿ ਜੇਕਰ ਬਿਲਡਰ/ਡਿਵੈਲਪਰ ਸਬ-ਸਟੇਸ਼ਨ ਲਈ ਜ਼ਰੂਰੀ ਜ਼ਮੀਨ ਉਪਲਬਧ ਕਰਵਾਉਣ ਵਿੱਚ ਸਹਿਯੋਗ ਨਹੀਂ ਕਰਦਾ ਹੈ, ਤਾਂ ਉਸ ਦੇ ਵਿਰੁੱਧ ਨਿਯਮਾਂ ਅਨੁਸਾਰ ਐੱਫ.ਆਈ.ਆਰ. ਦਰਜ ਕਰਵਾ ਕੇ ਜ਼ਰੂਰੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਾ ਵਰਤੀ ਜਾਵੇ ਅਤੇ ਉਦਯੋਗਿਕ ਖੇਤਰ ਵਿੱਚ ਯੋਗ, ਨਿਯਮਿਤ ਤੇ ਬਿਨਾਂ ਰੁਕਾਵਟ ਬਿਜਲੀ ਸਪਲਾਈ ਯਕੀਨੀ ਕਰਨ ਲਈ 33 ਕੇਵੀ ਸਬ ਸਟੇਸ਼ਨ ਦੇ ਨਿਰਮਾਣ ਨੂੰ ਪਹਿਲ ਦੇ ਆਧਾਰ ਉਤੇ ਵਧਾਇਆ ਜਾਵੇ।

ਸਦਰ ਬਾਜ਼ਾਰ ਨਾਲ ਸਬੰਧਤ ਸ਼ਿਕਾਇਤ ਵਿੱਚ ਦੱਸਿਆ ਗਿਆ ਕਿ ਪੋਸਟ ਆਫ਼ਿਸ ਚੌਕ ਤੋਂ ਬੱਸ ਸਟੈਂਡ ਤੱਕ ਦਾ ਰਸਤਾ ਸਦਰ ਬਾਜ਼ਾਰ ਦਾ ਮੁੱਖ ਪ੍ਰਵੇਸ਼ ਮਾਰਗ ਹੋਣ ਦੇ ਨਾਲ-ਨਾਲ ਬਹੁਤ ਵਿਅਸਤ ਖੇਤਰ ਹੈ। ਇਸ ਮਾਰਗ 'ਤੇ ਵੱਡੀ ਗਿਣਤੀ ਵਿੱਚ ਈ-ਰਿਕਸ਼ਾ, ਆਟੋ ਅਤੇ ਹੋਰ ਵਾਹਨ ਸੜਕ 'ਤੇ ਬੇਤਰਤੀਬੇ ਢੰਗ ਨਾਲ ਖੜ੍ਹੇ ਰਹਿੰਦੇ ਹਨ ਅਤੇ ਵਿਚਕਾਰ ਸੜਕ 'ਤੇ ਸਵਾਰੀਆਂ ਬਿਠਾਉਣ ਅਤੇ ਉਤਾਰਨ ਕਾਰਨ ਆਵਾਜਾਈ ਪ੍ਰਭਾਵਿਤ ਹੁੰਦੀ ਹੈ।

# ਸੰਧਵਾਂ ਨੇ ਸੀ.ਜੇ.ਪੀ. ਵਲੰਟੀਅਰਾਂ 'ਤੇ ਹੋਏ ਹਿੰਸਕ ਹਮਲੇ 'ਤੇ ਰਾਜਸਥਾਨ ਦੇ ਮੁੱਖ ਮੰਤਰੀ ਤੋਂ ਕੀਤੀ ਫੌਰੀ ਕਾਰਵਾਈ ਦੀ ਮੰਗ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਜੈਪੁਰ ਜ਼ਿਲ੍ਹੇ ਦੇ ਰਾਮਪੁਰਾ ਕੰਵਰਪੁਰਾ ਵਿੱਚ ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਦੇ ਸਹਿ-ਕਨਵੀਨਰ ਆਸ਼ੂਤੋਸ਼ ਰੰਕਾ ਅਤੇ ਉਨ੍ਹਾਂ ਦੇ ਨਾਲ ਆਏ ਵਲੰਟੀਅਰਾਂ 'ਤੇ ਹੋਏ ਕਥਿਤ ਹਮਲੇ ਦੀਆਂ ਰਿਪੋਰਟਾਂ ਤੋਂ ਬਾਅਦ ਅਧਿਕਾਰਤ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਰਾਜਸਥਾਨ ਦੇ ਮੁੱਖ ਮੰਤਰੀ ਤੋਂ ਇਸ ਮੰਦਭਾਗੀ ਘਟਨਾ ਦੀ ਉੱਚ ਪੱਧਰੀ ਨਿਰਪੱਖ ਜਾਂਚ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰੀ ਸਕੂਲ ਦੇ ਬੁਨਿਆਦੀ ਢਾਂਚੇ ਦਾ ਨਿਰੀਖਣ ਕਰਨ ਲਈ ਜਾ ਰਹੇ ਸੀਜੇਪੀ ਵਲੰਟੀਅਰ ਦੇ ਵਾਹਨਾਂ ਨੂੰ ਰੋਕਿਆ ਗਿਆ ਅਤੇ ਭੰਨਤੋੜ ਕੀਤੀ ਗਈ, ਜਿਸ ਕਾਰਨ ਕਈ ਵਿਅਕਤੀ ਜ਼ਖਮੀ ਵੀ ਹੋ ਗਏ।

ਸੀਜੇਪੀ ਆਗੂਆਂ ਨੇ ਜਨਤਕ ਤੌਰ 'ਤੇ ਹੋਈ ਇਸ ਭੰਨਤੋੜ ਦਾ ਕਾਰਨ ਰਾਜਨੀਤਿਕ ਵਿਰੋਧੀਆਂ ਨੂੰ ਦੱਸਿਆ ਹੈ ਅਤੇ ਸਥਾਨਕ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੀ ਭੂਮਿਕਾ 'ਤੇ ਵੀ ਸਵਾਲ ਉਠਾਏ ਹਨ।

ਸਪੀਕਰ ਸੰਧਵਾਂ ਨੇ ਇਸ ਮੰਦਭਾਗੀ ਘਟਨਾ ਅਤੇ ਰਾਜਨੀਤਿਕ ਹਿੰਸਾ ਦੀਆਂ ਰਿਪੋਰਟਾਂ 'ਤੇ ਚਿੰਤਾ ਪ੍ਰਗਟਾਈ ਅਤੇ ਜਨਤਕ ਵਿਵਸਥਾ, ਲੋਕਤੰਤਰੀ ਸ਼ਮੂਲੀਅਤ ਦੇ ਨਾਲ-ਨਾਲ ਜਨਤਕ ਨੁਮਾਇੰਦਿਆਂ ਦੀ ਸੁਰੱਖਿਆ ਨੂੰ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਅੱਗੇ ਕਿਹਾ,"ਆਪਸੀ ਅਤੇ ਰਾਜਨੀਤਿਕ ਮਤਭੇਦਾਂ ਨੂੰ ਰਚਨਾਤਮਕ ਗੱਲਬਾਤ ਅਤੇ ਕਾਨੂੰਨੀ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਸਰੀਰਕ ਹਿੰਸਾ ਜਾਂ ਸੰਪਤੀ ਦੀ ਤੋੜਭੰਨ ਲੋਕਤੰਤਰੀ ਸਿਧਾਂਤਾਂ ਨੂੰ ਢਾਅ ਲਾਉਂਦਾ ਹੈ।"

# ਸੁਪਰੀਮ ਕੋਰਟ ਵੱਲੋਂ ਮਾਣਹਾਨੀ ਮਾਮਲੇ 'ਤੇ ਸੁਖਬੀਰ ਬਾਦਲ ਦੀ ਪਟੀਸ਼ਨ ਖ਼ਾਰਜ

**ਨਵੀਂ ਦਿੱਲੀ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਸਰਵਉੱਚ ਅਦਾਲਤ ਨੇ ਮਾਣਹਾਨੀ ਮਾਮਲੇ ਵਿਚ ਸੁਖਬੀਰ ਬਾਦਲ ਨੂੰ ਰਾਹਤ ਨਹੀਂ ਦਿੱਤੀ। ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਾਲ 2017 ਦੇ ਇੱਕ ਅਪਰਾਧਿਕ ਮਾਣਹਾਨੀ ਮਾਮਲੇ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ।

ਸੁਖਬੀਰ ਬਾਦਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ ਜਿਸ ਵਿੱਚ ਹਾਈ ਕੋਰਟ ਨੇ ਇਸ ਮਾਮਲੇ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਜਨਵਰੀ 2017 ਵਿੱਚ ਪੰਜਾਬ ਦੇ ਉਪ ਮੁੱਖ ਮੰਤਰੀ ਰਹੇ ਸੁਖਬੀਰ



ਬਾਦਲ ਨੇ ਇੱਕ ਬਿਆਨ ਦਿੱਤਾ ਸੀ। ਇਸ ਬਿਆਨ ਵਿੱਚ ਉਨ੍ਹਾਂ ਨੇ 'ਅਖੰਡ ਕੀਰਤਨੀ ਜਥਾ' ਨਾਮਕ ਧਾਰਮਿਕ ਸੰਸਥਾ ਨੂੰ ਅਤਿਵਾਦੀ ਸੰਗਠਨ 'ਬੱਬਰ ਖਾਲਸਾ ਇੰਟਰਨੈਸ਼ਨਲ' ਦਾ ਸਿਆਸੀ ਵਿੰਗ ਦੱਸਿਆ ਸੀ।

ਇਸ ਤੋਂ ਬਾਅਦ ਸੰਸਥਾ ਦੇ ਮੁੱਖ ਬੁਲਾਰੇ ਨੇ ਸੁਖਬੀਰ ਬਾਦਲ ਖ਼ਿਲਾਫ਼ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਸੁਖਬੀਰ ਬਾਦਲ ਨੇ ਇਹ ਬਿਆਨ ਵੱਖ-ਵੱਖ ਸਿਆਸੀ ਰੈਲੀਆਂ ਅਤੇ ਮੀਡੀਆ ਵਿੱਚ ਦਿੱਤੇ ਸਨ, ਜਿਸ ਨਾਲ ਉਨ੍ਹਾਂ ਦੀ ਬਦਨਾਮੀ ਹੋਈ।

ਬਾਦਲ ਦੇ ਵਕੀਲਾਂ ਨੇ ਹਾਈ ਕੋਰਟ ਵਿੱਚ ਦਲੀਲ ਦਿੱਤੀ ਸੀ ਕਿ ਇਹ ਬਿਆਨ ਮਾਣਹਾਨੀ ਦੇ ਦਾਇਰੇ ਵਿੱਚ ਨਹੀਂ ਆਉਂਦਾ ਅਤੇ ਸ਼ਿਕਾਇਤਕਰਤਾ ਕੋਲ ਸੰਸਥਾ ਵੱਲੋਂ ਕੇਸ ਕਰਨ ਦਾ ਕੋਈ ਅਧਿਕਾਰ ਪੱਤਰ ਵੀ ਨਹੀਂ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ ਜਿਸ ਤੋਂ ਬਾਅਦ ਉਨ੍ਹਾਂ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ।

ਸੁਪਰੀਮ ਕੋਰਟ ਵਿੱਚ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸ਼ੀਲ ਨਾਗੂ ਦੇ ਬੈਂਚ ਸਾਹਮਣੇ ਸੁਖਬੀਰ ਬਾਦਲ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਪੇਸ਼ ਹੋਏ। ਕਪਿਲ ਸਿੱਬਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਸੁਖਬੀਰ ਬਾਦਲ ਨੇ ਆਪਣੇ ਬਿਆਨ ਵਿੱਚ ਕਦੇ ਵੀ ਇਸ ਖਾਸ ਸ਼ਿਕਾਇਤਕਰਤਾ ਦਾ ਨਾਮ ਲੈ ਕੇ ਕੋਈ ਗੱਲ ਨਹੀਂ ਕਹੀ ਸੀ ਅਤੇ ਇਹ ਵੀ ਸਪਸ਼ਟ ਨਹੀਂ ਹੈ ਕਿ ਸ਼ਿਕਾਇਤਕਰਤਾ ਨੂੰ ਅਜਿਹੀ ਸ਼ਿਕਾਇਤ ਕਰਨ ਲਈ ਕਿਸ ਨੇ ਅਧਿਕਾਰ ਦਿੱਤਾ ਹੈ।

ਦੂਜੇ ਪਾਸੇ, ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਜਦੋਂ ਸ਼ਿਕਾਇਤਕਰਤਾ ਨੇ ਖ਼ੁਦ ਨੂੰ ਸੰਸਥਾ ਦਾ ਮੁੱਖ ਬੁਲਾਰਾ ਦੱਸਿਆ ਹੈ ਅਤੇ ਸੰਗਠਨ ਉੱਤੇ ਅਜਿਹੇ ਗੰਭੀਰ ਇਲਜ਼ਾਮ ਲਗਾਏ ਗਏ ਹਨ ਤਾਂ ਇਸ ਮਾਮਲੇ ਨੂੰ ਮੁੱਢੋਂ ਖਾਰਜ ਨਹੀਂ ਕੀਤਾ ਜਾ ਸਕਦਾ। ਦੋਵਾਂ ਪਾਸਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਸੁਖਬੀਰ ਬਾਦਲ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਅਦਾਲਤ ਦੇ ਇਸ ਫ਼ੈਸਲੇ ਨਾਲ ਸੁਖਬੀਰ ਬਾਦਲ ਨੂੰ ਵੱਡੀ ਕਾਨੂੰਨੀ ਰਾਹਤ ਨਹੀਂ ਮਿਲ ਸਕੀ ਅਤੇ ਹੁਣ ਮਾਮਲੇ ਦੀ ਅੱਗੇ ਦੀ ਕਾਰਵਾਈ ਮਜਿਸਟ੍ਰੇਟ ਦੀ ਅਦਾਲਤ ਵਿੱਚ ਚੱਲੇਗੀ।

# ਸੰਸਦ ਮੈਂਬਰ ਗੁਰਜੀਤ ਔਜਲਾ ਦੇ ਰਿਸ਼ਤੇਦਾਰ ਦੇ ਘਰ ਗ੍ਰੇਨੇਡ ਹਮਲਾ; ਦੋ ਔਰਤਾਂ ਸਮੇਤ ਤਿੰਨ ਜ਼ਖ਼ਮੀ



**ਰਾਮਦਾਸ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਸਰਹੱਦੀ ਪਿੰਡ ਜੱਟਾ ਦੇ ਇੱਕ ਘਰ ਉੱਪਰ ਗ੍ਰੇਨੇਡ ਹਮਲਾ ਕੀਤਾ ਗਿਆ, ਜਿਸ ਵਿੱਚ ਦੋ ਔਰਤਾਂ ਸਮੇਤ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ ਹਨ। ਜ਼ਖ਼ਮੀਆਂ ਨੂੰ ਜ਼ੇਰੇ ਇਲਾਜ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਰਾਤ ਪੌਣੇ ਨੌਂ ਵਜੇ ਦੇ ਕਰੀਬ ਪਿੰਡ ਜੱਟਾ ਦੇ ਵਸਨੀਕ ਸਾਬਕਾ ਫ਼ੌਜੀ ਨਿਰਮਲ ਸਿੰਘ ਦੇ ਘਰ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਦੋ ਗ੍ਰੇਨੇਡਾਂ ਨਾਲ ਹਮਲਾ ਕੀਤਾ ਗਿਆ। ਹਮਲੇ ਦੌਰਾਨ ਪਹਿਲਾ ਬੰਬ ਘਰ ਵਿੱਚ ਖੜ੍ਹੀ ਸਵਿਫ਼ਟ ਕਾਰ 'ਤੇ ਵੱਜਾ, ਜਿਸ ਨਾਲ ਉਸ ਦਾ ਭਾਰੀ ਨੁਕਸਾਨ ਹੋਇਆ। ਦੋਸ਼ੀਆਂ ਵੱਲੋਂ ਸੁੱਟੇ ਗਏ ਦੂਜੇ ਬੰਬ, ਜੋ ਘਰ ਦੇ ਵਿਹੜੇ ਵਿੱਚ ਡਿੱਗਿਆ, ਨਾਲ ਨਿਰਮਲ ਸਿੰਘ ਦਾ 30 ਸਾਲਾ ਪੁੱਤਰ ਜਸਪਾਲ ਸਿੰਘ, ਜਸਪਾਲ ਸਿੰਘ ਦੀ ਪਤਨੀ ਮਨਪ੍ਰੀਤ ਕੌਰ ਅਤੇ ਨਿਰਮਲ ਸਿੰਘ ਦੀ ਬੇਟੀ (ਜੋ ਪੇਕੇ ਘਰ ਰਹਿ ਰਹੀ ਹੈ) ਗੰਭੀਰ ਜ਼ਖ਼ਮੀ ਹੋ ਗਏ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਪਿੰਡ ਦੇ ਲੋਕਾਂ ਵਿੱਚ ਹਫ਼ੜਾ-ਦਫ਼ੜੀ ਮਚ ਗਈ।

ਇੱਥੇ ਇਹ ਵਰਨਣਯੋਗ ਹੈ ਕਿ ਇਸ ਦੇ ਨਾਲ ਦਾ ਪਿੰਡ ਗੈਂਗਸਟਰ Happy Passia ਦਾ ਹੈ। ਪੁਲੀਸ ਵੱਲੋਂ ਇਸ ਪੱਖ ਨੂੰ ਵੀ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ। ਨਿਰਮਲ ਸਿੰਘ ਨੇ ਦੱਸਿਆ ਕਿ ਉਸ ਨੂੰ ਕਿਸੇ ਉੱਪਰ ਕੋਈ ਸ਼ੱਕ ਨਹੀਂ ਹੈ ਕਿਉਂਕਿ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਉਸ ਨੇ ਕਿਹਾ ਕਿ ਹਮਲਾਵਰ ਮੋਟਰਸਾਈਕਲ 'ਤੇ ਆਏ ਸਨ ਅਤੇ ਉਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਿੰਡ ਦੇ ਸੀਸੀਟੀਵੀ ਕੈਮਰੇ ਵੀ ਚੈੱਕ ਕੀਤੇ ਜਾ ਰਹੇ ਹਨ ਤਾਂ ਜੋ ਇਸ ਘਟਨਾ ਬਾਰੇ ਜਾਣਕਾਰੀ ਮਿਲ ਸਕੇ।

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਮਹਿਲਾ ਜੱਜਾਂ ਦੀ ਗਿਣਤੀ 19 ਹੋਈ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਸਦੀ ਤੋਂ ਵੱਧ ਪੁਰਾਣੇ ਇਤਿਹਾਸ ਵਿੱਚ ਪਹਿਲੀ ਵਾਰ ਬੈਂਚ ਵਿੱਚ ਮਹਿਲਾ ਜੱਜਾਂ ਦੀ ਗਿਣਤੀ ਵਧ ਕੇ 19 ਤੱਕ ਪਹੁੰਚ ਗਈ ਹੈ। ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਨੌਂ ਵਾਧੂ (ਐਡੀਸ਼ਨਲ) ਜੱਜਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਹੈ, ਜਿਨ੍ਹਾਂ ਵਿੱਚ ਤਿੰਨ ਮਹਿਲਾ ਜੱਜ ਮੋਨਿਕਾ ਛਿੱਬਰ ਸ਼ਰਮਾ, ਪੂਜਾ ਚੋਪੜਾ ਅਤੇ ਦਿਵਿਆ ਸ਼ਰਮਾ ਸ਼ਾਮਲ ਹਨ। ਸਹੁੰ ਚੁੱਕਣ ਵਾਲੇ ਹੋਰ ਜੱਜਾਂ ਵਿੱਚ ਹਰਿਆਣਾ ਦੇ ਐਡਵੋਕੇਟ-ਜਨਰਲ ਪਰਵਿੰਦਰ ਸਿੰਘ ਚੌਹਾਨ ਦੇ ਨਾਲ-ਨਾਲ ਹਰਮੀਤ ਸਿੰਘ ਦਿਓਲ, ਰਾਜੇਸ਼ ਗੌਰ, ਸੁਨੀਸ਼ ਬਿੰਦਲਿਸ਼, ਮਿੰਦਰਜੀਤ ਯਾਦਵ ਅਤੇ ਰਾਵਿੰਦਰ ਮਲਿਕ ਸ਼ਾਮਲ ਹਨ।

ਕੇਂਦਰ ਸਰਕਾਰ ਵੱਲੋਂ ਇਨ੍ਹਾਂ ਦੀ ਨਿਯੁਕਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਹਾਈ ਕੋਰਟ ਵਿੱਚ ਹੋਏ ਸਮਾਗਮ ਦੌਰਾਨ ਮੌਜੂਦਾ ਅਤੇ ਸੇਵਾਮੁਕਤ ਜੱਜ, ਅਧਿਕਾਰੀ ਅਤੇ ਨਵੇਂ ਜੱਜਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ। ਇਸ ਤੋਂ ਪਹਿਲਾਂ ਇਸ ਹਾਈ ਕੋਰਟ ਵਿੱਚ ਸਭ ਤੋਂ ਵੱਧ 18 ਮਹਿਲਾ ਜੱਜ ਹੋਣ ਦਾ ਰਿਕਾਰਡ ਸੀ, ਜਦੋਂ ਕਿ ਇਸ ਤੋਂ ਪਹਿਲਾਂ ਇਹ ਗਿਣਤੀ 13 ਤੱਕ ਵੀ ਰਹੀ ਸੀ। ਮੌਜੂਦਾ ਸਮੇਂ ਵਿੱਚ ਬੈਂਚ 'ਤੇ ਤਾਇਨਾਤ ਹੋਰ ਮਹਿਲਾ ਜੱਜਾਂ ਵਿੱਚ ਜਸਟਿਸ ਅਲਕਾ ਸਰੀਨ, ਜਸਟਿਸ ਅਰਚਨਾ ਪੁਰੀ, ਜਸਟਿਸ ਲਪਿਤਾ ਬੈਨਰਜੀ ਅਤੇ ਹੋਰ ਕਈ ਨਾਮਵਰ ਜੱਜ ਸ਼ਾਮਲ ਹਨ।

ਬੈਂਚ ਵਿੱਚ 19 ਮਹਿਲਾ ਜੱਜਾਂ ਦੀ ਮੌਜੂਦਗੀ ਸੰਸਥਾ ਦੀ ਬਣਤਰ ਵਿੱਚ ਇੱਕ ਵੱਡਾ ਬਦਲਾਅ ਲੈ ਕੇ ਆਈ ਹੈ। ਬੈਂਚ ਵਿੱਚ ਮਹਿਲਾ ਪ੍ਰਤੀਨਿਧਤਾ ਵਧਣ ਨਾਲ ਔਰਤਾਂ, ਬੱਚਿਆਂ ਅਤੇ ਹੋਰ ਮਾਮਲਿਆਂ ਵਿੱਚ ਵਧੇਰੇ ਸੰਵੇਦਨਸ਼ੀਲ ਪਹੁੰਚ ਦੇਖਣ ਨੂੰ ਮਿਲੇਗੀ। ਇਸ ਨੂੰ ਨਿਆਂਪਾਲਿਕਾ ਵਿੱਚ ਵੱਖੋ-ਵੱਖਰੇ ਨਜ਼ਰੀਏ ਨੂੰ ਸੰਤੁਲਿਤ ਕਰਨ ਵੱਲ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

# ਪੰਜਾਬ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਜਿੱਤ ਹਾਸਲ ਕਰੇਗੀ : ਐਡਵੋਕੇਟ ਬਿਕਰਮ ਸਿੰਘ ਸਿੱਧੂ

**ਲੁਧਿਆਣਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੇਂਦਰੀ ਭਾਜਪਾ ਹਾਈਕਮਾਨ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਰਾਸ਼ਟਰੀ ਭਾਜਪਾ ਪ੍ਰਧਾਨ ਸ੍ਰੀ ਨਿਤਿਨ ਨਬੀਨ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਪੰਜਾਬ ਦੀ 2027 ਦੀ ਵਿਧਾਨ ਸਭਾ ਚੋਣ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾ ਰਹੀ ਹੈ। ਪੰਜਾਬ ਤੋਂ ਸ੍ਰੀ ਮਨਪ੍ਰੀਤ ਸਿੰਘ ਬਾਦਲ ਅਤੇ ਸ੍ਰੀ ਤਰੁਣ ਚੁੱਘ ਨੂੰ ਰਾਸ਼ਟਰੀ ਪੱਧਰ 'ਤੇ ਮਿਲੀਆਂ ਅਹਿਮ ਜ਼ਿੰਮੇਵਾਰੀਆਂ ਨਾਲ ਪੰਜਾਬ ਭਾਜਪਾ ਨੂੰ ਹੋਰ ਮਜ਼ਬੂਤੀ ਮਿਲੀ ਹੈ।

ਪੰਜਾਬ ਭਾਜਪਾ ਦੀ ਅਗਵਾਈ ਲਈ ਤਜਰਬੇਕਾਰ ਆਗੂ ਸ੍ਰੀ ਕੇਵਲ ਸਿੰਘ ਢਿੱਲੋਂ, ਪ੍ਰਭਾਰੀ ਡਾ. ਸਤੀਸ਼ ਪੂਨੀਆ ਅਤੇ ਸੰਗਠਨ ਇੰਚਾਰਜ ਮੰਥਰੀ ਸ੍ਰੀਨਿਵਾਸਲੂ ਨੂੰ ਜ਼ਿੰਮੇਵਾਰੀ ਸੌਂਪ ਕੇ ਕੇਂਦਰੀ ਹਾਈਕਮਾਨ ਨੇ ਸੂਬੇ ਵਿੱਚ ਪਾਰਟੀ ਦੇ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਦਾ ਸਪੱਸ਼ਟ ਸੰਦੇਸ਼ ਦਿੱਤਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੁਧਿਆਣਾ ਹਲਕਾ ਪੱਛਮੀ ਤੋਂ ਭਾਜਪਾ ਦੇ ਦਾਅਵੇਦਾਰ ਐਡਵੋਕੇਟ ਬਿਕਰਮ ਸਿੰਘ ਸਿੱਧੂ ਨੇ ਚੋਣਵੇਂ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ 2027 ਦੀ ਵਿਧਾਨ ਸਭਾ ਚੋਣ ਇਸ ਲਈ ਬੇਹੱਦ



ਅਹਿਮ ਹੈ ਕਿਉਂਕਿ ਸੂਬੇ ਦੇ ਲੋਕ ਅਜਿਹੀ ਸਰਕਾਰ ਦੀ ਉਮੀਦ ਕਰ ਰਹੇ ਹਨ ਜੋ ਸਥਿਰ, ਇਮਾਨਦਾਰ, ਜਵਾਬਦੇਹ ਅਤੇ ਪਾਰਦਰਸ਼ੀ ਢੰਗ ਨਾਲ ਪੰਜਾਬ ਦੇ ਹਿੱਤਾਂ ਲਈ ਕੰਮ ਕਰੇ।

ਐਡਵੋਕੇਟ ਸਿੱਧੂ ਨੇ ਕਿਹਾ ਕਿ ਪੰਜਾਬ ਨੂੰ ਸਿਰਫ਼ ਸੱਤਾ ਤਬਦੀਲੀ ਦੀ ਨਹੀਂ, ਸਗੋਂ ਅਜਿਹੀ ਰਾਜਨੀਤਿਕ ਪਾਰਟੀ ਦੀ ਲੋੜ ਹੈ ਜੋ ਪੰਜਾਬ ਦੀਆਂ ਹਕੀਕਤਾਂ, ਲੋਕਾਂ ਦੀਆਂ ਲੋੜਾਂ, ਸਮੱਸਿਆਵਾਂ ਅਤੇ ਭਾਵਨਾਵਾਂ ਨੂੰ ਡੂੰਘਾਈ ਨਾਲ ਸਮਝਦੀ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮਾਜਿਕ, ਧਾਰਮਿਕ ਅਤੇ ਆਰਥਿਕ ਮੁੱਦਿਆਂ ਦੇ ਨਾਲ-ਨਾਲ ਪ੍ਰਵਾਸ ਅਤੇ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਵੀ ਗੰਭੀਰਤਾ ਨਾਲ ਸਮਝਣ ਅਤੇ ਹੱਲ ਕਰਨ ਦੀ ਲੋੜ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਕਰਜ਼ੇ, ਬੇਰੁਜ਼ਗਾਰੀ, ਗੈਂਗਸਟਰਵਾਦ ਅਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਆਮ ਲੋਕਾਂ, ਵਪਾਰੀਆਂ ਅਤੇ ਕਾਰੋਬਾਰੀ ਵਰਗ ਵਿੱਚ ਚਿੰਤਾ ਦਾ ਮਾਹੌਲ ਹੈ। ਫਿਰੌਤੀ ਕਲਚਰ ਨੇ ਵਪਾਰੀ ਵਰਗ ਦੀਆਂ ਮੁਸ਼ਕਲਾਂ ਵਧਾਈਆਂ ਹਨ, ਜਦਕਿ ਮੁਲਾਜ਼ਮ, ਮਜ਼ਦੂਰ, ਬੇਰੁਜ਼ਗਾਰ ਨੌਜਵਾਨ, ਪੈਨਸ਼ਨਰ ਅਤੇ ਕਿਸਾਨ ਜਥੇਬੰਦੀਆਂ ਆਪਣੀਆਂ ਮੰਗਾਂ ਲਈ ਧਰਨੇ ਦੇਣ ਲਈ ਮਜਬੂਰ ਹਨ।

ਐਡਵੋਕੇਟ ਬਿਕਰਮ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਅਜਿਹੀ ਸਰਕਾਰ ਚਾਹੁੰਦੇ ਹਨ ਜੋ ਸੂਬੇ ਵਿੱਚ ਕਾਨੂੰਨ ਦਾ ਰਾਜ, ਰੁਜ਼ਗਾਰ ਦੇ ਮੌਕੇ, ਉਦਯੋਗਿਕ ਵਿਕਾਸ, ਨੌਜਵਾਨਾਂ ਲਈ ਉੱਜਵਲ ਭਵਿੱਖ ਅਤੇ ਹਰ ਵਰਗ ਲਈ ਇਨਸਾਫ਼ ਯਕੀਨੀ ਬਣਾਏ।

ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਵਿੱਚ ਭਾਜਪਾ ਦੀ ਡਬਲ ਇੰਜਣ ਸਰਕਾਰ ਹੀ ਪੰਜਾਬ ਨੂੰ ਵਿਕਾਸ, ਨਿਵੇਸ਼, ਰੁਜ਼ਗਾਰ ਅਤੇ ਖੁਸ਼ਹਾਲੀ ਦੇ ਰਾਹ 'ਤੇ ਮੁੜ ਲਿਜਾਣ ਦੇ ਸਮਰੱਥ ਹੈ।

# ਪੰਜਾਬ ਦੀ ਭਾਈਚਾਰਕ ਸਾਂਝ ਲਈ ਦੋਵਾਂ ਧਿਰਾਂ ਦਾ ਇਕੱਠੇ ਹੋਣਾ ਜ਼ਰੂਰੀ: ਮਜੀਠੀਆ

**ਨਵੀਂ ਦਿੱਲੀ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਅਕਾਲੀ-ਭਾਜਪਾ ਗੱਠਜੋੜ ਨੂੰ ਲੈ ਕੇ ਵੱਡਾ ਬਿਆਨ ਦਿੰਦਿਆਂ ਕਿਹਾ ਹੈ ਕਿ ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਮੁੜ ਇੱਕਜੁੱਟ ਹੋਣ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਬੰਧੀ ਆਉਣ ਵਾਲੇ ਸਮੇਂ ਵਿੱਚ ਸਥਿਤੀ ਪੂਰੀ ਤਰ੍ਹਾਂ ਸਾਫ਼ ਹੋ ਜਾਵੇਗੀ ਅਤੇ ਦੋਵਾਂ ਪਾਰਟੀਆਂ ਦੀ ਉੱਚ ਲੀਡਰਸ਼ਿਪ ਆਪਸ ਵਿੱਚ ਬੈਠ ਕੇ ਇਸ ਬਾਰੇ ਅੰਤਿਮ ਫੈਸਲਾ ਲਵੇਗੀ। ਮਜੀਠੀਆ ਨੇ ਅੱਗੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਵਾਦ ਤੋਂ ਬਾਅਦ ਦੋਵਾਂ ਪਾਰਟੀਆਂ ਦੇ ਰਾਹ ਵੱਖ-ਵੱਖ ਹੋ ਗਏ ਸਨ, ਪਰ ਅੱਜ ਪੰਜਾਬ ਦੀਆਂ ਸਥਿਤੀਆਂ ਬਦਲ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਦਿਨ-ਬ-ਦਿਨ ਵਿਗੜ ਰਹੀ ਕਾਨੂੰਨ ਤੇ ਵਿਵਸਥਾ (ਲਾਅ ਐਂਡ ਆਰਡਰ) ਦੀ ਸਥਿਤੀ ਅਤੇ ਹੋਰ ਗੰਭੀਰ ਮੁੱਦਿਆਂ ਨੂੰ ਦੇਖਦਿਆਂ ਪੰਜਾਬ ਦੇ ਲੋਕ ਇਹ ਮੰਗ ਕਰ ਰਹੇ ਹਨ ਕਿ ਦੋਵਾਂ ਧਿਰਾਂ ਨੂੰ ਮੁੜ ਇੱਕ ਨਾਲ ਆਉਣਾ ਚਾਹੀਦਾ ਹੈ।

ਆਪਣੀ ਭੈਣ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ



ਵੱਲੋਂ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ (NDA) Çਵੱਚ ਵਾਪਸੀ ਦੇ ਦਿੱਤੇ ਸੰਕੇਤ ਤੋਂ ਇੱਕ ਦਿਨ ਬਾਅਦ, ਮਜੀਠੀਆ ਨੇ ਕਿਹਾ ਕਿ ਇਹ ਗੱਠਜੋੜ ਅੱਜ ਸੂਬੇ ਦੇ ਲੋਕਾਂ ਦੀ ਪੁਰਜ਼ੋਰ ਮੰਗ ਹੈ।

ਉਨ੍ਹਾਂ ਕਿਹਾ, ਹਰਸਿਮਰਤ ਕੌਰ ਬਾਦਲ ਨੇ ਸੰਕੇਤ ਦਿੱਤਾ ਹੈ ਅਤੇ ਲੋਕ ਵੀ ਇਹੀ ਚਾਹੁੰਦੇ ਹਨ। ਵਾਜਪਾਈ ਸਾਹਿਬ ਅਤੇ ਬਾਦਲ ਸਾਹਿਬ ਦਾ ਗੱਠਜੋੜ ਭਾਈਚਾਰੇ, ਅਮਨ-ਸ਼ਾਂਤੀ ਅਤੇ ਹਿੰਦੂ-ਸਿੱਖ ਏਕਤਾ 'ਤੇ ਅਧਾਰਿਤ ਸੀ, ਜੋ ਪੰਜਾਬ ਅਤੇ ਕੇਂਦਰ ਦੋਵਾਂ ਥਾਵਾਂ 'ਤੇ ਬੇਹੱਦ ਸਫ਼ਲ ਰਿਹਾ।

ਮਜੀਠੀਆ ਨੇ ਅੱਗੇ ਕਿਹਾ ਕਿ ਖੇਤੀ ਕਾਨੂੰਨਾਂ ਤੋਂ ਬਾਅਦ ਦੋਵਾਂ ਪਾਰਟੀਆਂ ਦੇ ਰਾਹ ਵੱਖ-ਵੱਖ ਹੋ ਗਏ ਸਨ, ਜੋ ਕਿ ਇੱਕ ਇਤਿਹਾਸਕ ਤੱਥ ਹੈ। ਉਨ੍ਹਾਂ ਕਿਹਾ, ਅੱਜ ਪੰਜਾਬ ਦੇ ਸਰਹੱਦੀ ਹਾਲਾਤ, ਬਿਗੜ ਰਹੀ ਲਾਅ ਐਂਡ ਆਰਡਰ ਸਥਿਤੀ, ਹੋਰ ਮੁੱਖ ਮੁੱਦਿਆਂ, ਵਿਕਾਸ ਅਤੇ ਰੁਜ਼ਗਾਰ ਨੂੰ ਦੇਖਦਿਆਂ ਲੋਕ ਮੰਗ ਕਰ ਰਹੇ ਹਨ ਕਿ ਸਾਨੂੰ ਮੁੜ ਇੱਕਠੇ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਹਰਸਿਮਰਤ ਕੌਰ ਬਾਦਲ ਨੇ ਵੀ ਬੀਤੇ ਦਿਨ ਬਿਆਨ ਦਿੱਤਾ ਸੀ ਕਿ ਪੰਜਾਬ ਦੇ ਵਿਕਾਸ, ਪ੍ਰਗਤੀ ਅਤੇ ਲੋਕਾਂ ਦੀ ਭਲਾਈ ਲਈ ਜੋ ਗੱਠਜੋੜ ਪਹਿਲਾਂ ਮਦਦਗਾਰ ਸਾਬਤ ਹੋਏ ਸਨ, ਉਨ੍ਹਾਂ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ।

# ਪਬਲਿਕ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਬਗੈਰ ਕਿਸੇ ਡਰ ਭੈ ਦੇ ਅੱਗੇ ਆਏਂ: ਐਸ.ਪੀ. ਇੰਨਵੈਸਟੀਗੇਸਨ ਦਵਿੰਦਰ ਅੱਤਰੀ

**ਪਟਿਆਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੋਸਲਿਗ ਸੈਲ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਨੂੰ ਹੋਰ ਤੇਜ਼ ਅਤੇ ਅਸਰਦਾਰ ਬਣਾਉਣ ਦੇ ਮਕਸਦ ਨਾਲ ਐਸ.ਪੀ. ਇੰਨਵੈਸਟੀਗੇਸਨ ਪਟਿਆਲਾ ਦਵਿੰਦਰ ਅੱਤਰੀ ਅਤੇ ਐਸ.ਪੀ. ਪੀ.ਬੀ.ਆਈ. ਪਟਿਆਲਾ ਰਾਜੇਸ਼ ਛਿੱਬਰ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ।

ਮੀਟਿੰਗ ਦੌਰਾਨ ਪੰਜਾਬ ਵਿੱਚ ਨਸ਼ੇ ਦੇ ਵੱਧ ਰਹੇ ਪ੍ਰਕੋਪ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਨੂੰ ਲੈ ਕੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ, ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਵੱਲੋਂ ਚਲਾਇਆ ਜਾ ਰਿਹਾ ਇੱਕ ਰਾਸ਼ਟਰੀ ਪੱਧਰ ਦਾ ਅਭਿਆਨ ਹੈ, ਜਿਸਦਾ ਮੁੱਖ ਉਦੇਸ਼ ਦੇਸ਼ ਅਤੇ ਸਟੇਟ ਨੂੰ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਅਭਿਆਨ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਲਈ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਵੀ ਕੀਤੀ । ਇਸ ਮੌਕੇ ਐਸ ਪੀ ਦਵਿੰਦਰ ਅੱਤਰੀ ਅਤੇ ਐਸ ਪੀ ਰਾਜੇਸ਼ ਛਿੱਬਰ ਨੇ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਨਹੀਂ ਸਗੋਂ ਪੂਰੇ ਪਰਿਵਾਰ ਅਤੇ ਸਮਾਜ ਦੀ ਤਬਾਹੀ ਦਾ ਕਾਰਨ ਬਣਦਾ ਹੈ।

ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਪੁਲਿਸ, ਪ੍ਰਸ਼ਾਸਨ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕ ਇੱਕ ਮੰਚ ਤੇ ਆ ਕੇ ਇਸ ਬੁਰਾਈ ਵਿਰੁੱਧ ਲੜਨ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਪਿੰਡ ਪੱਧਰ ਤੇ ਜਾਗਰੂਕਤਾ ਸੈਮੀਨਾਰ, ਖੇਡ ਗਤੀਵਿਧੀਆਂ ਅਤੇ ਕਾਊਂਸਲਿੰਗ ਕੈਂਪ ਲਗਾਏ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਅਤੇ ਚੰਗੇ ਕੰਮਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ।

# ਸੀਵਰੇਜ ਬੰਦ ਹੋਣ ਕਾਰਨ ਕਲੋਨੀ ਵਾਸੀ ਪਰੇਸ਼ਾਨ, ਬਿਮਾਰੀਆਂ ਫੈਲਣ ਦਾ ਖਦਸ਼ਾ; ਨਗਰ ਨਿਗਮ ਕਮਿਸ਼ਨਰ ਨੇ ਦਿੱਤਾ ਜਲਦ ਹੱਲ ਦਾ ਭਰੋਸਾ






**ਪਟਿਆਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

:ਪਟਿਆਲਾ ਸ਼ਹਿਰ ਦੀ ਇੱਕ ਕਲੋਨੀ ਵਿੱਚ ਲੰਬੇ ਸਮੇਂ ਤੋਂ ਸੀਵਰੇਜ ਬੰਦ ਹੋਣ ਕਾਰਨ ਕਰੀਬ 200 ਘਰਾਂ ਦੇ ਵਸਨੀਕ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਕਲੋਨੀ ਵਾਸੀਆਂ ਦਾ ਦੋਸ਼ ਹੈ ਕਿ ਸੀਵਰੇਜ ਦਾ ਗੰਦਾ ਪਾਣੀ ਅਤੇ ਗੰਦਗੀ ਕਾਰਨ ਇਲਾਕੇ ਵਿੱਚ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ ਅਤੇ ਖਾਸ ਕਰਕੇ ਬਜ਼ੁਰਗਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਲੋਨੀ ਵਾਸੀਆਂ ਨੇ ਇਕੱਠੇ ਹੋ ਕੇ ਨਗਰ ਨਿਗਮ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਉਹ ਲੰਬੇ ਸਮੇਂ ਤੋਂ ਸੀਵਰੇਜ ਦੀ ਸਮੱਸਿਆ ਸਬੰਧੀ ਸ਼ਿਕਾਇਤਾਂ ਦੇ ਰਹੇ ਹਨ, ਪਰ ਇਸ ਦੇ ਬਾਵਜੂਦ ਸਮੱਸਿਆ ਦਾ ਸਥਾਈ ਹੱਲ ਨਹੀਂ ਕੀਤਾ ਗਿਆ।

ਵਸਨੀਕਾਂ ਨੇ ਪੈਟਰੋਲ ਪੰਪ ਅਤੇ ਇੱਕ ਨਿੱਜੀ ਹੋਟਲ ਦੇ ਕਮਰਸ਼ੀਅਲ ਸੀਵਰੇਜ ਕਨੈਕਸ਼ਨ ਨੂੰ ਰਿਹਾਇਸ਼ੀ ਕਨੈਕਸ਼ਨ ਵਿੱਚ ਜੋੜੇ ਜਾਣ ਦੇ ਦੋਸ਼ਾਂ ਦੀ ਵੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਕਮਰਸ਼ੀਅਲ ਕਨੈਕਸ਼ਨਾਂ ਨੂੰ ਨਿਯਮਾਂ ਦੇ ਉਲਟ ਰਿਹਾਇਸ਼ੀ ਕਨੈਕਸ਼ਨਾਂ ਨਾਲ ਜੋੜਿਆ ਗਿਆ ਹੈ ਤਾਂ ਇਸ ਦੀ ਜ਼ਿੰਮੇਵਾਰੀ ਤੈਅ ਕਰਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਕਲੋਨੀ ਵਾਸੀਆਂ ਨੇ ਇਹ ਵੀ ਕਿਹਾ ਕਿ ਇਹ ਇਲਾਕਾ ਪਟਿਆਲਾ ਦੇ ਡਿਪਟੀ ਮੇਅਰ ਦੇ ਵਾਰਡ ਨਾਲ ਸਬੰਧਤ ਹੋਣ ਦੇ ਬਾਵਜੂਦ ਸਮੱਸਿਆ ਦਾ ਜਾਇਜ਼ਾ ਲੈਣ ਲਈ ਵਾਰਡ ਵਿੱਚ ਨਿਯਮਿਤ ਤੌਰ 'ਤੇ ਦੌਰਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਮੁਤਾਬਕ ਸੀਵਰੇਜ ਬੰਦ ਹੋਣ ਕਾਰਨ ਗੰਦਾ ਪਾਣੀ ਖੜ੍ਹਾ ਰਹਿੰਦਾ ਹੈ, ਜਿਸ ਨਾਲ ਬਜ਼ੁਰਗਾਂ ਸਮੇਤ ਹੋਰ ਲੋਕਾਂ ਨੂੰ ਵੀ ਸਿਹਤ ਸਬੰਧੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਸਨੀਕਾਂ ਨੇ ਦਾਅਵਾ ਕੀਤਾ ਕਿ ਕਲੋਨੀ ਵਿੱਚ ਕਈ ਪਰਿਵਾਰ ਗੰਭੀਰ ਬਿਮਾਰੀਆਂ ਨਾਲ ਵੀ ਜੂਝ ਰਹੇ ਹਨ ਅਤੇ ਕੁਝ ਘਰਾਂ ਵਿੱਚ ਕੈਂਸਰ ਦੇ ਮਰੀਜ਼ ਹੋਣ ਦੀ ਗੱਲ ਕਹੀ ਹੈ। ਹਾਲਾਂਕਿ ਇਨ੍ਹਾਂ ਬਿਮਾਰੀਆਂ ਦਾ ਸੀਵਰੇਜ ਦੀ ਸਮੱਸਿਆ ਨਾਲ ਸਿੱਧਾ ਸਬੰਧ ਹੋਣ ਦੀ ਪੁਸ਼ਟੀ ਅਜੇ ਨਹੀਂ ਹੋਈ ਹੈ।

ਨਗਰ ਨਿਗਮ ਕਮਿਸ਼ਨਰ ਨੇ ਦਿੱਤਾ ਜਲਦ ਹੱਲ ਦਾ ਭਰੋਸਾ

ਇਸ ਮਾਮਲੇ ਸਬੰਧੀ ਜਦੋਂ ਨਗਰ ਨਿਗਮ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਮੱਸਿਆ ਦੇ ਹੱਲ ਲਈ ਨਗਰ ਨਿਗਮ ਦੀਆਂ ਟੀਮਾਂ ਮੌਕੇ 'ਤੇ ਕੰਮ ਕਰ ਰਹੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਕੁਝ ਸਮੇਂ ਵਿੱਚ ਸੀਵਰੇਜ ਦੀ ਸਮੱਸਿਆ ਨੂੰ ਦੂਰ ਕਰ ਦਿੱਤਾ ਜਾਵੇਗਾ।

ਕਮਿਸ਼ਨਰ ਨੇ ਇਹ ਵੀ ਕਿਹਾ ਕਿ ਪੈਟਰੋਲ ਪੰਪ ਅਤੇ ਨਿੱਜੀ ਹੋਟਲ ਦੇ ਸੀਵਰੇਜ ਕਨੈਕਸ਼ਨਾਂ ਦੀ ਵੀ ਜਲਦ ਜਾਂਚ ਕਰਵਾਈ ਜਾਵੇਗੀ।

ਹੁਣ ਦੇਖਣਾ ਹੋਵੇਗਾ ਕਿ ਨਗਰ ਨਿਗਮ ਵੱਲੋਂ ਸੀਵਰੇਜ ਦੀ ਇਸ ਗੰਭੀਰ ਸਮੱਸਿਆ ਦਾ ਕਿੰਨੀ ਜਲਦੀ ਸਥਾਈ ਹੱਲ ਕੀਤਾ ਜਾਂਦਾ ਹੈ ਅਤੇ ਕਮਰਸ਼ੀਅਲ ਕਨੈਕਸ਼ਨਾਂ ਸਬੰਧੀ ਲਗਾਏ ਗਏ ਦੋਸ਼ਾਂ ਦੀ ਜਾਂਚ ਵਿੱਚ ਕੀ ਤੱਥ ਸਾਹਮਣੇ ਆਉਂਦੇ ਹਨ।

# ਫੈਂਟਾਸਟਿਕ ਗਰਲਜ਼ ਗਰੁੱਪ ਨੇ ਗੁਰੂਬਖਸ਼ ਕਾਲੋਨੀ ਦੇ ਟੈਂਕੀ ਵਾਲੇ ਪਾਰਕ ਵਿੱਚ ਹਰਿਆਲੀ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ



**ਪਟਿਆਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

'ਫੈਂਟਾਸਟਿਕ ਗਰਲਜ਼ ਗਰੁੱਪ' ਵੱਲੋਂ ਗੁਰੂਬਖਸ਼ ਕਾਲੋਨੀ ਸਥਿਤ ਟੈਂਕੀ ਵਾਲੇ ਪਾਰਕ, ਪਟਿਆਲਾ ਵਿੱਚ ਹਰਿਆਲੀ ਤੀਜ ਦਾ ਪਵਿੱਤਰ ਤਿਉਹਾਰ ਬਹੁਤ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸ਼ਾਨਦਾਰ ਪ੍ਰੋਗਰਾਮ ਦਾ ਸਫਲ ਆਯੋਜਨ ਗਰੁੱਪ ਦੀਆਂ ਆਯੋਜਕ ਸ਼੍ਰੀਮਤੀ ਬਿਮਲਾ ਵਰਮਾ (Bimla Verma), ਸ਼੍ਰੀਮਤੀ ਸੁਨੀਤਾ ਹਸੀਜਾ ਅਤੇ ਸ਼੍ਰੀਮਤੀ ਆਸ਼ਾ ਖੱਤਰੀ ਦੀ ਯੋਗ ਅਗਵਾਈ ਹੇਠ ਸੰਪੰਨ ਹੋਇਆ।

ਪ੍ਰੋਗਰਾਮ ਵਿੱਚ ਲਗਭਗ 45 ਔਰਤਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਰਵਾਇਤੀ ਪਹਿਰਾਵੇ ਵਿੱਚ ਸਜੀਆਂ-ਧਜੀਆਂ ਔਰਤਾਂ ਨੇ ਤੀਜ ਦੇ ਰਵਾਇਤੀ ਗੀਤਾਂ 'ਤੇ ਜਮ ਕੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ, ਜਿਸ ਨਾਲ ਪੂਰਾ ਪਾਰਕ ਉਤਸਵ ਦੇ ਰੰਗੀਨ ਮਾਹੌਲ ਵਿੱਚ ਝੂਮ ਉੱਠਿਆ।

ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਐਮ.ਸੀ. ਸ਼੍ਰੀਮਤੀ ਰੂਪਾਲੀ ਗਰਗ ਜੀ ਨੇ ਸ਼ਿਰਕਤ ਕੀਤੀ। ਆਯੋਜਕਾਂ ਵੱਲੋਂ ਮੁੱਖ ਮਹਿਮਾਨ ਸ਼੍ਰੀਮਤੀ ਰੂਪਾਲੀ ਗਰਗ ਜੀ ਨੂੰ ਯਾਦਗਾਰੀ ਚਿੰਨ੍ਹ (ਮੋਮੈਂਟੋ) ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਸਾਰੀਆਂ ਹਾਜ਼ਰ ਔਰਤਾਂ ਲਈ ਸੁਆਦੀ ਖਾਣ-ਪੀਣ ਅਤੇ ਸੁੰਦਰ ਤੋਹਫ਼ਿਆਂ ਦਾ ਬਿਹਤਰੀਨ ਪ੍ਰਬੰਧ ਕੀਤਾ ਗਿਆ ਸੀ। ਇਸ ਸਫਲ ਅਤੇ ਆਨੰਦਮਈ ਆਯੋਜਨ ਦੇ ਅੰਤ ਵਿੱਚ ਸਮੂਹ ਦੀਆਂ ਮੈਂਬਰਾਂ ਨੇ ਹਰ ਸਾਲ ਇਸੇ ਤਰ੍ਹਾਂ ਇਕਜੁੱਟ ਹੋ ਕੇ ਤੀਜ ਦਾ ਤਿਉਹਾਰ ਮਨਾਉਣ ਦਾ ਸੰਕਲਪ ਵੀ ਲਿਆ।

ਆਯੋਜਕਾਂ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਾਰੀਆਂ ਹਾਜ਼ਰ ਔਰਤਾਂ ਦਾ ਤਹਿ ਦਿਲੋਂ ਧੰਨਵਾਦ ਅਤੇ ਆਭਾਰ ਪ੍ਰਗਟ ਕੀਤਾ।

# ਵੱਲਭ ਭਾਈ ਪਟੇਲ ਨੂੰ 562 ਰਿਆਸਤਾਂ ਨੂੰ ਇੱਕਜੁੱਟ ਕਰਕੇ ਭਾਰਤ ਨੂੰ ਇੱਕ ਮਜ਼ਬੂਤ ਰਾਸ਼ਟਰ ਬਣਾਉਣ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ : ਬਾਜਵਾ




**ਪਟਿਆਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਕੈਰੀਅਰ ਡਿਫੈਂਸ ਸਕੂਲ ਵਿਖੇ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਦੇਸ਼ ਦੇ ਲੋਹ ਪੁਰਸ਼, ਭਾਰਤ ਰਤਨ ਸਰਦਾਰ ਵੱਲਭ ਭਾਈ ਪਟੇਲ ਜੀ ਦੀ 151ਵੀਂ ਜਯੰਤੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ।

ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਿੰਸੀਪਲ ਤਰਨਜੋਤ ਸੰਧੂ ਨੇ ਕੀਤੀ। ਇਸ ਮੌਕੇ ਐਡੀਮੀਟੇਟਰ ਅਫ਼ਸਰ ਗਗਨ ਵਧਵਾ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਵਰਿੰਦਰ ਸਿੰਘ ਖਰੋੜ ਡੈਟਾ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੀ ਹਾਜ਼ਰ ਸਨ।

ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਰਦਾਰ ਪਟੇਲ ਜੀ ਨੂੰ ਸਿਰਫ ਇੱਕ ਆਜ਼ਾਦੀ ਘੁਲਾਟੀਏ ਵਜੋਂ ਹੀ ਨਹੀਂ ਬਲਕਿ ਆਧੁਨਿਕ ਅਤੇ ਅਖੰਡ ਭਾਰਤ ਦੇ ਨਿਰਮਾਤਾ ਵਜੋਂ ਯਾਦ ਕੀਤਾ ਜਾਂਦਾ ਹੈ। ਆਜ਼ਾਦੀ ਤੋਂ ਬਾਅਦ 562 ਰਿਆਸਤਾਂ ਨੂੰ ਇੱਕਜੁੱਟ ਕਰਕੇ ਭਾਰਤ ਨੂੰ ਇੱਕ ਮਜ਼ਬੂਤ ਰਾਸ਼ਟਰ ਬਣਾਉਣ ਦਾ ਜੋ ਇਤਿਹਾਸਕ ਕਾਰਜ ਉਹਨਾਂ ਨੇ ਕੀਤਾ, ਉਹ ਹਮੇਸ਼ਾ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣਿਆ ਰਹੇਗਾ।

ਉਹਨਾਂ ਕਿਹਾ ਕਿ ਉਹਨਾਂ ਦੀ ਦ੍ਰਿੜਤਾ, ਅਨੁਸ਼ਾਸਨ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਕਰਕੇ ਹੀ ਉਹਨਾਂ ਨੂੰ ਲੋਹ ਪੁਰਸ਼ ਕਿਹਾ ਜਾਂਦਾ ਹੈ।

ਉਹਨਾਂ ਅੱਗੇ ਕਿਹਾ ਕਿ ਪਟਿਆਲਾ ਪੁਲਿਸ ਵੱਲੋਂ ਸਾਂਝ ਕੇਂਦਰਾਂ ਰਾਹੀਂ ਸਰਦਾਰ ਪਟੇਲ ਜੀ ਦੇ ਏਕ ਭਾਰਤ, ਸ਼੍ਰੇਸ਼ਠ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਸਾਂਝ ਕੇਂਦਰ ਪੁਲਿਸ ਅਤੇ ਪਬਲਿਕ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਹਨ, ਜਿੱਥੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਆਪਸੀ ਭਾਈਚਾਰੇ ਅਤੇ ਵਿਸ਼ਵਾਸ ਨਾਲ ਕੀਤਾ ਜਾਂਦਾ ਹੈ, ਜੋ ਕਿ ਰਾਸ਼ਟਰੀ ਏਕਤਾ ਦੀ ਹੀ ਇੱਕ ਮਿਸਾਲ ਹੈ। ਉਹਨਾਂ ਕਿਹਾ ਕਿ ਸਾਂਝ ਕੇਂਦਰਾਂ ਦੀਆਂ ਸੇਵਾਵਾਂ ਜਿਵੇਂ ਕਿ ਪੁਲਿਸ ਕਲੀਅਰੈਂਸ, ਪਾਸਪੋਰਟ ਵੈਰੀਫਿਕੇਸ਼ਨ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ, ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀ ਮਦਦ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਸਰਦਾਰ ਪਟੇਲ ਜੀ ਦੇ ਜਨਮ ਦਿਵਸ ਨੂੰ ਅਸੀਂ ਹਰ ਸਾਲ 31 ਅਕਤੂਬਰ ਨੂੰ ਰਾਸ਼ਟਰੀ ਏਕਤਾ ਦਿਵਸ ਵਜੋਂ ਮਨਾਉਂਦੇ ਹਾਂ ਅਤੇ ਇਸ ਵਾਰ 151ਵੀਂ ਜਯੰਤੀ ਨੂੰ ਸਮਰਪਿਤ ਸਾਲ ਭਰ ਵੱਖ-ਵੱਖ ਜਾਗਰੂਕਤਾ ਪ੍ਰੋਗਰਾਮ ਉਲੀਕੇ ਜਾ ਰਹੇ ਹਨ।

ਸੈਮੀਨਾਰ ਵਿੱਚ ਵਿਦਿਆਰਥੀਆਂ ਵੱਲੋਂ ਸਰਦਾਰ ਪਟੇਲ ਜੀ ਦੇ ਜੀਵਨ ਤੇ ਭਾਸ਼ਣ, ਕਵਿਤਾਵਾਂ ਅਤੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵੀ ਹਿੱਸਾ ਲਿਆ ਗਿਆ।

ਅੰਤ ਵਿੱਚ ਸਾਰੇ ਹਾਜ਼ਰੀਨ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਸਹੁੰ ਚੁਕਾਈ ਗਈ ਅਤੇ ਸਾਂਝ ਕੇਂਦਰਾਂ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਣ ਲਿਆ ਗਿਆ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਵੀ ਚੱਲਣ ਦਾ ਪ੍ਰਣ ਲਿਆ।ਪ੍ਰੋਗਰਾਮ ਦੇ ਅੰਤ ਤੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# ਸੁਤੰਤਰਤਾ ਦਿਵਸ ਮੌਕੇ ਫਿਟਨੈੱਸ ਅਤੇ ਸਮਾਜ ਸੇਵਾ ਲਈ 'ਫਨ ਆਨ ਵ੍ਹੀਲਜ' ਕਲੱਬ ਦੇ ਪ੍ਰਧਾਨ ਅਮਰਿੰਦਰ ਸਿੰਘ (ਮਿਲਨ) ਦਾ ਵਿਸ਼ੇਸ਼ ਸਨਮਾਨ



**ਪਟਿਆਲਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਤੰਤਰਤਾ ਦਿਵਸ ਮੌਕੇ ਸਮਾਜ ਵਿੱਚ ਫਿਟਨੈੱਸ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਰੰਤਰ ਯੋਗਦਾਨ ਪਾਉਣ ਵਾਲੇ ਫਨ ਆਨ ਵ੍ਹੀਲਜ' ਕਲੱਬ ਦੇ ਪ੍ਰਧਾਨ ਅਮਰਿੰਦਰ ਸਿੰਘ (ਮਿਲਨ) ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਵਿਧਾਇਕ ਪਟਿਆਲਾ ਸ. ਅਜੀਤਪਾਲ ਸਿੰਘ ਕੋਹਲੀ ਵੱਲੋਂ ਪ੍ਰਦਾਨ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਤੇ ਐਸ.ਐਸ.ਪੀ. ਵਰੁਣ ਸ਼ਰਮਾ ਵੀ ਮੌਜੂਦ ਸਨ।

ਪ੍ਰਧਾਨ ਅਮਰਿੰਦਰ ਸਿੰਘ ਵੱਲੋਂ 'ਫਨ ਆਨ ਵ੍ਹੀਲਜ' ਰਾਹੀਂ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਸਿਹਤਮੰਦ ਜੀਵਨ-ਸ਼ੈਲੀ, ਨਿਯਮਤ ਕਸਰਤ ਅਤੇ ਫਿਟਨੈੱਸ ਪ੍ਰਤੀ ਜਾਗਰੂਕ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਕਲੱਬ ਵੱਲੋਂ ਸਮਾਜ ਸੇਵਾ ਨਾਲ ਜੁੜੀਆਂ ਵੱਖ-ਵੱਖ ਗਤੀਵਿਧੀਆਂ ਰਾਹੀਂ ਲੋਕਾਂ ਨੂੰ ਸਿਹਤਮੰਦ, ਸਰਗਰਮ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਜੀਵਨ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਸਨਮਾਨ ਉਪਰੰਤ ਪ੍ਰਧਾਨ ਅਮਰਿੰਦਰ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪ੍ਰਸਾਸ਼ ?ਨ ਵੱਲੋਂ ਸਨਮਾਨਿਤ ਹੋ ਕੇ ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਫਿਟਨੈੱਸ ਅਤੇ ਸਮਾਜ ਸੇਵਾ ਲਈ 'ਫਨ ਆਨ ਵ੍ਹੀਲਜ' ਰਾਹੀਂ ਕੀਤੀ ਜਾ ਰਹੀ ਮੇਰੀ ਛੋਟੀ ਜਿਹੀ ਕੋਸ਼ਿਸ਼ ਨੂੰ ਮਿਲੀ ਇਹ ਮਾਨਤਾ ਮੇਰੇ ਲਈ ਬਹੁਤ ਵੱਡੀ ਪ੍ਰੇਰਣਾ ਹੈ। ਇਹ ਸਨਮਾਨ ਮੈਨੂੰ ਹੋਰ ਵੀ ਉਤਸ਼ਾਹ ਨਾਲ ਸਮਾਜ ਲਈ ਕੰਮ ਕਰਨ ਦੀ ਤਾਕਤ ਦੇਵੇਗਾ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਮਾੜੀਆਂ ਆਦਤਾਂ ਤੋਂ ਦੂਰ ਰੱਖਣ ਲਈ ਖੇਡਾਂ ਅਤੇ ਫਿਟਨੈੱਸ ਨੂੰ ਜੀਵਨ ਦਾ ਹਿੱਸਾ ਬਣਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਭਵਿੱਖ ਵਿੱਚ ਵੀ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਆਪਣੀਆਂ ਗਤੀਵਿਧੀਆਂ ਨੂੰ ਹੋਰ ਵਿਆਪਕ ਕਰਨ ਦਾ ਸੰਕਲਪ ਪ੍ਰਗਟਾਇਆ।

# ਪਾਤੜਾਂ ਬਲਾਕ ਦੇ ਪਿੰਡ ਲਾਲਵਾ ਅਤੇ ਢੰਡਿਆਲ ਰੋਡ ਵਿੱਚ ਦਿਖਾਈ ਗਈ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ



**ਪਾਤੜਾਂ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਪਾਤੜਾਂ ਬਲਾਕ ਦੇ ਪਿੰਡ ਲਾਲਵਾ ਅਤੇ ਢੰਡਿਆਲ ਰੋਡ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਸ਼ਾਂਤਮਈ ਪ੍ਰਦਸ਼ਨਕਾਰੀਆਂ 'ਤੇ ਪੁਲਿਸ ਵਧੀਕੀਆਂ, ਮਨੁੱਖੀ ਅਧਿਕਾਰਾਂ ਦਾ ਘਾਣ: ਪੰਜਾਬ ਮਨੁੱਖੀ ਅਧਿਕਾਰ ਸੰਗਠਨ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀਐੱਚਆਰਓ) ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਪਿਛਲੇ ਕਈ ਸਾਲਾਂ ਤੋਂ ਸ਼ਾਂਤਮਈ ਸੰਘਰਸ਼ ਕਰ ਰਹੇ ਕੌਮੀ ਇਨਸਾਫ਼ ਮੋਰਚੇ ਦੇ ਪ੍ਰਦਰਸ਼ਨਕਾਰੀਆਂ ਉੱਤੇ ਚੰਡੀਗੜ੍ਹ ਪੁਲਿਸ ਵੱਲੋਂ ਲਾਠੀਚਾਰਜ ਅਤੇ ਅੱਥਰੂ ਗੈਸ ਦੀ ਵਰਤੋਂ ਦੀ ਸਖ਼ਤ ਨਿੰਦਾ ਕੀਤੀ ਹੈ। ਸੰਗਠਨ ਨੇ ਕਿਹਾ ਕਿ ਆਪਣੇ ਹੱਕਾਂ ਅਤੇ ਇਨਸਾਫ਼ ਦੀ ਮੰਗ ਲਈ ਸ਼ਾਂਤਮਈ ਰੋਸ-ਮੁਜ਼ਾਹਰਾ ਲੋਕਤੰਤਰੀ ਅਧਿਕਾਰ ਹੈ, ਜਿਸ ਨੂੰ ਪੁਲਿਸ ਤਾਕਤ ਨਾਲ ਦਬਾਉਣਾ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਹੈ।

ਸੰਗਠਨ ਨੇ ਕਿਹਾ ਕਿ ਬੰਦੀ ਸਿੰਘਾਂ ਨਾਲ ਸਬੰਧਿਤ ਮਸਲੇ ਰਾਜਨੀਤਿਕ ਹਨ, ਇਸ ਕਰਕੇ ਸਰਕਾਰਾਂ ਨੂੰ ਕਾਨੂੰਨ, ਇਨਸਾਫ਼ ਅਤੇ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਅਨੁਸਾਰ ਹੀ ਉਨ੍ਹਾਂ ਦੇ ਫ਼ੈਸਲੇ ਕਰਨੇ ਚਾਹੀਦੇ ਹਨ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀਐੱਚਆਰਓ) ਨੇ ਸੰਘਰਸ਼ ਨਾਲ ਜੁੜੇ ਵੱਖ-ਵੱਖ ਆਗੂਆਂ ਅਤੇ ਕਾਰਕੁਨਾਂ ਵਿਰੁੱਧ ਪੁਲਿਸ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਅਤੇ ਮੰਗ ਕੀਤੀ ਕਿ ਜੇਕਰ ਕਿਸੇ ਵਿਅਕਤੀ ਵਿਰੁੱਧ ਕੋਈ ਅਪਰਾਧਿਕ ਦੋਸ਼ ਹੈ ਤਾਂ ਉਸ ਦੀ ਨਿਰਪੱਖ ਜਾਂਚ ਕੀਤੀ ਜਾਵੇ, ਪਰ ਸੰਘਰਸ਼ ਨੂੰ ਦਬਾਉਣ ਲਈ ਪੁਲਿਸ ਕੇਸਾਂ ਦੀ ਗਲਤ ਵਰਤੋਂ ਨਾ ਕੀਤੀ ਜਾਵੇ।

**ਪੰਜਾਬ ਸਰਕਾਰ ਤੋਂ ਜਵਾਬਦੇਹੀ ਦੀ ਮੰਗ**

ਸੰਗਠਨ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਉੱਠ ਰਹੇ ਗੰਭੀਰ ਸਵਾਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉੱਥੇ ਸਰਕਾਰ ਨੂੰ ਪਾਰਦਰਸ਼ਤਾ ਅਤੇ ਨਿਰਪੱਖਤਾ ਯਕੀਨੀ ਬਣਾਉਣੀ ਚਾਹੀਦੀ ਹੈ। ਸੰਗਠਨ ਨੇ ਰੇਪ ਦੇ ਮਾਮਲੇ ਵਿੱਚ ਇਨਸਾਫ਼ ਦੀ ਪ੍ਰਕਿਰਿਆ ਅਤੇ ਇਸ ਨਾਲ ਜੁੜੇ ਪੈਸੇ ਦੇ ਲੈਣ-ਦੇਣ ਅਤੇ ਮੁੱਖ ਮੰਤਰੀ ਦੇ ਪਰਿਵਾਰ ਨਾਲ ਕਥਿਤ ਸਬੰਧਾਂ ਸਬੰਧੀ ਉੱਠ ਰਹੇ ਸਵਾਲਾਂ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ। ਸੰਗਠਨ ਨੇ ਸਪਸ਼ਟ ਕੀਤਾ ਕਿ ਕਿਸੇ ਵੀ ਵਿਅਕਤੀ ਉੱਤੇ ਦੋਸ਼ ਨੂੰ ਤੱਥਾਂ ਅਤੇ ਕਾਨੂੰਨੀ ਜਾਂਚ ਤੋਂ ਬਿਨਾ ਸੱਚ ਨਹੀਂ ਮੰਨਿਆ ਜਾ ਸਕਦਾ, ਪਰ ਜਨਤਕ ਜੀਵਨ ਨਾਲ ਜੁੜੇ ਮਾਮਲਿਆਂ ਵਿੱਚ ਉੱਠ ਰਹੇ ਸਵਾਲਾਂ ਦਾ ਸਰਕਾਰ ਵੱਲੋਂ ਤਸੱਲੀਬਖ਼ਸ਼ ਜਵਾਬ ਦੇਣਾ ਲਾਜ਼ਮੀ ਹੈ।

ਇਸੇ ਤਰ੍ਹਾਂ, ਅੰਮ੍ਰਿਤਸਰ ਵਿਖੇ ਮੁੱਖ ਮੰਤਰੀ ਨਾਲ ਕਥਿਤ ਤੌਰ 'ਤੇ ਜੁੜੇ ਇੱਕ ਕਾਰੋਬਾਰੀ ਵੱਲੋਂ ਫੌਜੀ ਛਾਉਣੀ ਦੇ ਵਰਜਿਤ ਖੇਤਰਾਂ ਵਿੱਚ ਹੋਟਲ ਦੀ ਉਸਾਰੀ ਸਬੰਧੀ ਉੱਠੇ ਵਿਵਾਦ ਬਾਰੇ ਵੀ ਸੰਗਠਨ ਨੇ ਸਾਰੇ ਤੱਥਾਂ ਨੂੰ ਜਨਤਕ ਕਰਨ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਸਰਕਾਰੀ ਅਹੁਦਿਆਂ ਨਾਲ ਜੁੜੇ ਵਿਅਕਤੀਆਂ ਜਾਂ ਉਨ੍ਹਾਂ ਦੇ ਨਜ਼ਦੀਕੀ ਲੋਕ ਜੋ ਇਸ ਵਿਵਾਦ ਦੇ ਘੇਰੇ ਵਿੱਚ ਹਨ, ਵਿਰੁੱਧ ਐਕਸ਼ਨ ਲਿਆ ਜਾਣਾ ਚਾਹੀਦਾ ਹੈ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀਐੱਚਆਰਓ) ਨੇ ਅੰਬਾਲਾ ਦੇ ਪੰਜੋਖਰਾ ਸਾਹਿਬ ਨਾਲ ਸਬੰਧਿਤ ਮਾਮਲੇ ਵਿੱਚ ਹਰਿਆਣਾ ਦੀ ਸੰਗਤ ਉੱਤੇ ਹੋਏ ਪੁਲਿਸ ਲਾਠੀਚਾਰਜ ਦੀ ਨਿੰਦਾ ਕੀਤੀ ਹੈ। ਸੰਗਠਨ ਨੇ ਕਿਹਾ ਕਿ ਧਾਰਮਿਕ ਅਤੇ ਸਮਾਜਿਕ ਮਸਲਿਆਂ ਨੂੰ ਸ਼ਾਂਤਮਈ ਢੰਗ ਨਾਲ ਹੱਲ ਕਰਨ ਦੀ ਬਜਾਏ ਪੁਲਿਸ ਬਲ ਦੀ ਵਰਤੋਂ ਕਰਕੇ ਹਾਲਾਤ ਨੂੰ ਹੋਰ ਗੰਭੀਰ ਬਣਾਇਆ ਹੈ।

ਸੰਗਠਨ ਨੇ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਪੁਲਿਸ ਦੀ ਕਾਰਵਾਈ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਸਿੱਖਾਂ ਵਿਰੁੱਧ ਝੂਠੇ ਜਾਂ ਬਦਲੇ ਦੀ ਭਾਵਨਾ ਨਾਲ ਦਰਜ ਕੀਤੇ ਕੇਸ ਨੂੰ ਤੁਰੰਤ ਵਾਪਸ ਲਿਆ ਜਾਵੇ। ਨਾਗਰਿਕਾਂ ਵੱਲੋਂ ਆਵਾਜ਼ ਉਠਾਉਣ ਦੇ ਮਸਲੇ ਨੂੰ ਪੁਲਿਸ ਧਮਕੀਆਂ ਜਾਂ ਝੂਠੇ ਮੁਕੱਦਮਿਆਂ ਦਾ ਡਰਾਵਾ ਦੇ ਕੇ ਦਬਾਉਣਾ ਨਹੀਂ ਚਾਹੀਦਾ।

# ਅਗਰਵਾਲ ਸਭਾ ਨਾਭਾ ਵੱਲੋਂ ਸਥਾਨਕ ਮਹਾਰਾਜਾ ਅਗਰਸੈਨ ਪਾਰਕ ਵਿਖੇ 'ਤੀਜ ਮਹਾਂਉਤਸਵ' ਮਨਾਇਆ ਗਿਆ



**ਨਾਭਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਸਭਾ ਨਾਭਾ ਵੱਲੋਂ ਸਥਾਨਕ ਮਹਾਰਾਜਾ ਅਗਰਸੈਂਨ ਪਾਰਕ ਵਿਖੇ ਸਭਾ ਦੇ ਪ੍ਰਧਾਨ ਰਾਜੇਸ਼ ਬਾਂਸਲ ਬੱਬੂ ਦੀ ਅਗਵਾਈ ਹੇਠ ਸਭਾ ਦੇ ਮੈਂਬਰਾਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ 'ਤੀਜ ਮਹਾਂਉਤਸਵ' ਮਿਠੜੀਆਂ ਯਾਦਾਂ ਨਾਲ ਅੱਜ ਸਮਾਪਤ ਹੋ ਗਿਆ, ਜਿਸ ਦੇ ਅਖੀਰਲੇ ਦਿਨ ਸੁਰਜੀਤ ਚਮਕੀਲਾ ਬਨੇਰੇ ਵਾਲੇ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਨੂੰ ਹਾਜ਼ਰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਸਮਾਗਮ ਦੇ ਅਖੀਰਲੇ ਦਿਨ ਅਗਰਵਾਲ ਸਭਾ ਦੇ ਮੈਂਬਰਾਂ, ਮਹਿਲਾਵਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਤੀਜ ਦੇ ਤਿਉਹਾਰ ਦਾ ਅਨੰਦ ਮਾਣਿਆ। ਅਗਰਵਾਲ ਸਭਾ ਦੇ ਪ੍ਰਧਾਨ ਰਾਜੇਸ਼ ਬਾਂਸਲ ਬੱਬੂ,ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਨ ਗੁਪਤਾ ਅਤੇ ਚੇਅਰਮੈਨ ਰਮਨ ਸਿੰਗਲਾ ਨੇ ਦੱਸਿਆ ਕਿ ਤੀਜ ਮਹਾਂਉਤਸਵ ਦੌਰਾਨ ਰਵਾਇਤੀ ਤੀਜ ਸੱਭਿਆਚਾਰ, ਮਨੋਰੰਜਕ ਖੇਡਾਂ, ਝੂਲਾ, ਸੈਲਫੀ ਪੁਆਇੰਟ, ਸੁਆਦਲੇ ਪਕਵਾਨ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਲਗਭਗ ਸਾਰੇ ਹੀ 11 ਦਿਨ ਖਿੱਚ ਦਾ ਕੇਂਦਰ ਰਹੀਆਂ।

ਸਮਾਗਮ ਦੌਰਾਨ ਮਹਿਲਾਵਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਪੂਰੇ ਉਤਸ਼ਾਹ ਨਾਲ ਭਾਗ ਲੈਂਦੇ ਹੋਏ ਇਸ ਤੀਜ ਮਹਾਂਉਤਸਵ ਨੂੰ ਯਾਦਗਾਰ ਬਣਾਇਆ ਗਿਆ। ਅੱਜ ਸਮਾਗਮ ਦੇ ਅਖੀਰਲੇ ਦਿਨ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਆਗੂ ਬਰਿੰਦਰ ਬਿੱਟੂ ਵੱਲੋਂ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼ਿਰਕਤ ਕੀਤੀ ਗਈ। ਸਾਰੇ ਹੀ ਆਗੂਆਂ ਵੱਲੋਂ ਸਾਂਝੇ ਤੌਰ ਤੇ ਅਗਰਵਾਲ ਸਭਾ ਵੱਲੋਂ ਕਰਵਾਏ ਗਏ ਇਸ ਸਮਾਗਮ ਦੀ ਸਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਆਪਸੀ ਭਾਈਚਾਰਕ ਸਾਂਝ ਨੂੰ ਵਧਾਉਂਦੇ ਹਨ। ਇਸ ਮੌਕੇ ਜਨਰਲ ਸਕੱਤਰ ਅਸ਼ੋਕ ਕੁਮਾਰ ਜਿੰਦਲ, ਯੂਥ ਵਿੰਗ ਪ੍ਰਧਾਨ ਵਿਕਾਸ ਗੋਇਲ, ਸੁਰਿੰਦਰ ਗੁਪਤਾ ਸਾਬਕਾ ਪ੍ਰਧਾਨ ਆੜਤੀਆ ਐਸੋਸੀਏਸ਼ਨ,ਭਾਜਪਾ ਆਗੂ ਗੋਗੀ ਟਿਵਾਣਾ, ਮਹਿਲਾ ਵਿੰਗ ਪ੍ਰਧਾਨ ਰੇਨੂੰ ਜੈਨ, ਮਨੀ ਗੁਪਤਾ, ਸੁਰਿੰਦਰ ਗਰਗ ਐਮਡੀ ਸਰਦਾਰ ਸੋਲਵੇਕਸ, ਪਰਮਿੰਦਰ ਗੁਪਤਾ, ਕੈਸ਼ੀਅਰ ਮੋਹਨ ਲਾਲ, ਅਸ਼ੋਕ ਗੋਇਲ, ਇੰਦਰਜੀਤ ਸਿੰਘ ਚੀਕੂ ਬੂਹੀ,ਵਿਵੇਕ ਸਿੰਗਲਾ ਸਹਿਰੀ ਬਲਾਕ ਪ੍ਰਧਾਨ ਕਾਂਗਰਸ,ਗਿਰਧਾਰੀ ਲਾਲ ਬਾਂਸਲ, ਵਿਕਾਸ ਮਿੱਤਲ, ਸਾਬਕਾ ਪ੍ਰਧਾਨ ਸੰਨੀ ਸਿੰਗਲਾ,ਅਸ਼ੋਕ ਸਿੰਗਲਾ ਅਜਨੋਦੇ ਵਾਲੇ, ਸੰਜੀਵ ਜਿੰਦਲ, ਪ੍ਰਮੋਦ ਜਿੰਦਲ, ਅਮਰੀਕ ਸਿੰਘ ਗਿੱਲ,ਸਾਬਕਾ ਪ੍ਰਧਾਨ ਪਵਨ ਗਰਗ, ਨਿਧੀ,ਮਹਿਲਾ ਵਿੰਗ ਸਕੱਤਰ ਮੋਨਿਕਾ ਜਿੰਦਲ, ਦਿਵਿਆ ਜੈਨ, ਪੂਜਾ ਗੁਪਤਾ, ਮੋਨਿਕਾ ਬਾਂਸਲ, ਸ਼ਹਿਰ ਦੇ ਸਮੂਹ ਕੌਂਸਲਰ ਅਤੇ ਅਗਰਵਾਲ ਸਭਾ ਦੇ ਮੈਂਬਰ ਅਤੇ ਮਹਿਲਾ ਵਿੰਗ ਦੀਆਂ ਔਰਤਾਂ ਆਪਣੇ ਪਰਿਵਾਰਾਂ ਸਮੇਤ ਮੌਜੂਦ ਸਨ।

# ਵਿਧਾਇਕ ਭਰਾਜ ਦੀ ਹਾਜ਼ਰੀ 'ਚ ਪਰਦੀਪ ਕੁਮਾਰ ਮਿੱਤਲ ਨੇ ਸੰਭਾਲਿਆ ਮਾਰਕੀਟ ਕਮੇਟੀ ਭਵਾਨੀਗੜ੍ਹ ਦੇ ਚੇਅਰਮੈਨ ਦਾ ਅਹੁਦਾ



**ਭਵਾਨੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੀਟ ਕਮੇਟੀ ਭਵਾਨੀਗੜ੍ਹ ਦੇ ਨਵ-ਨਿਯੁਕਤ ਚੇਅਰਮੈਨ ਪਰਦੀਪ ਕੁਮਾਰ ਮਿੱਤਲ ਨੇ ਅੱਜ ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਦੀ ਹਾਜ਼ਰੀ ਵਿੱਚ ਰਸਮੀ ਤੌਰ 'ਤੇ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ, ਵਰਕਰਾਂ, ਪੰਚਾਂ-ਸਰਪੰਚਾਂ, ਆੜ੍ਹਤੀਆਂ, ਵਪਾਰੀਆਂ ਅਤੇ ਇਲਾਕਾ ਵਾਸੀਆਂ ਨੇ ਸ਼ਮੂਲੀਅਤ ਕਰਦਿਆਂ ਨਵ-ਨਿਯੁਕਤ ਚੇਅਰਮੈਨ ਨੂੰ ਵਧਾਈ ਦਿੱਤੀ।

ਅਹੁਦਾ ਸੰਭਾਲਣ ਤੋਂ ਪਹਿਲਾਂ ਪਰਦੀਪ ਕੁਮਾਰ ਮਿੱਤਲ ਨੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਆਪਣੀ ਨਵੀਂ ਜ਼ਿੰਮੇਵਾਰੀ ਦੀ ਸ਼ੁਰੂਆਤ ਕੀਤੀ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਅਤੇ ਲੋਕਾਂ ਦੇ ਸਹਿਯੋਗ ਨਾਲ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਸਮਰਪਣ ਨਾਲ ਨਿਭਾਉਣਗੇ।

ਇਸ ਮੌਕੇ ਮੁੱਖ ਮੰਤਰੀ ਪੰਜਾਬ ਦੇ OSD ਰਾਜਵੀਰ ਸਿੰਘ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਪਰਦੀਪ ਕੁਮਾਰ ਮਿੱਤਲ ਨੂੰ ਚੇਅਰਮੈਨ ਦਾ ਅਹੁਦਾ ਸੰਭਾਲਣ 'ਤੇ ਮੁਬਾਰਕਬਾਦ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਉਹ ਮਾਰਕੀਟ ਕਮੇਟੀ ਭਵਾਨੀਗੜ੍ਹ ਦੇ ਕੰਮਕਾਜ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਦੇ ਨਾਲ-ਨਾਲ ਕਿਸਾਨਾਂ ਅਤੇ ਮੰਡੀ ਨਾਲ ਜੁੜੇ ਹਰ ਵਰਗ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਰਗਰਮੀ ਨਾਲ ਕੰਮ ਕਰਨਗੇ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪਰਦੀਪ ਕੁਮਾਰ ਮਿੱਤਲ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀ ਦਾ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਅਤੇ ਵਪਾਰੀ ਵਰਗ ਨਾਲ ਸਿੱਧਾ ਸਬੰਧ ਹੁੰਦਾ ਹੈ, ਇਸ ਲਈ ਇਸ ਅਹੁਦੇ 'ਤੇ ਰਹਿੰਦਿਆਂ ਹਰ ਵਰਗ ਦੀ ਸਹੂਲਤ ਅਤੇ ਸਮੱਸਿਆਵਾਂ ਦੇ ਸਮੇਂ ਸਿਰ ਹੱਲ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।

ਵਿਧਾਇਕ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀ ਭਲਾਈ ਲਈ ਵਚਨਬੱਧ ਹੈ। ਸੂਬੇ ਦੀਆਂ ਮੰਡੀਆਂ ਵਿੱਚ ਕਿਸਾਨਾਂ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਦੇ ਨਾਲ-ਨਾਲ ਫ਼ਸਲਾਂ ਦੀ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਹਲਕਾ ਸੰਗਰੂਰ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਅਤੇ ਇਲਾਕੇ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਮੁੱਖ ਤਰਜੀਹ ਹੈ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਮੰਡੀ ਬੋਰਡ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨਵ-ਨਿਯੁਕਤ ਚੇਅਰਮੈਨ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਮਾਰਕੀਟ ਕਮੇਟੀ ਭਵਾਨੀਗੜ੍ਹ ਦੇ ਵਿਕਾਸ ਅਤੇ ਇਸ ਅਧੀਨ ਆਉਂਦੀਆਂ ਮੰਡੀਆਂ ਦੀਆਂ ਲੋੜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਇਸ ਦੌਰਾਨ ਨਵ-ਨਿਯੁਕਤ ਚੇਅਰਮੈਨ **ਪਰਦੀਪ ਕੁਮਾਰ ਮਿੱਤਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਲੀਡਰਸ਼ਿਪ, ਵਿਧਾਇਕ ਨਰਿੰਦਰ ਕੌਰ ਭਰਾਜ ਅਤੇ ਪੰਜਾਬ ਮੰਡੀ ਬੋਰਡ ਦਾ ਉਨ੍ਹਾਂ 'ਤੇ ਭਰੋਸਾ ਪ੍ਰਗਟਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਸੇਵਾ ਸਮਝ ਕੇ ਨਿਭਾਉਣਗੇ ਅਤੇ ਮਾਰਕੀਟ ਕਮੇਟੀ ਭਵਾਨੀਗੜ੍ਹ ਨੂੰ ਹੋਰ ਬਿਹਤਰ ਢੰਗ ਨਾਲ ਚਲਾਉਣ ਲਈ ਸਾਰਿਆਂ ਨੂੰ ਨਾਲ ਲੈ ਕੇ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀ ਵਿੱਚ ਲਿਆਉਣ ਸਮੇਂ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ, ਮੰਡੀ ਵਿੱਚ ਸਫ਼ਾਈ, ਪੀਣ ਵਾਲੇ ਪਾਣੀ, ਰੋਸ਼ਨੀ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਸੁਚਾਰੂ ਢੰਗ ਨਾਲ ਮਿਲਣ ਅਤੇ ਆੜ੍ਹਤੀਆਂ, ਮਜ਼ਦੂਰਾਂ ਤੇ ਵਪਾਰੀ ਵਰਗ ਨਾਲ ਸਬੰਧਤ ਮਸਲਿਆਂ ਦਾ ਸਮੇਂ ਸਿਰ ਹੱਲ ਹੋਵੇ, ਇਸ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਮਾਰਕੀਟ ਕਮੇਟੀ ਦਾ ਕੰਮ ਪਾਰਦਰਸ਼ੀ ਢੰਗ ਨਾਲ ਅਤੇ ਲੋਕ ਹਿੱਤ ਨੂੰ ਮੁੱਖ ਰੱਖ ਕੇ ਕੀਤਾ ਜਾਵੇਗਾ।

ਸਮਾਗਮ ਦੌਰਾਨ ਵੱਖ-ਵੱਖ ਪਿੰਡਾਂ ਅਤੇ ਭਵਾਨੀਗੜ੍ਹ ਸ਼ਹਿਰ ਤੋਂ ਪਹੁੰਚੇ ਪਾਰਟੀ ਆਗੂਆਂ, ਪੰਚਾਂ-ਸਰਪੰਚਾਂ, ਵਰਕਰਾਂ, ਆੜ੍ਹਤੀ ਅਤੇ ਵਪਾਰੀ ਭਾਈਚਾਰੇ ਦੇ ਨੁਮਾਇੰਦਿਆਂ ਅਤੇ ਇਲਾਕਾ ਵਾਸੀਆਂ ਵੱਲੋਂ ਪਰਦੀਪ ਕੁਮਾਰ ਮਿੱਤਲ ਦਾ ਸਨਮਾਨ ਕਰਦਿਆਂ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

ਅੰਤ ਵਿੱਚ ਪਰਦੀਪ ਕੁਮਾਰ ਮਿੱਤਲ ਨੇ ਸਮਾਗਮ ਵਿੱਚ ਪਹੁੰਚੇ ਸਮੂਹ ਪਤਵੰਤਿਆਂ ਅਤੇ ਇਲਾਕਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਰਕੀਟ ਕਮੇਟੀ ਭਵਾਨੀਗੜ੍ਹ ਨਾਲ ਸਬੰਧਤ ਹਰ ਵਿਅਕਤੀ ਲਈ ਉਨ੍ਹਾਂ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣਗੇ ਅਤੇ ਸਾਰਿਆਂ ਦੇ ਸਹਿਯੋਗ ਨਾਲ ਮਾਰਕੀਟ ਕਮੇਟੀ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕੀਤਾ ਜਾਵੇਗਾ।

# ਜਦੋਂ ਮੁੱਖ ਮੰਤਰੀ ਦੇ ਦਰਵਾਜ਼ੇ 'ਤੇ ਪਹੁੰਚਦੀ ਹੈ ਉਮੀਦ, ਤਾਂ ਸਰਕਾਰ ਦੀਆਂ ਯੋਜਨਾਵਾਂ ਨੂੰ ਮਿਲਦੀ ਹੈ ਨਵੀਂ ਰਫ਼ਤਾਰ

## ਦੇਰ ਰਾਤ ਤੱਕ ਆਮ ਜਨਤਾ ਨਾਲ ਮੁਲਾਕਾਤ, ਬਜ਼ੁਰਗਾਂ ਦੀ ਘਰ ਵਿੱਚ ਦੇਖਭਾਲ, ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਅਤੇ ਨਸ਼ੇ ਤੋਂ ਪ੍ਰਭਾਵਿਤ ਨੌਜਵਾਨਾਂ ਦੇ ਮੁੜ-ਵਸੇਬੇ ਵਰਗੇ ਮੁੱਦੇ - ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਜਨ ਕਲਿਆਣ ਦਾ ਬਦਲਦਾ ਚਿਹਰਾ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਤ ਦਾ ਸਮਾਂ ਹੈ, ਮੁੱਖ ਮੰਤਰੀ ਨਿਵਾਸ 'ਸੰਤ ਕਬੀਰ ਕੁਟੀਰ' 'ਤੇ ਨਾਇਬ ਸਿੰਘ ਸੈਣੀ ਦੇ ਸਾਹਮਣੇ ਹੱਥਾਂ ਵਿੱਚ ਕਾਗਜ਼ ਫੜ ਕੇ ਲੋਕ ਆਪਣੀਆਂ ਸਮੱਸਿਆਵਾਂ ਅਤੇ ਉਮੀਦਾਂ ਲੈ ਕੇ ਖੜ੍ਹੇ ਹਨ। ਕਿਸੇ ਨੂੰ ਆਪਣੀ ਧੀ ਦੇ ਭਵਿੱਖ ਦੀ ਚਿੰਤਾ ਹੈ, ਕੋਈ ਪਰਿਵਾਰ ਦੀ ਆਰਥਿਕ ਪ੍ਰੇਸ਼ਾਨੀ ਲੈ ਕੇ ਆਇਆ ਹੈ, ਤਾਂ ਕੋਈ ਸਰਕਾਰੀ ਯੋਜਨਾ ਦਾ ਲਾਭ ਮਿਲਣ ਦੀ ਆਸ ਲਾਈ ਬੈਠਾ ਹੈ। ਸਮਾਂ ਅੱਗੇ ਵਧਦਾ ਜਾਂਦਾ ਹੈ, ਪਰ ਮੁਲਾਕਾਤਾਂ ਦਾ ਸਿਲਸਿਲਾ ਥੰਮਦਾ ਨਹੀਂ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇੱਕ-ਇੱਕ ਕਰਕੇ ਲੋਕਾਂ ਨੂੰ ਮਿਲਦੇ ਹਨ। ਚਿਹਰੇ 'ਤੇ ਸਹਿਜ ਮੁਸਕਰਾਹਟ, ਸਾਹਮਣੇ ਖੜ੍ਹੇ ਵਿਅਕਤੀ ਦੀ ਗੱਲ ਧਿਆਨ ਨਾਲ ਸੁਣਨਾ ਅਤੇ ਸਮੱਸਿਆ ਦੇ ਹੱਲ ਲਈ ਅਧਿਕਾਰੀਆਂ ਨੂੰ ਤੁਰੰਤ ਨਿਰਦੇਸ਼ ਦੇਣਾ—ਇਹ ਦ੍ਰਿਸ਼ ਹੁਣ ਹਰਿਆਣਾ ਵਿੱਚ ਮੁੱਖ ਮੰਤਰੀ ਅਤੇ ਆਮ ਜਨਤਾ ਵਿਚਕਾਰ ਸਿੱਧੇ ਸੰਵਾਦ ਦੀ ਪਛਾਣ ਬਣਦਾ ਜਾ ਰਿਹਾ ਹੈ। ਮੁੱਖ ਮੰਤਰੀ ਅਤੇ ਆਮ ਜਨਤਾ ਵਿਚਕਾਰ ਦਾ ਇਹ ਸਿੱਧਾ ਸੰਵਾਦ ਸਰਕਾਰ ਦੀ ਲੋਕ-ਭਲਾਈ ਸੋਚ ਨੂੰ ਯੋਜਨਾਵਾਂ ਦੀ ਜ਼ਮੀਨ ਨਾਲ ਜੋੜ ਰਿਹਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਨੇ ਸਮਾਜਿਕ ਸੁਰੱਖਿਆ ਅਤੇ ਲੋਕ-ਭਲਾਈ ਨੂੰ ਸਿਰਫ਼ ਬਜਟ ਘੋਸ਼ਣਾਵਾਂ ਤੱਕ ਸੀਮਤ ਰੱਖਣ ਦੀ ਬਜਾਏ ਉਨ੍ਹਾਂ ਨੂੰ ਯੋਗ ਲੋਕਾਂ ਦੇ ਜੀਵਨ ਵਿੱਚ ਅਸਲ ਬਦਲਾਅ ਦਾ ਮਾਧਿਅਮ ਬਣਾਉਣ 'ਤੇ ਜ਼ੋਰ ਦਿੱਤਾ ਹੈ। ਮਹਿਲਾਵਾਂ ਤੋਂ ਲੈ ਕੇ ਸੀਨੀਅਰ ਸਿਟੀਜ਼ਨਾਂ ਅਤੇ ਨਸ਼ੇ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਤੱਕ, ਸਰਕਾਰ ਦੀਆਂ ਕਈ ਪਹਿਲਾਂ ਇਸੇ ਸੋਚ ਨੂੰ ਅੱਗੇ ਵਧਾ ਰਹੀਆਂ ਹਨ।

**ਇੱਕ ਯੋਜਨਾ, ਲੱਖਾਂ ਮਹਿਲਾਵਾਂ ਲਈ ਆਰਥਿਕ ਸਹਾਰਾ**

ਹਰਿਆਣਾ ਦੀਆਂ ਮਹਿਲਾਵਾਂ ਲਈ 'ਦੀਨਦਿਆਲ ਲਾਡੋ ਲਕਸ਼ਮੀ ਯੋਜਨਾ' ਆਰਥਿਕ ਆਤਮਨਿਰਭਰਤਾ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਬਣ ਕੇ ਸਾਹਮਣੇ ਆਈ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਯੋਜਨਾ ਦਾ ਦਾਇਰਾ ਵਧਾਉਂਦੇ ਹੋਏ ਯੋਗਤਾ ਲਈ ਸਾਲਾਨਾ ਆਮਦਨ ਦੀ ਸੀਮਾ 1 ਲੱਖ ਰੁਪਏ ਤੋਂ ਵਧਾ ਕੇ 1.80 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਹੈ। ਇਹ ਬਦਲਾਅ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਆਮਦਨ ਸੀਮਾ ਵਧਣ ਨਾਲ ਵੱਡੀ ਗਿਣਤੀ ਵਿੱਚ ਵਾਧੂ ਮਹਿਲਾਵਾਂ ਯੋਜਨਾ ਦੇ ਦਾਇਰੇ ਵਿੱਚ ਆ ਸਕਣਗੀਆਂ। ਯੋਜਨਾ ਤਹਿਤ ਮੌਜੂਦਾ ਸਮੇਂ ਵਿੱਚ ਲਗਭਗ 10 ਲੱਖ ਮਹਿਲਾਵਾਂ ਨੂੰ ਪ੍ਰਤੀ ਮਹੀਨਾ 2,100 ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਹੈ। ਸਰਕਾਰ ਲਈ ਹੁਣ ਸਿਰਫ਼ ਸਹਾਇਤਾ ਦੇਣ ਤੱਕ ਸੀਮਤ ਰਹਿਣਾ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਵੀ ਹੈ ਕਿ ਕੋਈ ਵੀ ਯੋਗ ਮਹਿਲਾ ਜਾਣਕਾਰੀ, ਦਸਤਾਵੇਜ਼ ਜਾਂ ਅਰਜ਼ੀ ਪ੍ਰਕਿਰਿਆ ਦੀ ਗੁੰਝਲਤਾ ਕਾਰਨ ਲਾਭ ਤੋਂ ਵਾਂਝੀ ਨਾ ਰਹਿ ਜਾਵੇ। ਇਸੇ ਉਦੇਸ਼ ਤਹਿਤ ਯੋਗ ਮਹਿਲਾਵਾਂ ਦਾ ਡਾਟਾ ਇਕੱਠਾ ਕਰਨ, ਬੈਂਕ ਖਾਤਿਆਂ ਦੀ ਤਸਦੀਕ, ਅਰਜ਼ੀ ਪ੍ਰਣਾਲੀ ਵਿੱਚ ਜ਼ਰੂਰੀ ਬਦਲਾਅ ਅਤੇ ਵਿਆਪਕ ਜਨ-ਜਾਗਰੂਕਤਾ ਮੁਹਿੰਮ ਦੀ ਕਾਰਜਯੋਜਨਾ ਤਿਆਰ ਕੀਤੀ ਗਈ ਹੈ। ਇਸ ਪਹਿਲ ਦੇ ਪਿੱਛੇ ਸੰਦੇਸ਼ ਸਾਫ਼ ਹੈ, ਮਹਿਲਾ ਸਸ਼ਕਤੀਕਰਨ ਦਾ ਅਰਥ ਸਿਰਫ਼ ਯੋਜਨਾਵਾਂ ਵਿੱਚ ਨਾਮ ਜੋੜਨਾ ਨਹੀਂ, ਸਗੋਂ ਮਹਿਲਾਵਾਂ ਨੂੰ ਆਰਥਿਕ ਫ਼ੈਸਲੇ ਲੈਣ ਵਿੱਚ ਵਧੇਰੇ ਸਮਰੱਥ ਬਣਾਉਣਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਇਹ ਕਹਿ ਕੇ ਵਿਰੋਧੀ ਧਿਰ ਦੇ ਗੁਮਰਾਹਕੁੰਨ ਪ੍ਰਚਾਰ 'ਤੇ ਰੋਕ ਲਾਈ ਹੈ ਕਿ ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਲੈ ਰਹੀ ਕਿਸੇ ਵੀ ਮਾਂ-ਭੈਣ ਜਾਂ ਧੀ ਨੂੰ ਹੋਰ ਕਿਸੇ ਵੀ ਯੋਜਨਾ ਦੇ ਲਾਭ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਮਾਜ ਦੀ ਸਭ ਤੋਂ ਤਜ਼ਰਬੇਕਾਰ ਪੀੜ੍ਹੀ ਲਈ ਵੀ ਨਵੀਂ ਸੋਚ ਨਾਲ ਕਦਮ ਪੁੱਟਿਆ ਹੈ। ਸੀਨੀਅਰ ਸਿਟੀਜ਼ਨਾਂ ਲਈ ਘਰ ਵਿੱਚ ਦੇਖਭਾਲ ਅਤੇ ਮੁੱਢਲੀ ਡਾਕਟਰੀ ਸਹਾਇਤਾ ਦੀ ਵਿਵਸਥਾ ਨੂੰ ਮਜ਼ਬੂਤ ਕਰਨ ਦੀ ਪਹਿਲ ਕਰਦਿਆਂ ਪ੍ਰਦੇਸ਼ ਵਿੱਚ 1,000 ਕੇਅਰ ਗੀਵਰਸ (ਦੇਖਭਾਲ ਸਹਾਇਕ) ਤਿਆਰ ਕੀਤੇ ਜਾਣਗੇ। ਇਹ ਪਹਿਲ ਉਸ ਬਦਲਦੀ ਸਮਾਜਿਕ ਸਥਿਤੀ ਦਾ ਜਵਾਬ ਹੈ, ਜਿੱਥੇ ਕਈ ਸੀਨੀਅਰ ਸਿਟੀਜ਼ਨਾਂ ਨੂੰ ਘਰ ਵਿੱਚ ਹੀ ਨਿਯਮਤ ਦੇਖਭਾਲ ਅਤੇ ਸਹਿਯੋਗ ਦੀ ਲੋੜ ਹੁੰਦੀ ਹੈ।

ਇਸ ਦੇ ਨਾਲ ਹੀ ਪ੍ਰਦੇਸ਼ ਵਿੱਚ 'ਸੀਨੀਅਰ ਸਿਟੀਜ਼ਨ ਵੈਲਫੇਅਰ ਕਲੱਬ' ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਦੇਸ਼ ਸਿਰਫ਼ ਸਿਹਤ ਸੰਬੰਧੀ ਸਹਾਇਤਾ ਦੇਣਾ ਨਹੀਂ, ਸਗੋਂ ਸੀਨੀਅਰ ਸਿਟੀਜ਼ਨਾਂ ਨੂੰ ਸਮਾਜਿਕ ਜੁੜਾਅ, ਸਨਮਾਨ ਅਤੇ ਸੁਰੱਖਿਆ ਦਾ ਬਿਹਤਰ ਮਾਹੌਲ ਮੁਹੱਈਆ ਕਰਵਾਉਣਾ ਹੈ। ਮੁੱਖ ਮੰਤਰੀ ਦਾ ਸੰਦੇਸ਼ ਸਪੱਸ਼ਟ ਹੈ—ਸੀਨੀਅਰ ਸਿਟੀਜ਼ਨ ਸਮਾਜ 'ਤੇ ਬੋਝ ਨਹੀਂ, ਸਗੋਂ ਤਜ਼ਰਬੇ ਅਤੇ ਸੰਸਕਾਰਾਂ ਦੀ ਅਨਮੋਲ ਧਰੋਹਰ ਹਨ।

ਸੀਨੀਅਰ ਸਿਟੀਜ਼ਨਾਂ ਦੀ ਦੇਖਭਾਲ ਦੀ ਇਸ ਨਵੀਂ ਵਿਵਸਥਾ ਨੂੰ ਮਜ਼ਬੂਤ ਆਧਾਰ ਦੇਣ ਲਈ ਵਿਸ਼ਵਕਰਮਾ ਸਕਿੱਲ ਯੂਨੀਵਰਸਿਟੀ ਅਤੇ ਓ.ਪੀ. ਜਿੰਦਲ ਯੂਨੀਵਰਸਿਟੀ ਨੂੰ ਸਿਖਲਾਈ ਸੰਸਥਾਵਾਂ ਵਜੋਂ ਚਿੰਨ੍ਹਿਤ ਕੀਤਾ ਗਿਆ ਹੈ। ਇਨ੍ਹਾਂ ਸੰਸਥਾਵਾਂ ਵਿੱਚ ਦੋ ਪੜਾਵਾਂ ਵਿੱਚ 500-500 ਸਿਖਿਆਰਥੀਆਂ ਨੂੰ ਤਿਆਰ ਕਰਨ ਦੀ ਯੋਜਨਾ ਬਣਾਈ ਗਈ ਹੈ। ਸਿਖਲਾਈ ਵਿੱਚ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਪਹਿਲ ਦਿੱਤੀ ਜਾਵੇਗੀ। ਯਾਨੀ ਇੱਕ ਪਹਿਲ ਨਾਲ ਦੋ ਉਦੇਸ਼ ਪੂਰੇ ਕਰਨ ਦੀ ਕੋਸ਼ਿਸ਼ ਹੈ—ਸੀਨੀਅਰ ਸਿਟੀਜ਼ਨਾਂ ਨੂੰ ਸਿਖਲਾਈ ਪ੍ਰਾਪਤ ਦੇਖਭਾਲਕਰਤਾ ਉਪਲਬਧ ਕਰਵਾਉਣਾ ਅਤੇ ਨੌਜਵਾਨਾਂ ਅਤੇ ਮਹਿਲਾਵਾਂ ਲਈ ਨਵੇਂ ਹੁਨਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ।

ਨਸ਼ੇ ਦੀ ਸਮੱਸਿਆ ਤੋਂ ਪ੍ਰਭਾਵਿਤ ਲੋਕਾਂ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਿਰਫ਼ ਕਾਰਵਾਈ ਅਤੇ ਰੋਕਥਾਮ ਤੱਕ ਸੀਮਤ ਰਹਿਣ ਦੀ ਬਜਾਏ ਇਲਾਜ, ਮੁੜ-ਵਸੇਬੇ ਅਤੇ ਸਮਾਜਿਕ ਮੁੜ-ਸਥਾਪਨਾ ਦੇ ਨਵੇਂ ਆਯਾਮਾਂ ਤੱਕ ਪਹੁੰਚਾਉਣ ਦੀ ਪਹਿਲ ਕੀਤੀ ਹੈ। ਮੁੱਖ ਮੰਤਰੀ ਨੇ ਜਨਤਕ-ਨਿੱਜੀ ਭਾਈਵਾਲੀ ਮਾਡਲ ਰਾਹੀਂ ਨਸ਼ਾ ਮੁਕਤੀ ਲਈ ਉੱਤਮਤਾ ਕੇਂਦਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਇਸ ਲਈ ਕੁਰੂਕਸ਼ੇਤਰ ਵਿੱਚ ਸਥਾਨ ਦਾ ਨਿਰੀਖਣ ਕੀਤਾ ਜਾ ਚੁੱਕਾ ਹੈ ਅਤੇ ਆਧੁਨਿਕ ਸਹੂਲਤਾਂ ਨਾਲ ਯੁਕਤ ਕੇਂਦਰ ਵਿਕਸਤ ਕਰਨ ਦੀ ਦਿਸ਼ਾ ਵਿੱਚ ਕੰਮ ਅੱਗੇ ਵਧਾਇਆ ਜਾ ਰਿਹਾ ਹੈ।

ਇਸ ਕੇਂਦਰ ਦਾ ਉਦੇਸ਼ ਨਸ਼ੇ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਇਲਾਜ ਮੁਹੱਈਆ ਕਰਵਾਉਣ ਦੇ ਨਾਲ ਉਨ੍ਹਾਂ ਨੂੰ ਦੁਬਾਰਾ ਆਮ ਸਮਾਜਿਕ ਜੀਵਨ ਨਾਲ ਜੋੜਨਾ ਹੋਵੇਗਾ। ਇਹ ਸੋਚ ਬਦਲਾਅ ਦਾ ਸੰਕੇਤ ਹੈ, ਨਸ਼ੇ ਤੋਂ ਪ੍ਰਭਾਵਿਤ ਵਿਅਕਤੀ ਨੂੰ ਸਿਰਫ਼ ਸਮੱਸਿਆ ਦੇ ਰੂਪ ਵਿੱਚ ਨਹੀਂ, ਸਗੋਂ ਇਲਾਜ ਅਤੇ ਮੌਕੇ ਦੇ ਹੱਕਦਾਰ ਵਿਅਕਤੀ ਵਜੋਂ ਦੇਖਣ ਦੀ।

ਕਿਸੇ ਵੀ ਸਰਕਾਰ ਲਈ ਸਭ ਤੋਂ ਵੱਡੀ ਸਫ਼ਲਤਾ ਸਿਰਫ਼ ਯੋਜਨਾ ਦਾ ਐਲਾਨ ਕਰਨਾ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਇਸ ਦਾ ਲਾਭ ਸਹੀ ਵਿਅਕਤੀ ਤੱਕ ਪਹੁੰਚੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇਸੇ ਆਖਰੀ ਛੋਰ 'ਤੇ ਵਿਸ਼ੇਸ਼ ਜ਼ੋਰ ਦੇ ਰਹੇ ਹਨ। ਯੋਗ ਲਾਭਪਾਤਰੀਆਂ ਦਾ ਡਾਟਾ ਇਕੱਠਾ ਕਰਨਾ, ਬੈਂਕ ਖਾਤਿਆਂ ਦੀ ਤਸਦੀਕ, ਅਰਜ਼ੀ ਪ੍ਰਕਿਰਿਆ ਨੂੰ ਸਰਲ ਬਣਾਉਣਾ ਅਤੇ ਜਨ-ਜਾਗਰੂਕਤਾ ਵਧਾਉਣਾ ਇਸੇ ਦਿਸ਼ਾ ਵਿੱਚ ਚੁੱਕੇ ਜਾ ਰਹੇ ਕਦਮ ਹਨ।

ਨਾਇਬ ਸਿੰਘ ਸੈਣੀ ਦਾ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਨਿਵਾਸ 'ਤੇ ਦੇਰ ਰਾਤ ਤੱਕ ਆਮ ਜਨਤਾ ਨੂੰ ਮਿਲਣ ਦਾ ਦ੍ਰਿਸ਼ ਅਤੇ ਦੂਜੇ ਪਾਸੇ ਪ੍ਰਦੇਸ਼ ਭਰ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਲੋਕ-ਭਲਾਈ ਯੋਜਨਾਵਾਂ, ਦੋਵਾਂ ਨੂੰ ਵੱਖ-ਵੱਖ ਨਹੀਂ ਦੇਖਿਆ ਜਾ ਸਕਦਾ। ਇੱਕ ਪਾਸੇ ਮੁੱਖ ਮੰਤਰੀ ਸਿੱਧੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ, ਤਾਂ ਦੂਜੇ ਪਾਸੇ ਸਰਕਾਰ ਉਨ੍ਹਾਂ ਸਮੱਸਿਆਵਾਂ ਦੇ ਸਥਾਈ ਹੱਲ ਲਈ ਨੀਤੀਆਂ ਅਤੇ ਯੋਜਨਾਵਾਂ ਤਿਆਰ ਕਰ ਰਹੀ ਹੈ। ਮਹਿਲਾਵਾਂ ਨੂੰ ਆਰਥਿਕ ਸਹਾਰਾ, ਸੀਨੀਅਰ ਸਿਟੀਜ਼ਨਾਂ ਨੂੰ ਘਰ ਵਿੱਚ ਦੇਖਭਾਲ, ਨੌਜਵਾਨਾਂ ਨੂੰ ਹੁਨਰ ਸਿਖਲਾਈ ਅਤੇ ਨਸ਼ੇ ਤੋਂ ਪ੍ਰਭਾਵਿਤ ਲੋਕਾਂ ਨੂੰ ਮੁੜ-ਵਸੇਬੇ ਦਾ ਮੌਕਾ, ਇਨ੍ਹਾਂ ਪਹਿਲਾਂ ਵਿੱਚ ਇੱਕ ਸਾਂਝਾ ਸੂਤਰ ਦਿਖਾਈ ਦਿੰਦਾ ਹੈ, ਸਰਕਾਰ ਦਾ ਫੋਕਸ ਸਿਰਫ਼ ਸਹਾਇਤਾ ਦੇਣ 'ਤੇ ਨਹੀਂ, ਸਗੋਂ ਲੋਕਾਂ ਨੂੰ ਸਨਮਾਨਜਨਕ ਅਤੇ ਬਿਹਤਰ ਜੀਵਨ ਦੇਣ 'ਤੇ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਵਿਜ਼ਨ ਵੀ ਇਸੇ ਵਿਆਪਕ ਸੋਚ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦਾ ਟੀਚਾ ਸਾਲ 2047 ਦੇ ਵਿਕਸਤ ਭਾਰਤ ਦੇ ਸੰਕਲਪ ਨਾਲ ਹਰਿਆਣਾ ਨੂੰ ਵੀ ਇੱਕ ਵਿਕਸਤ ਅਤੇ ਸਸ਼ਕਤ ਰਾਜ ਵਜੋਂ ਅੱਗੇ ਲਿਜਾਣਾ ਹੈ ਅਤੇ ਇਸ ਯਾਤਰਾ ਵਿੱਚ ਵਿਕਾਸ ਦਾ ਅਰਥ ਸਿਰਫ਼ ਸੜਕ, ਇਮਾਰਤ ਅਤੇ ਉਦਯੋਗ ਤੱਕ ਨਹੀਂ, ਸਗੋਂ ਅਜਿਹਾ ਸਮਾਜ ਵੀ ਹੈ ਜਿੱਥੇ ਮਹਿਲਾ ਆਰਥਿਕ ਤੌਰ 'ਤੇ ਮਜ਼ਬੂਤ ਹੋਵੇ, ਬਜ਼ੁਰਗ ਸਨਮਾਨ ਨਾਲ ਜੀਵਨ ਜਿਊ ਸਕੇ ਅਤੇ ਨਸ਼ੇ ਤੋਂ ਪ੍ਰਭਾਵਿਤ ਨੌਜਵਾਨ ਨੂੰ ਵਾਪਸ ਮੁੱਖ ਧਾਰਾ ਵਿੱਚ ਪਰਤਣ ਦਾ ਮੌਕਾ ਮਿਲੇ। ਇਹੀ ਉਹ ਬਦਲਾਅ ਹੈ, ਜਿੱਥੇ ਸਰਕਾਰੀ ਘੋਸ਼ਣਾ ਕਾਗਜ਼ ਤੋਂ ਨਿਕਲ ਕੇ ਕਿਸੇ ਪਰਿਵਾਰ ਦੀ ਜ਼ਿੰਦਗੀ ਵਿੱਚ ਉਮੀਦ ਬਣਦੀ ਹੈ ਅਤੇ ਲੋਕ-ਭਲਾਈ, ਅਸਲ ਵਿੱਚ ਜਨਤਾ ਦੇ ਜੀਵਨ ਦੀ ਭਲਾਈ ਬਣਦੀ ਹੈ।

# ਪਰਿਵਾਰ 'ਚ ਪ੍ਰਾਪਰਟੀ ਟ੍ਰਾਂਸਫਰ ਉੱਤੇ ਸਟੈਂਪ ਡਿਊਟੀ ਵਿੱਚ ਛੋਟ ਵਿੱਚ ਧੀ ਦੇ ਬੱਚੇ ਵੀ ਸ਼ਾਮਲ ਹਨ: ਡਾ. ਸੁਮਿਤਾ ਮਿਸ਼ਰਾ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਪਰਟੀ ਟ੍ਰਾਂਸਫਰ ਕਰਨ ਵਾਲੇ ਪਰਿਵਾਰਾਂ ਲਈ ਇੱਕ ਵੱਡੀ ਰਾਹਤ ਭਰੀ ਖ਼ਬਰ ਹੈ। ਹਰਿਆਣਾ ਸਰਕਾਰ ਨੇ ਸਪੱਸ਼ਟ ਕੀਤਾ ਕਿ ਪਰਿਵਾਰ ਦੇ ਅੰਦਰ ਅਚੱਲ ਜਾਇਦਾਦ ਦੇ ਜੀਵਨਕਾਲ ਦੌਰਾਨ ਟ੍ਰਾਂਸਫਰ ਕਰਨ 'ਤੇ ਮਿਲਣ ਵਾਲੀ ਪੂਰੀ ਸਟੈਂਪ ਡਿਊਟੀ ਦੀ ਛੋਟ ਵਿੱਚ ਧੀ ਦੇ ਬੱਚੇ (ਦੋਹਤਾ-ਦੋਹਤੀ / ਨਾਤੀ-ਨਾਤਿਨ) ਵੀ ਸ਼ਾਮਲ ਹਨ।



ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਰਾਜ ਸਰਕਾਰ ਨੇ 2014 ਦੇ ਨੋਟੀਫਿਕੇਸ਼ਨ ਦੇ ਹਿੰਦੀ-ਵਰਜ਼ਨ ਵਿੱਚ ਲੰਬੇ ਸਮੇਂ ਤੋਂ ਚਲੀ ਆ ਰਹੀ ਭਾਸ਼ਾ ਸੰਬੰਧੀ ਅਸਪੱਸ਼ਟਤਾ ਨੂੰ ਦੂਰ ਕਰਨ ਲਈ ਇੱਕ ਰਸਮੀ ਸੁਧਾਰ ਜਾਰੀ ਕੀਤਾ ਹੈ।

ਡਾ. ਮਿਸ਼ਰਾ ਨੇ ਦੱਸਿਆ ਕਿ 16 ਜੂਨ 2014 ਨੂੰ ਹਰਿਆਣਾ ਸਰਕਾਰ ਨੇ ਇੰਡੀਅਨ ਸਟੈਂਪ ਐਕਟ, 1899 ਦੀ ਧਾਰਾ 9 ਦੇ ਤਹਿਤ, ਮਾਲਕ ਦੇ ਜੀਵਨਕਾਲ ਵਿੱਚ ਖ਼ੂਨ ਦੇ ਰਿਸ਼ਤਿਆਂ (ਜਿਵੇਂ ਮਾਤਾ-ਪਿਤਾ, ਬੱਚੇ, ਪੋਤੇ-ਪੋਤੀਆਂ, ਭੈਣ-ਭਰਾ ਅਤੇ ਜੀਵਨਸਾਥੀ) ਦੇ ਪੱਖ ਵਿੱਚ ਕੀਤੇ ਗਏ ਪ੍ਰਾਪਰਟੀ ਟ੍ਰਾਂਸਫਰ ਡੀਡ ਉੱਤੇ 100% ਸਟੈਂਪ ਡਿਊਟੀ ਮਾਫ਼ ਕਰ ਦਿੱਤੀ ਸੀ।

ਹਾਲਾਂਕਿ, ਜਿੱਥੇ ਅਸਲ ਅੰਗਰੇਜ਼ੀ ਪਾਠ ਵਿੱਚ ਵਿਆਪਕ ਤੌਰ 'ਤੇ grand-children (ਪੋਤੇ-ਪੋਤੀਆਂ/ਨਾਤੀ-ਨਾਤਿਨ) ਸ਼ਬਦ ਦੀ ਵਰਤੋਂ ਕੀਤੀ ਗਈ ਸੀ, ਉੱਥੇ ਹੀ ਹਿੰਦੀ ਨੋਟੀਫਿਕੇਸ਼ਨ ਵਿੱਚ ਕੇਵਲ ਪੋਤੇ ਪੋਤੀ (ਪੁੱਤਰ ਦੇ ਬੱਚੇ) ਦਾ ਹੀ ਜ਼ਿਕਰ ਸੀ। ਇਸ ਸ਼ਬਦਾਵਲੀ ਦੇ ਕਾਰਨ ਸਥਾਨਕ ਸਬ-ਰਜਿਸਟਰਾਰ ਦਫ਼ਤਰਾਂ ਵਿੱਚ ਭੁਲੇਖਾ ਪੈਦਾ ਹੋ ਗਿਆ ਸੀ, ਜਿਸ ਨਾਲ ਅਕਸਰ ਧੀ ਦੇ ਬੱਚੇ ਜ਼ੀਰੋ-ਡਿਊਟੀ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਸਨ।

ਇਸ ਸਮੱਸਿਆ ਨੂੰ ਹੱਲ ਕਰਨ ਲਈ, ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਨੇ 24 ਜੁਲਾਈ 2026 ਨੂੰ ਇੱਕ ਸੁਧਾਰ ਜਾਰੀ ਕੀਤਾ, ਜਿਸ ਨੂੰ 13 ਅਗਸਤ 2026 ਨੂੰ ਹਰਿਆਣਾ ਸਰਕਾਰ ਦੇ ਗਜ਼ਟ ਵਿੱਚ ਰਸਮੀ ਤੌਰ 'ਤੇ ਪ੍ਰਕਾਸ਼ਿਤ ਕੀਤਾ ਗਿਆ।

ਸੋਧੇ ਹੋਏ ਸੁਧਾਰ ਵਿੱਚ ਪੌਤਰ-ਪੌਤਰੀ ਵਾਕਾਂਸ਼ ਨੂੰ ਬਦਲ ਕੇ ਪੌਤਰ-ਪੌਤਰੀ, ਦੌਹਤਾ-ਦੋਹਤੀ/ਨਾਤੀ-ਨਾਤਿਨ ਕਰ ਦਿੱਤਾ ਗਿਆ ਹੈ। ਇਸ ਨਾਲ ਸਟੈਂਪ ਡਿਊਟੀ ਦੀ ਛੋਟ ਲਈ ਧੀ ਦੇ ਪੁੱਤਰ-ਧੀਆਂ ਨੂੰ ਸਪੱਸ਼ਟ ਤੌਰ 'ਤੇ ਪੁੱਤਰ ਦੇ ਬੱਚਿਆਂ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ।

ਡਾ. ਮਿਸ਼ਰਾ ਨੇ ਕਿਹਾ ਕਿ ਮੂਲ 2014 ਦੇ ਹੁਕਮ ਵਿੱਚ ਸੁਧਾਰ ਵਜੋਂ ਇਹ ਸਪੱਸ਼ਟੀਕਰਨ ਜਾਰੀ ਕਰਨ ਨਾਲ ਰਾਜ ਦੇ ਸਾਰੇ ਮਾਲ ਅਤੇ ਰਜਿਸਟਰੀ ਦਫ਼ਤਰਾਂ ਵਿੱਚ ਪਿਛਲੀ ਤਾਰੀਖ਼ ਤੋਂ ਕਾਨੂੰਨੀ ਸਪੱਸ਼ਟਤਾ ਯਕੀਨੀ ਹੁੰਦੀ ਹੈ। ਇਸ ਨਾਲ ਨਾਗਰਿਕ ਬਿਨਾਂ ਕਿਸੇ ਬੇਲੋੜੇ ਟੈਕਸ ਵਿਵਾਦ ਜਾਂ ਪ੍ਰਕਿਰਿਆਤਮਕ ਦੇਰੀ ਦੇ ਆਸਾਨੀ ਨਾਲ ਆਪਣੀ ਧੀ ਦੇ ਬੱਚਿਆਂ ਨੂੰ ਪ੍ਰਾਪਰਟੀ ਤੋਹਫ਼ੇ ਜਾਂ ਟ੍ਰਾਂਸਫਰ ਕਰ ਸਕਣਗੇ

# ਵਿਧਾਇਕ ਫ਼ਾਜ਼ਿਲਕਾ ਨੇ ਪਿੰਡ ਸ਼ਤੀਰ ਵਾਲਾ ਵਿਖੇ 7 ਲੱਖ ਦੀ ਲਾਗਤ ਨਾਲ ਸਵਾਗਤੀ ਗੇਟ ਦਾ ਕੀਤਾ ਉਦਘਾਟਨ



**ਫਾਜ਼ਿਲਕਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਸ਼ਤੀਰ ਵਾਲਾ ਵਿਖੇ 7 ਲੱਖ ਦੀ ਲਾਗਤ ਨਾਲ ਸਵਾਗਤੀ ਗੇਟ ਦਾ ਉਦਘਾਟਨ ਕੀਤਾ ਅਤੇ 10 ਲੱਖ ਦੀ ਲਾਗਤ ਨਾਲ ਧਰਮਸ਼ਾਲਾ ਦੀ ਚਾਰਦਵਾਰੀ ਤੇ ਸ਼ੈਡ ਦੀ ਉਸਾਰੀ ਦਾ ਨੀਹ ਪੱਥਰ ਰੱਖਿਆਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਦੱਸਿਆ ਕਿ ਸ਼ਤੀਰਵਾਲਾ ਪਿੰਡ ਵਿੱਚ ਬਾਬਾ ਜੀਵਨ ਸਿੰਘ ਦੀ ਯਾਦ ਵਿੱਚ ਯਾਦਗਾਰੀ ਗੇਟ ਬਣਾਉਣ ਦੀ ਮੰਗ ਸੀ ਇਹ 7 ਲੱਖ ਦੀ ਲਾਗਤ ਨਾਲ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਧਰਮਸ਼ਾਲਾ ਦੀ ਚਾਰਦੀਵਾਰੀ ਤੇ ਸ਼ੈੱਡ ਬਣਾਉਣ 10 ਲੱਖ ਖਰਚਾ ਆਵੇਗਾ। ਇਸ ਤੋਂ ਇਲਾਵਾ ਪਿੰਡ ਵਿੱਚ ਹੋਰ ਵੀ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ ਤੇ ਹੋ ਰਹੇ ਹਨ, ਪਿੰਡ ਵਿੱਚ ਲਾਇਬ੍ਰੇਰੀ ਦੀ ਉਸਾਰੀ 10 ਲੱਖ, ਵਾਟਰ ਵਰਕਸ ਦੀ ਚਾਰਦੀਵਾਰੀ ਤੇ 7 ਲੱਖ ਅਤੇ ਗਲੀਆਂ ਨਾਲੀਆਂ ਤੇ 8 ਲੱਖ ਖਰਚ ਆਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕੁੱਝ ਕੁ ਵਿਕਾਸ ਦੇ ਕੰਮ ਹੋ ਗਏ ਹਨ ਜਿਨ੍ਹਾਂ ਦੇ ਅੱਜ ਉਦਘਾਟਨ ਕਰ ਦਿੱਤੇ ਗਏ ਹਨ ਤੇ ਕੁੱਝ ਜੋ ਹੋਣ ਵਾਲੇ ਰਹਿੰਦੇ ਹਨ ਉਨ੍ਹਾਂ ਦੇ ਨੀਂਹ ਪੱਥਰ ਰੱਖ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾ ਲੋਕਾਂ ਦੀ ਮੰਗ ਤੇ ਖੇਡ ਗ੍ਰਾਊਂਡ ਬਣਾਉਣ ਦਾ ਕੰਮ ਬਣਾਉਣ ਦਾ ਕੰਮ ਚੱਲ ਰਿਹਾ ਹੈ। ਇਸ ਤੋਂ ਇਲਾਵਾ ਇਸ ਪਿੰਡ ਨੂੰ ਆ ਰਹੀ ਨਹਿਰ ਵੀ ਬਣਾਈ ਗਈ ਹੈ ਤੇ ਖਾਲਿਆਂ ਤੇ ਕਰੋੜਾਂ ਰੁਪਏ ਖਰਚ ਕਰਕੇ ਨਵੇਂ ਬਣਾਏ ਗਏ ਹਨ। ਢਾਣੀਆਂ ਤੇ ਖੜਵੰਜੇ ਤੇ ਇੱਟਾਂ ਵਾਲੀਆਂ ਸੜਕਾਂ ਬਣਾਈਆਂ ਗਈਆਂ ਹਨ। ਪਿੰਡ ਦੀ ਮੇਨ ਸੜਕ ਲਗਭਗ ਸਾਢੇ 7 ਕਰੋੜ ਦੀ ਲਾਗਤ ਨਾਲ ਬਣਕੇ ਤਿਆਰ ਹੋ ਗਈ ਹੈ। ਸਕੂਲਾਂ ਦੀ ਚਾਰਦੀਵਾਰੀ, ਨਵੇਂ ਕਮਰੇ ਤੇ ਹੋਰ ਬਹੁਤ ਸਾਰੇ ਕੰਮ ਪਿੰਡ ਸ਼ਤੀਰਵਾਲਾ ਵਿੱਚ ਕੀਤੇ ਹਨ।

ਉਨ੍ਹਾਂ ਕਿਹਾ ਕਿ ਹੋਰ ਵੀ ਜੇਕਰ ਪਿੰਡ ਦੇ ਵਿਕਾਸ ਦੇ ਕੰਮ ਹਨ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ ਉਹ ਵੀ ਕੀਤੇ ਜਾ ਰਹੇ ਹਨ। ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਾਡੇ ਹਲਕੇ ਫਾਜ਼ਿਲਕਾ ਦਾ ਨਿਰੰਤਰ ਵਿਕਾਸ ਕੀਤਾ ਜਾ ਰਿਹਾ ਹੈ। ਇਸ ਮੌਕੇ ਸਰਪੰਚ ਬੰਟੀ,ਜ਼ਿਲਾ ਪ੍ਰੀਸ਼ਦ ਮੈਂਬਰ ਅਮਿਤ ਰਿਨਵਾ, ਯੂਥ ਵਿੰਗ ਪ੍ਰਧਾਨ ਅਰਵਿੰਦ ਭੋਬੀਆਂ, ਕੰਬੋਜ ਭਲਾਈ ਬੋਰਡ ਦੇ ਚੈਅਰਮੈਨ ਰਾਜ ਤਿਲਕ, ਬਲਾਕ ਪ੍ਰਧਾਨ ਧਰਮਵੀਰ ਤੇ ਸੁਮੀਤ ਨੈਣ ਅਤੇ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ।

# ਫਾਜ਼ਿਲਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਲੱਗੇ ਵਿਸ਼ਾਲ ਤੀਆਂ ਦੇ ਮੇਲੇ ਨੇ ਇਕੱਠ ਦਾ ਬਣਾਇਆ ਰਿਕਾਰਡ

**ਫਾਜ਼ਿਲਕਾ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਖੁਸ਼ੀ ਫਾਊਂਡੇਸ਼ਨ ਦੀ ਚੇਅਰਪਰਸਨ ਅਤੇ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਵੱਲੋਂ ਫਾਜ਼ਿਲਕਾ ਦੇ ਸਿਟੀ ਗਾਰਡਨ ਪੈਲੇਸ ਵਿਖੇ ਤੀਆਂ ਦਾ ਮੇਲਾ ਲਗਵਾਇਆ ਗਿਆ। ਜਿਸ ਵਿੱਚ ਵਿਧਾਇਕ ਫਾਜ਼ਿਲਕਾ ਸ. ਨਰਿੰਦਰਪਾਲ ਸਿੰਘ ਸਵਨਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਫਾਜ਼ਿਲਕਾ ਦੀਆਂ ਤੀਆਂ ਨੂੰ ਵਧਾਈ ਦਿੱਤੀ।

ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ ਇਸ ਖ਼ੂਬਸੂਰਤ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਮਾਵਾਂ, ਭੈਣਾਂ ਅਤੇ ਧੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਨੱਚ ਟੱਪ ਕੇ ਆਪਸੀ ਖੁਸ਼ੀਆਂ ਸਾਂਝੀਆਂ ਕੀਤੀਆਂ। ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਾਨ ਨੇ ਇਸ ਮੇਲੇ ਦੌਰਾਨ ਨੱਚ ਟੱਪ ਕੇ ਮਨੋਰੰਜਨ ਕੀਤਾ ਤੇ ਤੀਆਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ।

ਇਸ ਦੌਰਾਨ ਔਰਤਾਂ ਅਤੇ ਮੁਟਿਆਰਾਂ ਵੱਲੋਂ ਗਿੱਧਾ, ਭੰਗੜਾ, ਪੀਂਘਾਂ ਝੂਟਣ ਅਤੇ ਹੋਰ ਰਵਾਇਤੀ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ, ਜਿਸ ਨਾਲ ਪੂਰਾ ਮਾਹੌਲ ਰੰਗਲਾ ਅਤੇ ਉਤਸ਼ਾਹਪੂਰਨ ਬਣ ਗਿਆ। ਵਿਧਾਇਕ ਸਵਨਾ ਤੇ ਮੈਡਮ ਖੁਸ਼ਬੂ ਕਿਹਾ ਕਿ ਤੀਆਂ ਦੇ ਮੌਕੇ ਕੁੜੀਆਂ ਅਤੇ ਸਾਉਣ ਦੇ ਲੋਕ-ਗੀਤ ਤੇ ਬੋਲੀਆਂ ਗਾਉਂਦੀਆਂ ਹਨ।

# ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਕੈਨੇਡਾ ਵਿੱਚ ਗਲੋਬਲ ਸੈਮੀਨਾਰ ਦੌਰਾਨ ਪੰਜਾਬ ਦੇ ਪੋਸ਼ਣ ਬਾਗਾਂ ਅਤੇ ਖੇਤੀ-ਨਿਰਯਾਤ ਸੰਭਾਵਨਾਵਾਂ ਕੀਤੀਆਂ ਉਜਾਗਰ



**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਪੋਸ਼ਣ ਮਾਡਲ ਨੂੰ ਆਲਮੀ ਨਕਸ਼ੇ 'ਤੇ ਪੇਸ਼ ਕਰਦਿਆਂ ਪੰਜਾਬ ਰਾਜ ਖੁਰਾਕ ਕਮਿਸ਼ਨ (ਪੀਐਸਐਫਸੀ) ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਕੈਨੇਡਾ ਦੇ ਓਂਟਾਰੀਓ ਵਿਖੇ 'ਪੰਜਾਬ ਦੇ ਭੋਜਨ ਅਤੇ ਪੋਸ਼ਣ ਸੁਰੱਖਿਆ ਦਾ ਵਿਸ਼ਵੀਕਰਨ' ਵਿਸ਼ੇ 'ਤੇ ਇੱਕ ਅੰਤਰਰਾਸ਼ਟਰੀ ਸੈਮੀਨਾਰ ਵਿੱਚ ਸੂਬੇ ਦੀ ਵੱਡੇ ਪੱਧਰ 'ਤੇ ਚੱਲ ਰਹੀ ਨਿਊਟ੍ਰੀਸ਼ਨ ਗਾਰਡਨ (ਪੋਸ਼ਣ ਬਗ਼ੀਚੀਆਂ) ਮੁਹਿੰਮ ਅਤੇ ਪੰਜਾਬ ਦੀਆਂ ਸਰਦ ਰੁੱਤ ਸਬਜ਼ੀਆਂ ਦੀਆਂ ਅਥਾਹ ਨਿਰਯਾਤ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਨਿਊਟ੍ਰੀਸ਼ਲ ਗਾਰਡਨ (ਪੋਸ਼ਣ ਬਗੀਚੀਆਂ) ਅਤੇ ਆਂਗਣਵਾੜੀ ਪੋਸ਼ਣ ਵਾਟਿਕਾ ਵਰਗੀਆਂ ਪਹਿਲਕਦਮੀਆਂ ਪੋਸ਼ਣ ਸੁਰੱਖਿਆ ਨੂੰ ਮਜ਼ਬੂਤ ਕਰ ਰਹੀਆਂ ਹਨ ਉੱਥੇ ਹੀ ਸਰਦੀਆਂ ਦੀਆਂ ਸਬਜ਼ੀਆਂ ਵਿੱਚ ਪੰਜਾਬ ਦੇ ਕਿਸਾਨਾਂ ਲਈ ਆਲਮੀ ਬਾਜ਼ਾਰਾਂ ਵਿੱਚ ਨਵੇਂ ਰਾਹ ਖੋਲ੍ਹਣ ਦੀ ਭਾਰੀ ਸੰਭਾਵਨਾ ਹੈ।

ਇਸ ਮੌਕੇ ਸ਼੍ਰੀਮਤੀ ਨੀਨਾ ਤਾਂਗੜੀ, ਵਪਾਰ ਵਿਕਾਸ ਮੰਤਰੀ, ਓਂਟਾਰੀਓ ਸਰਕਾਰ ਅਤੇ ਪੰਜਾਬ ਰਾਜ ਖੁਰਾਕ ਕਮਿਸ਼ਨ (ਪੀਐਸਐਫਸੀ) ਦੇ ਚੇਅਰਮੈਨ ਸ਼੍ਰੀ ਬਾਲ ਮੁਕੰਦ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

ਆਪਣੇ ਭਾਸ਼ਣ ਵਿੱਚ ਭਾਰਤ ਸਰਕਾਰ ਦੇ ਸਾਬਕਾ ਖੇਤੀਬਾੜੀ ਕਮਿਸ਼ਨਰ ਡਾ. ਗੁਰਬਚਨ ਸਿੰਘ ਨੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਨਕਦੀ ਫਸਲਾਂ, ਵਪਾਰਕ ਫਸਲਾਂ ਅਤੇ ਬਾਗਬਾਨੀ ਖੇਤਰ ਨੂੰ ਹੁਲਾਰਾ ਦੇਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਣਕ ਅਤੇ ਚੌਲਾਂ ਸਮੇਤ ਫਸਲਾਂ ਵਿੱਚ ਜੈਵਿਕ-ਫੋਰਟੀਫਿਕੇਸ਼ਨ ਅਪਣਾਉਣ ਅਤੇ ਜ਼ਿੰਕ, ਆਇਰਨ ਅਤੇ ਮੈਗਨੀਸ਼ੀਅਮ ਵਰਗੇ ਸੂਖਮ ਪੌਸ਼ਟਿਕ ਤੱਤਾਂ ਨੂੰ ਵਧਾਉਣ ਦੀ ਸਲਾਹ ਵੀ ਦਿੱਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਭਾਈਵਾਲਾਂ ਨੂੰ ਪੰਜਾਬ ਵਿੱਚ ਚੱਲ ਰਹੀ 'ਪੋਸ਼ਣ ਬਾਗ ਮੁਹਿੰਮ' ਬਾਰੇ ਜਾਣੂੰ ਕਰਵਾਇਆ। ਇਸ ਪਹਿਲਕਦਮੀ ਤਹਿਤ, ਸਿੱਖਿਆ ਵਿਭਾਗ ਦੇ ਸਹਿਯੋਗ ਨਾਲ, ਰਾਜ ਦੇ 5000 ਤੋਂ ਵੱਧ ਸਕੂਲਾਂ ਨੂੰ ਜੜੀ-ਬੂਟੀਆਂ, ਸਬਜ਼ੀਆਂ ਅਤੇ ਫਲਾਂ ਦੇ ਬਾਗ ਲਗਾਉਣ ਲਈ ਪ੍ਰੇਰਿਆ ਜਾ ਰਿਹਾ ਹੈ। ਇਨ੍ਹਾਂ ਬਾਗਾਂ ਤੋਂ ਪੈਦਾ ਹੋਣ ਵਾਲੀ ਉਪਜ ਨੂੰ ਮਿਡ-ਡੇਅ ਮੀਲ ਵਿੱਚ ਵੀ ਵਰਤਿਆ ਜਾ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ 0-3 ਅਤੇ 3-6 ਸਾਲ ਦੀ ਉਮਰ ਦੇ ਬੱਚਿਆਂ ਦੇ ਨਾਲ-ਨਾਲ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਅਤੇ ਗਰਭਵਤੀ ਔਰਤਾਂ ਦੀ ਨਰੋਈ ਸਿਹਤ ਨੂੰ ਯਕੀਨੀ ਬਣਾਉਣ ਲਈ ਫੂਡ ਕਮਿਸ਼ਨ ਦੀ ਸਲਾਹ 'ਤੇ ਆਂਗਣਵਾੜੀਆਂ ਵਿੱਚ 'ਪੋਸ਼ਣ ਵਾਟਿਕਾ' ਸਥਾਪਤ ਕੀਤੇ ਜਾ ਰਹੇ ਹਨ।

ਆਪਣੇ ਸੰਬੋਧਨ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਾਬਕਾ ਸਹਾਇਕ ਸਕੱਤਰ ਅਤੇ ਮੌਜੂਦਾ ਸਮੇਂ ਵਿੱਚ ਪੰਜਾਬ ਟਰੇਡ ਪ੍ਰਮੋਸ਼ਨ ਕੌਂਸਲ (ਪੀਟੀਪੀਸੀ) ਦੀ ਚੇਅਰਪਰਸਨ ਸ਼੍ਰੀਮਤੀ ਕੰਚਨ ਸ਼ਰਮਾ ਨੇ ਲੋਕਾਂ ਨੂੰ ਚੰਗੀ ਸਿਹਤ ਬਣਾਈ ਰੱਖਣ ਲਈ ਪੌਸ਼ਟਿਕ ਖੁਰਾਕ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਆਪਣੀ ਖੁਰਾਕ ਵਿੱਚ ਨਮਕ ਦੀ ਮਾਤਰਾ ਨੂੰ ਰੋਜ਼ਾਨਾ 1 ਗ੍ਰਾਮ ਅਤੇ ਤੇਲ ਦੀ ਮਾਤਰਾ ਨੂੰ 10 ਗ੍ਰਾਮ ਘਟਾਉਣ ਦੀ ਅਪੀਲ ਕੀਤੀ।

ਫੂਡ ਸੇਫਟੀ ਅਫਸਰ ਸ਼੍ਰੀ ਸੌਰਵਦੀਪ ਅਤੇ ਕੁਆਲਿਟੀ ਕੰਟਰੋਲ ਮਾਹਿਰ ਸ਼੍ਰੀ ਕਮਲਜੀਤ ਸਿੰਘ ਸਿੱਧੂ ਨੇ ਭੋਜਨ ਦੀ ਗੁਣਵੱਤਾ ਅਤੇ ਬਿਹਤਰ ਪੈਕੇਜਿੰਗ ਮਿਆਰਾਂ ਨੂੰ ਯਕੀਨੀ ਬਣਾਉਣ ਦੀ ਵਕਾਲਤ ਕੀਤੀ।

ਮੰਤਰੀ ਨੀਨਾ ਤਾਂਗੜੀ ਨੇ ਫੂਡ ਪ੍ਰੋਸੈਸਿੰਗ, ਫੂਡ ਐਕਸਪੋਰਟ ਅਤੇ ਸਬਜ਼ੀਆਂ ਵਿੱਚ ਓਂਟਾਰੀਓ ਅਤੇ ਪੰਜਾਬ ਸਰਕਾਰਾਂ ਵਿਚਕਾਰ ਚੱਲ ਰਹੇ ਸਹਿਯੋਗ 'ਤੇ ਚਾਨਣਾ ਪਾਇਆ। ਉਨ੍ਹਾਂ ਯਾਦ ਕੀਤਾ ਕਿ ਛੇ ਮਹੀਨੇ ਪਹਿਲਾਂ, ਸਰਹਿੰਦ, ਫਤਿਹਗੜ੍ਹ ਸਾਹਿਬ ਦੇ ਪੈਗਰੋ ਫਰੋਜ਼ਨ ਫੂਡਜ਼ ਵੱਲੋਂ ਫ੍ਰੋਜ਼ਨ ਫਲ, ਬ੍ਰੋਕਲੀ, ਫੁੱਲ ਗੋਭੀ, ਗਾਜਰ ਅਤੇ ਆਲੂ ਦਾ 24 ਟਨ ਦਾ ਕੰਟੇਨਰ ਅਜ਼ਮਾਇਸ਼ੀ ਅਧਾਰ ਤੇ ਟਰਾਂਟੋ ਭੇਜਿਆ ਗਿਆ ਸੀ। ਚੰਗੀ ਗੁਣਵੱਤਾ ਕਾਰਨ ਇਸ ਦਾ ਆਰਡਰੁ ਦੁਬਾਰਾ ਦਿੱਤਾ ਗਿਆ ਹੈ।ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਅੱਗੇ ਕਿਹਾ ਕਿ ਪੰਜਾਬ ਦੀਆਂ ਸਰਦੀਆਂ ਦੀਆਂ ਸਬਜ਼ੀਆਂ ਬਹੁਤ ਚੰਗੀ ਗੁਣਵੱਤਾ ਦੀਆਂ ਹਨ। ਅਪ੍ਰੈਲ ਤੋਂ ਸਤੰਬਰ ਤੱਕ ਗਰਮੀਆਂ ਦੇ ਮੌਸਮ ਦੌਰਾਨ ਕੁਦਰਤੀ ਤੌਰ 'ਤੇ ਕੀੜੇ ਮਰ ਜਾਂਦੇ ਹਨ ਇਸ ਲਈ ਉਪਜ ਇੰਡੋਨੇਸ਼ੀਆ, ਫਿਲੀਪੀਨਜ਼, ਜਾਪਾਨ, ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਬਾਜ਼ਾਰਾਂ ਵਿੱਚ ਨਿਰਯਾਤ ਲਈ ਢੁਕਵੀਂ ਬਣ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਪੰਜਾਬ ਦੇ ਕਿਸਾਨ ਭਾਈਚਾਰੇ ਨੂੰ ਆਰਥਿਕ ਹੁਲਾਰਾ ਮਿਲੇਗਾ ਸਗੋਂ ਕੀਮਤੀ ਵਿਦੇਸ਼ੀ ਮੁਦਰਾ ਵੀ ਦੇਸ਼ ਵਿੱਚ ਆਵੇਗੀ।ਸੈਮੀਨਾਰ ਦੀ ਮੇਜ਼ਬਾਨੀ ਸ਼੍ਰੀ ਜਰਨੈਲ ਸਿੰਘ, ਪ੍ਰਧਾਨ, ਗਲੋਬਲ ਫੂਡ ਚੁਆਇਸ ਵੱਲੋਂ ਕੀਤੀ ਗਈ।

# ਮਾਤਾ ਦੇ ਭਗਤਾਂ ਨੇ ਪੰਜਵੇਂ ਨਰਾਤੇ ਲਾਇਆ ਲੰਗਰ , ਕੀਤਾ ਦੇਵੀ ਮਾਤਾ ਦਾ ਗੁਣਗਾਣ

**ਮਾਛੀਵਾੜਾ ਸਾਹਿਬ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**


ਨਰਾਤਿਆਂ ਦੇ ਦਿਨਾਂ ਵਿੱਚ ਦੇਵੀ ਮਾਤਾ ਦੇ ਭਗਤਾਂ ਵੱਲੋਂ ਲੰਗਰ ਲਗਾ ਇੱਕ ਦੂਜੇ ਨਾਲ ਖੁਸ਼ੀਆਂ ਸਾਂਝੀਆਂ ਕਰਦਿਆਂ ਮਾਤਾ ਦਾ ਗੁਣਗਾਨ ਕੀਤਾ ਗਿਆ। ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਮੰਡ ਸੁੱਖੇਵਾਲ ਸਰਪੰਚ ਪ੍ਰਿਤਪਾਲ ਸਿੰਘ ਪੋਲਾ, ਦੇਸਰਾਜ ਸਿੰਘ ਅਤੇ ਪਿੰਡ ਵਾਸੀਆਂ ਸਮੇਤ ਮਾਤਾ ਦੇ ਭਗਤਾਂ ਨੇ ਪੰਜਵੇਂ ਦਿਨ ਮਾਤਾ ਦੇ ਲੰਗਰਾਂ ਦਾ ਭੰਡਾਰਾ ਕਰਵਾਇਆ।



ਸਭ ਤੋਂ ਪਹਿਲਾਂ ਮਾਤਾ ਦੀ ਮੂਰਤੀ ਅੱਗੇ ਨਤਮਸਤਕ ਹੁੰਦਿਆਂ ਸਾਰੇ ਭਗਤਾਂ ਨੇ ਮਾਤਾ ਦਾ ਅਸ਼ੀਰਵਾਦ ਲਿਆ।

ਉਪਰੰਤ ਕੰਜਕਾਂ ਨੂੰ ਪੂਜਦਿਆਂ ਉਹਨਾਂ ਨੂੰ ਸ਼ਰਧਾ ਸਹਿਤ ਲੰਗਰ ਛਕਾਉਂਦਿਆਂ ਭੰਡਾਰੇ ਦੀ ਸ਼ੁਰੂਆਤ ਕੀਤੀ ਗਈ। ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਭਗਤਾਂ ਨੇ ਮਾਤਾ ਦਾ ਆਸ਼ੀਰਵਾਦ ਲਿਆ ਅਤੇ ਲੰਗਰ ਛਕਿਆ।

# ਪੰਜਾਬੀ ਸਾਹਿਤ ਸਭਾ ਵੱਲੋਂ ਕਰਵਾਏ ਸਾਵਣ ਕਵੀ ਦਰਬਾਰ ਵਿੱਚ ਵਰ੍ਹਿਆ ਬਿਰਹੋ ਦਾ ਮੀਂਹ



**ਹੁਸ਼ਿਆਰਪੁਰ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਭਾਸ਼ਾ ਵਿਭਾਗ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ਼ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਾਵਣ ਕਵੀ ਦਰਬਾਰ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਕੀਤੀ। ਆਏ ਹੋਏ ਸ਼ਾਇਰਾਂ ਅਤੇ ਵਿਦਵਾਨਾਂ ਲਈ ਜੀ ਆਇਆਂ ਸ਼ਬਦ ਆਖਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਨੇ ਕਿਹਾ ਕਿ ਇਹੋ ਜਿਹੇ ਸਮਾਗਮ ਸਿਰਫ਼ ਨਜ਼ਮਾਂ ਸੁਣਨ ਸੁਣਾਉਣ ਤੱਕ ਹੀ ਸੀਮਤ ਨਹੀਂ ਹੁੰਦੇ ਸਗੋਂ ਇਨ੍ਹਾਂ ਵਿੱਚ ਭਾਸ਼ਾਈ, ਸਭਿਆਚਾਰਕ ਤੇ ਸਮਾਜਿਕ ਮੁੱਦਿਆਂ ਪ੍ਰਤੀ ਚਿੰਤਾ, ਚੇਤਨਾ ਤੇ ਚਿੰਤਨ ਕਰਨ ਦਾ ਵੀ ਸੁਭਾਗ ਪ੍ਰਾਪਤ ਹੁੰਦਾ ਹੈ ਤੇ ਇਹ ਸਮਾਗਮ ਹੁੰਦੇ ਰਹਿਣੇ ਚਾਹੀਦੇ ਹਨ। ਪ੍ਰਸਿੱਧ ਕਵੀ ਮਦਨ ਵੀਰਾ ਨੇ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਲਗਾਤਾਰ ਸਕਿਰਿਆ ਰਹਿਣ ਕਰਕੇ ਸਰਾਹਨਾ ਕੀਤੀ ਤੇ ਨਾਲ਼ ਹੀ ਕਿਹਾ ਕਿ ਕਿਸੇ ਚੌਖਟੇ ਵਿੱਚ ਬੰਨ੍ਹੇ ਬਿਨਾਂ ਕਰਵਾਏ ਸਾਹਿਤਕ ਸਮਾਗਮ ਜ਼ਿਆਦਾ ਵਧੀਆ ਪ੍ਰਭਾਵ ਕਬੂਲਦੇ ਹਨ।

ਉਪਰੰਤ ਕਰਵਾਏ ਕਵੀ ਦਰਬਾਰ ਦੀ ਸ਼ੁਰੂਆਤ ਸੁਰਿੰਦਰ ਕੰਗਵੀ ਨੇ ਗੁਰਬਾਣੀ ਵਿੱਚੋਂ ਸਾਵਣ ਮਹੀਨੇ ਨਾਲ਼ ਸੰਬੰਧਤ ਸ਼ਬਦ ਰਾਗ ਮਲਹਾਰ ਵਿੱਚ ਤੇ ਆਪਣੇ ਮੌਲਿਕ ਗੀਤ ਦੀ ਪੇਸ਼ਕਾਰੀ ਕਰਕੇ ਸੰਗੀਤਕ ਰੰਗ ਬਿਖੇਰਿਆ।

# ਭਾਰਤ-ਯੂਨਾਈਟਿਡ ਕਿੰਗਡਮ ਦਰਮਿਆਨ ਹੋਏ ਆਰਥਿਕ ਅਤੇ ਵਪਾਰਕ ਸਮਝੌਤੇ ਨਾਲ ਹਰਿਆਣਾ ਦੇ ਉਦਯੋਗਾਂ ਅਤੇ ਸੇਵਾ ਖੇਤਰ ਲਈ ਖੁੱਲ੍ਹਣਗੇ ਗਲੋਬਲ ਬਾਜ਼ਾਰ ਦੇ ਨਵੇਂ ਦਰਵਾਜ਼ੇ : ਮੁੱਖ ਮੰਤਰੀ

**ਚੰਡੀਗੜ੍ਹ, 22 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਯੂਨਾਈਟਿਡ ਕਿੰਗਡਮ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤਾ (ਸੀ.ਈ.ਟੀ.ਏ.) ਹਰਿਆਣਾ ਦੇ ਉਦਯੋਗਾਂ, ਐਮ.ਐਸ.ਐਮ.ਈ., ਕਿਸਾਨਾਂ, ਨਿਰਯਾਤਕਾਂ ਅਤੇ ਸੇਵਾ ਖੇਤਰ ਲਈ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਵਿਸਤਾਰ ਦੇ ਨਵੇਂ ਮੌਕੇ ਲੈ ਕੇ ਆਇਆ ਹੈ। 15 ਜੁਲਾਈ, 2026 ਤੋਂ ਲਾਗੂ ਇਸ ਸਮਝੌਤੇ ਤਹਿਤ ਭਾਰਤ ਦੇ ਲਗਭਗ 99 ਫੀਸਦੀ ਨਿਰਯਾਤ ਨੂੰ ਯੂ.ਕੇ. ਦੇ ਬਾਜ਼ਾਰ ਵਿੱਚ ਡਿਊਟੀ-ਮੁਕਤ ਪਹੁੰਚ ਪ੍ਰਾਪਤ ਹੋਈ ਹੈ, ਜੋ ਲਗਭਗ 100 ਫੀਸਦੀ ਵਪਾਰ ਮੁੱਲ ਨੂੰ ਕਵਰ ਕਰਦੀ ਹੈ।

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਭਾਰਤ ਨੂੰ 2047 ਤੱਕ ਵਿਕਸਤ ਰਾਸ਼ਟਰ ਬਣਾਉਣ ਦੀ ਦਿਸ਼ਾ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਦੁਨੀਆ ਦੇ ਵੱਡੇ ਅਤੇ ਪ੍ਰਭਾਵੀ ਦੇਸ਼ਾਂ ਨਾਲ ਵਪਾਰਕ ਸਬੰਧ ਮਜ਼ਬੂਤ ਬਣਾਏ ਜਾ ਰਹੇ ਹਨ। ਭਾਰਤ ਤੇ ਯੂ.ਕੇ. ਵਿਚਕਾਰ ਹੋਇਆ ਸਮਝੌਤਾ (ਸੀ.ਈ.ਟੀ.ਏ.) ਵੀ ਪ੍ਰਧਾਨ ਮੰਤਰੀ ਦੀ ਉਸੇ ਸੋਚ ਦਾ ਨਤੀਜਾ ਹੈ, ਜੋ ਵਪਾਰ ਦੇ ਖੇਤਰ ਵਿੱਚ ਭਾਰਤ ਦੀ ਅੰਤਰਰਾਸ਼ਟਰੀ ਛਲਾਂਗ ਸਾਬਤ ਹੋਵੇਗੀ। ਇਸ ਨਾਲ ਦੇਸ਼ ਦੇ ਸਾਰੇ ਰਾਜਾਂ, ਖਾਸ ਕਰਕੇ ਹਰਿਆਣਾ ਦੇ ਉਦਯੋਗਾਂ ਨੂੰ ਕਾਫ਼ੀ ਲਾਭ ਮਿਲੇਗਾ।

ਉਨ੍ਹਾਂ ਦੱਸਿਆ ਕਿ ਭਾਰਤ ਅਤੇ ਯੂਨਾਈਟਿਡ ਕਿੰਗਡਮ ਵਿਚਕਾਰ ਹੋਏ ਇਸ ਸਮਝੌਤੇ ਦੇ ਲਾਗੂ ਹੋਣ ਨਾਲ ਹਰਿਆਣਾ ਵਰਗੇ ਮਜ਼ਬੂਤ ਨਿਰਮਾਣ, ਖੇਤੀਬਾੜੀ, ਆਟੋਮੋਬਾਈਲ, ਇੰਜੀਨੀਅਰਿੰਗ, ਟੈਕਸਟਾਈਲ ਅਤੇ ਸੇਵਾ ਖੇਤਰ ਵਾਲੇ ਰਾਜ ਨੂੰ ਵਿਸ਼ੇਸ਼ ਲਾਭ ਮਿਲਣ ਦੀ ਸੰਭਾਵਨਾ ਹੈ। ਸਮਝੌਤੇ ਰਾਹੀਂ ਹਰਿਆਣਾ ਦੇ ਉਤਪਾਦਾਂ ਨੂੰ ਯੂ.ਕੇ. ਦੇ ਵੱਡੇ ਬਾਜ਼ਾਰ ਵਿੱਚ ਵਧੇਰੇ ਪ੍ਰਤੀਯੋਗੀ ਕੀਮਤ 'ਤੇ ਪਹੁੰਚਾਉਣ ਦਾ ਮੌਕਾ ਮਿਲੇਗਾ ਅਤੇ ਰਾਜ ਦੇ ਨਿਰਯਾਤਕਾਂ ਨੂੰ ਗਲੋਬਲ ਵੈਲਯੂ ਚੇਨ ਨਾਲ ਜੁੜਨ ਵਿੱਚ ਮਦਦ ਮਿਲੇਗੀ।

ਮੁੱਖ ਮੰਤਰੀ ਨੇ ਦੱਸਿਆ ਕਿ ਸਮਝੌਤੇ ਤਹਿਤ ਜਿਨ੍ਹਾਂ ਪ੍ਰਮੁੱਖ ਖੇਤਰਾਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ, ਉਨ੍ਹਾਂ ਵਿੱਚ ਟੈਕਸਟਾਈਲ ਅਤੇ ਕਪੜਾ, ਚਮੜਾ ਅਤੇ ਫੁੱਟਵੀਅਰ, ਰਤਨ ਅਤੇ ਗਹਿਣੇ, ਰਸਾਇਣ, ਇੰਜੀਨੀਅਰਿੰਗ ਉਤਪਾਦ, ਆਟੋ-ਪਾਰਟਸ, ਮਸ਼ੀਨਰੀ, ਫਾਰਮਾਸਿਊਟੀਕਲਸ, ਪ੍ਰੋਸੈਸਡ ਫੂਡ ਉਤਪਾਦ, ਹੈਂਡੀਕ੍ਰਾਫਟ ਅਤੇ ਸਿਰੇਮਿਕ ਉਤਪਾਦ ਪ੍ਰਮੁੱਖ ਹਨ। ਇਸ ਸਮਝੌਤੇ ਤੋਂ ਪਹਿਲਾਂ ਇਨ੍ਹਾਂ ਉਤਪਾਦਾਂ 'ਤੇ 4 ਤੋਂ 70 ਫੀਸਦੀ ਤੱਕ ਡਿਊਟੀ ਲੱਗਦੀ ਸੀ। ਹੁਣ ਇਨ੍ਹਾਂ ਖੇਤਰਾਂ ਦੇ ਉਤਪਾਦਾਂ ਨੂੰ ਯੂ.ਕੇ. ਵਿੱਚ ਸਿਫ਼ਰ ਡਿਊਟੀ ਪਹੁੰਚ ਮਿਲਣ ਨਾਲ ਉਨ੍ਹਾਂ ਦੀ ਪ੍ਰਤੀਯੋਗਤਾ ਵਧੇਗੀ, ਜਿਸ ਦਾ ਸਿੱਧਾ ਲਾਭ ਹਰਿਆਣਾ ਨੂੰ ਮਿਲੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਹਰਿਆਣਾ ਵਿੱਚ ਪਾਣੀਪਤ ਦਾ ਟੈਕਸਟਾਈਲ ਅਤੇ ਹੋਮ ਫਰਨਿਸ਼ਿੰਗ ਉਦਯੋਗ, ਗੁਰੂਗ੍ਰਾਮ-ਮਾਨੇਸਰ ਦਾ ਆਟੋਮੋਬਾਈਲ ਅਤੇ ਆਟੋ-ਪਾਰਟਸ ਉਦਯੋਗ, ਫਰੀਦਾਬਾਦ ਦਾ ਇੰਜੀਨੀਅਰਿੰਗ ਅਤੇ ਨਿਰਮਾਣ ਖੇਤਰ ਅਤੇ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਇਸ ਮੌਕੇ ਦਾ ਲਾਭ ਉਠਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਹਰਿਆਣਾ ਲਈ ਇੰਜੀਨੀਅਰਿੰਗ ਉਤਪਾਦ ਅਤੇ ਆਟੋ-ਪਾਰਟਸ ਵਿਸ਼ੇਸ਼ ਮਹੱਤਵ ਰੱਖਦੇ ਹਨ। ਸਮਝੌਤੇ ਤਹਿਤ ਇਨ੍ਹਾਂ ਖੇਤਰਾਂ ਨੂੰ ਯੂ.ਕੇ. ਦੇ ਬਾਜ਼ਾਰ ਵਿੱਚ ਡਿਊਟੀ-ਮੁਕਤ ਪਹੁੰਚ ਮਿਲਣ ਨਾਲ ਹਰਿਆਣਾ ਦੇ ਨਿਰਮਾਤਾਵਾਂ ਅਤੇ ਐਮ.ਐਸ.ਐਮ.ਈ. ਦੀ ਅੰਤਰਰਾਸ਼ਟਰੀ ਮੁਕਾਬਲੇ ਮਜ਼ਬੂਤ ਹੋਵੇਗੀ। ਇਸ ਦੀ ਪ੍ਰਤੱਖ ਉਦਾਹਰਣ 15 ਜੁਲਾਈ, 2026 ਨੂੰ ਦੇਖਣ ਨੂੰ ਮਿਲੀ, ਜਦੋਂ ਸਮਝੌਤੇ ਦੇ ਲਾਗੂ ਹੋਣ ਤੋਂ ਬਾਅਦ ਹਰਿਆਣਾ ਤੋਂ ਯੂ.ਕੇ. ਲਈ ਫਾਸਟਨਰਜ਼ ਦੀ ਪਹਿਲੀ ਨਿਰਯਾਤ ਖੇਪ ਰਵਾਨਾ ਹੋਈ। ਇਸ ਨੂੰ ਹਰਿਆਣਾ ਦੇ ਨਿਰਮਾਣ ਅਤੇ ਨਿਰਯਾਤ ਖੇਤਰ ਲਈ ਇੱਕ ਨਵੇਂ ਮੌਕੇ ਦੀ ਸ਼ੁਰੂਆਤ ਵਜੋਂ ਦੇਖਿਆ ਗਿਆ।



ਸ੍ਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਹਰਿਆਣਾ ਦੇ ਟੈਕਸਟਾਈਲ, ਕਪੜਾ, ਹੋਮ ਫਰਨਿਸ਼ਿੰਗ ਅਤੇ ਹੋਰ ਕਿਰਤ-ਪ੍ਰਧਾਨ ਉਦਯੋਗ ਵੱਡੀ ਗਿਣਤੀ ਵਿੱਚ ਰੁਜ਼ਗਾਰ ਮੁਹੱਈਆ ਕਰਵਾਉਂਦੇ ਹਨ। ਭਾਰਤ-ਯੂਨਾਈਟਿਡ ਕਿੰਗਡਮ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤੇ ਤਹਿਤ ਇਨ੍ਹਾਂ ਉਤਪਾਦਾਂ ਨੂੰ ਯੂ.ਕੇ. ਦੇ ਬਾਜ਼ਾਰ ਵਿੱਚ ਡਿਊਟੀ-ਮੁਕਤ ਪਹੁੰਚ ਮਿਲਣ ਨਾਲ ਨਿਰਯਾਤ ਆਰਡਰ ਵਧਣ, ਉਤਪਾਦਨ ਸਮਰੱਥਾ ਦੇ ਵਿਸਤਾਰ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧੀਆਂ ਹਨ। ਇਸ ਨਾਲ ਵਿਸ਼ੇਸ਼ ਤੌਰ 'ਤੇ ਐਮ.ਐਸ.ਐਮ.ਈ., ਕਾਰੀਗਰਾਂ, ਮਹਿਲਾ ਉੱਦਮੀਆਂ ਅਤੇ ਛੋਟੇ ਨਿਰਯਾਤਕਾਂ ਨੂੰ ਗਲੋਬਲ ਮੁੱਲ ਲੜੀ ਨਾਲ ਜੁੜਨ ਦਾ ਮੌਕਾ ਮਿਲੇਗਾ।

ਉਨ੍ਹਾਂ ਦੱਸਿਆ ਕਿ ਹਰਿਆਣਾ ਦੀ ਮਜ਼ਬੂਤ ਖੇਤੀਬਾੜੀ ਅਰਥਵਿਵਸਥਾ ਨੂੰ ਵੇਖਦਿਆਂ ਭਾਰਤ-ਯੂਨਾਈਟਿਡ ਕਿੰਗਡਮ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤੇ ਤਹਿਤ ਖੇਤੀਬਾੜੀ ਅਤੇ ਪ੍ਰੋਸੈਸਡ ਫੂਡ ਉਤਪਾਦਾਂ ਲਈ ਯੂ.ਕੇ. ਦਾ ਬਾਜ਼ਾਰ ਮਹੱਤਵਪੂਰਨ ਮੌਕਾ ਬਣ ਕੇ ਉੱਭਰਿਆ ਹੈ। ਯੂ.ਕੇ. ਨੇ ਇਸ ਸਮਝੌਤੇ ਤਹਿਤ ਲਗਭਗ ਸਾਰੇ ਭਾਰਤੀ ਖੇਤੀਬਾੜੀ ਨਿਰਯਾਤ ਲਈ ਡਿਊਟੀ-ਮੁਕਤ ਬਾਜ਼ਾਰ ਉਪਲਬਧ ਕਰਵਾਇਆ ਹੈ, ਜਦੋਂ ਕਿ ਕੁਝ ਸੰਵੇਦਨਸ਼ੀਲ ਉਤਪਾਦਾਂ ਨੂੰ ਅਪਵਾਦ ਦੇ ਰੂਪ ਵਿੱਚ ਰੱਖਿਆ ਗਿਆ ਹੈ।

ਇਸ ਨਾਲ ਹਰਿਆਣਾ ਵਿੱਚ ਫਲ-ਸਬਜ਼ੀਆਂ, ਪ੍ਰੋਸੈਸਡ ਫੂਡ ਉਤਪਾਦਾਂ, ਮਸਾਲਿਆਂ, ਅਨਾਜ ਨਾਲ ਜੁੜੇ ਮੁੱਲ-ਵਰਧਿਤ ਉਤਪਾਦਾਂ ਅਤੇ ਹੋਰ ਖੇਤੀਬਾੜੀ-ਆਧਾਰਿਤ ਉਤਪਾਦਾਂ ਦੇ ਨਿਰਯਾਤ ਨੂੰ ਪ੍ਰੋਤਸਾਹਨ ਮਿਲੇਗਾ। ਇਸ ਨਾਲ ਕਿਸਾਨਾਂ ਦੇ ਨਾਲ-ਨਾਲ ਐਫ.ਪੀ.ਓ., ਖੇਤੀਬਾੜੀ-ਪ੍ਰੋਸੈਸਿੰਗ ਯੂਨਿਟਾਂ ਅਤੇ ਐਮ.ਐਸ.ਐਮ.ਈ. ਨੂੰ ਵੀ ਲਾਭ ਪਹੁੰਚਣ ਦੀ ਸੰਭਾਵਨਾ ਹੈ।

ਇਹ ਸਮਝੌਤਾ ਸਿਰਫ਼ ਵਸਤੂਆਂ ਦੇ ਨਿਰਯਾਤ ਤੱਕ ਸੀਮਤ ਨਹੀਂ ਹੈ, ਸਗੋਂ ਇਸ ਨੇ ਯੂ.ਕੇ. ਵਿੱਚ ਭਾਰਤੀ ਸੇਵਾਵਾਂ ਲਈ 137 ਉਪ-ਖੇਤਰਾਂ ਵਿੱਚ ਵਿਆਪਕ ਬਾਜ਼ਾਰ ਪਹੁੰਚ ਪ੍ਰਦਾਨ ਕੀਤੀ ਹੈ। ਇਨ੍ਹਾਂ ਵਿੱਚ ਆਈ.ਟੀ./ਆਈ.ਟੀ.ਈ.ਐਸ., ਬਿਜ਼ਨਸ ਸਰਵਿਸਿਜ਼, ਪ੍ਰੋਫੈਸ਼ਨਲ ਸਰਵਿਸਿਜ਼, ਵਿੱਤੀ ਸੇਵਾਵਾਂ, ਦੂਰਸੰਚਾਰ ਅਤੇ ਸਿੱਖਿਆ ਸੇਵਾਵਾਂ ਪ੍ਰਮੁੱਖ ਹਨ। ਇਹ ਹਰਿਆਣਾ ਦੇ ਗੁਰੂਗ੍ਰਾਮ ਸਮੇਤ ਪ੍ਰਮੁੱਖ ਆਈ.ਟੀ. ਅਤੇ ਸੇਵਾ ਕੇਂਦਰਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਸਾਫਟਵੇਅਰ, ਡਿਜੀਟਲ ਸੇਵਾਵਾਂ, ਬੀ.ਪੀ.ਓ., ਪ੍ਰਬੰਧਨ ਸਲਾਹ, ਵਿੱਤੀ ਸੇਵਾਵਾਂ, ਇੰਜੀਨੀਅਰਿੰਗ ਡਿਜ਼ਾਈਨ ਅਤੇ ਤਕਨੀਕੀ ਸਲਾਹ ਵਰਗੇ ਖੇਤਰਾਂ ਵਿੱਚ ਅੰਤਰਰਾਸ਼ਟਰੀ ਕਾਰੋਬਾਰ ਵਧਾਉਣ ਦੀਆਂ ਸੰਭਾਵਨਾਵਾਂ ਮਜ਼ਬੂਤ ਹੋਈਆਂ ਹਨ। ਇਸ ਸਮਝੌਤੇ ਤਹਿਤ ਭਾਰਤੀ ਪੇਸ਼ੇਵਰਾਂ ਲਈ ਯੂ.ਕੇ. ਵਿੱਚ ਸੇਵਾਵਾਂ ਪ੍ਰਦਾਨ ਕਰਨ ਦੇ ਸਬੰਧ ਵਿੱਚ ਪ੍ਰਵੇਸ਼ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਅਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਸਹੂਲਤ ਦੇਣ ਦਾ ਪ੍ਰਬੰਧ ਹੈ। ਆਰਕੀਟੈਕਟ, ਇੰਜੀਨੀਅਰ, ਸ਼ੈਫ, ਯੋਗ ਕੋਚ ਅਤੇ ਸੰਗੀਤਕਾਰਾਂ ਸਮੇਤ ਵੱਖ-ਵੱਖ ਪੇਸ਼ੇਵਰਾਂ ਲਈ ਮੌਕੇ ਵਧਣਗੇ। ਇਸ ਦੇ ਨਾਲ ਹੀ ਭਾਰਤੀ ਪੇਸ਼ੇਵਰਾਂ ਅਤੇ ਉਨ੍ਹਾਂ ਦੇ ਮਾਲਕਾਂ ਲਈ ਯੂ.ਕੇ. ਵਿੱਚ ਤਿੰਨ ਸਾਲ ਤੱਕ ਸਮਾਜਿਕ ਸੁਰੱਖਿਆ ਯੋਗਦਾਨ ਤੋਂ ਛੋਟ ਦਾ ਪ੍ਰਬੰਧ ਵੀ ਪ੍ਰਤੀਯੋਗੀ ਲਾਭ ਪ੍ਰਦਾਨ ਕਰਦਾ ਹੈ।

ਭਾਰਤ-ਯੂਨਾਈਟਿਡ ਕਿੰਗਡਮ ਵਿਚਕਾਰ ਹੋਇਆ ਇਹ ਸਮਝੌਤਾ ਹਰਿਆਣਾ ਲਈ ਸਿਰਫ਼ ਨਿਰਯਾਤ ਵਧਾਉਣ ਦਾ ਸਾਧਨ ਨਹੀਂ, ਸਗੋਂ ਉਤਪਾਦਨ, ਨਿਵੇਸ਼, ਰੁਜ਼ਗਾਰ, ਐਮ.ਐਸ.ਐਮ.ਈ. ਵਿਕਾਸ ਅਤੇ ਗਲੋਬਲ ਮੁੱਲ ਲੜੀ ਵਿੱਚ ਰਾਜ ਦੀ ਭਾਗੀਦਾਰੀ ਵਧਾਉਣ ਦਾ ਮੌਕਾ ਹੈ। ਇਸ ਸਮਝੌਤੇ ਨਾਲ ਭਾਰਤ ਦੇ ਹੋਰ ਨਵੇਂ ਵਪਾਰਕ ਸਮਝੌਤਿਆਂ ਤੋਂ ਵੀ ਭਾਰਤੀ ਨਿਰਯਾਤਕਾਂ ਲਈ ਵੱਖ-ਵੱਖ ਗਲੋਬਲ ਬਾਜ਼ਾਰਾਂ ਵਿੱਚ ਪਹੁੰਚ ਦਾ ਵਿਸਤਾਰ ਹੋ ਰਿਹਾ ਹੈ। ਅਜਿਹੇ ਵਿੱਚ ਹਰਿਆਣਾ ਦੇ ਉਦਯੋਗਾਂ ਸਾਹਮਣੇ ਹੁਣ ਆਪਣੇ ਉਤਪਾਦਾਂ ਦੀ ਗੁਣਵੱਤਾ, ਪੈਕੇਜਿੰਗ, ਅੰਤਰਰਾਸ਼ਟਰੀ ਮਾਨਕਾਂ ਅਤੇ ਮੁਕਾਬਲੇਬਾਜ਼ੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਗਲੋਬਲ ਬਾਜ਼ਾਰ ਵਿੱਚ ਵਿਸਤਾਰ ਕਰਨ ਦਾ ਵਿਆਪਕ ਮੌਕਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਭਾਰਤ-ਯੂਨਾਈਟਿਡ ਕਿੰਗਡਮ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤਾ ਹਰਿਆਣਾ ਨੂੰ ਗਲੋਬਲ ਮਾਰਕੀਟ ਨਾਲ ਜੋੜਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਸਾਬਤ ਹੋਵੇਗਾ। ਇਸ ਨਾਲ ਰਾਜ ਦੇ ਉਦਯੋਗ, ਕਿਸਾਨ, ਕਾਰੀਗਰ, ਐਮ.ਐਸ.ਐਮ. ਈ., ਸਟਾਰਟਅੱਪ ਅਤੇ ਸੇਵਾ ਖੇਤਰ ਗਲੋਬਲ ਬਾਜ਼ਾਰ ਵਿੱਚ ਆਪਣੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰ ਸਕਣਗੇ ਅਤੇ ਨਿਰਯਾਤ-ਆਧਾਰਿਤ ਵਿਕਾਸ ਅਤੇ ਰੁਜ਼ਗਾਰ ਸਿਰਜਣ ਨੂੰ ਨਵੀਂ ਗਤੀ ਮਿਲੇਗੀ।

# ਖੰਡ ਦੀਆਂ ਵਧਦੀਆਂ ਕੀਮਤਾਂ 'ਤੇ ਸਰਕਾਰ ਦੀ ਸ਼ਖ਼ਤੀ; ਜਮਹਾਂਖੋਰੀ ਰੋਕਣ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 22 ਅਗਸਤ। ਦੇਸ਼ ਵਿੱਚ ਪਿਛਲੇ ਕੁਝ ਹਫ਼ਤਿਆਂ ਦੌਰਾਨ ਖੰਡ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਖੰਡ ਦੀ ਢੁਕਵੀਂ ਉਪਲਬਧਤਾ ਯਕੀਨੀ ਬਣਾਉਣ ਅਤੇ ਕੀਮਤਾਂ ਨੂੰ ਸਥਿਰ ਰੱਖਣ ਲਈ ਕਈ ਸਖ਼ਤ ਕਦਮ ਚੁੱਕੇ ਹਨ। ਸਰਕਾਰੀ ਅੰਕੜਿਆਂ ਅਨੁਸਾਰ, ਖੰਡ ਦੀਆਂ ਕੀਮਤਾਂ 20 ਜੁਲਾਈ 2026 ਨੂੰ 48.18 ਰੁਪਏ ਪ੍ਰਤੀ ਕਿਲੋਗ੍ਰਾਮ ਸਨ, ਜੋ ਕਿ 20 ਅਗਸਤ 2026 ਤੱਕ ਵੱਧ ਕੇ 55.70 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈਆਂ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕੀਮਤਾਂ ਵਿੱਚ ਹੋਏ ਇਸ ਵਾਧੇ ਲਈ ਇਥਾਨੌਲ ਉਤਪਾਦਨ ਨੂੰ ਜ਼ਿੰਮੇਵਾਰ ਠਹਿਰਾਉਣਾ ਗ਼ਲਤ ਹੈ, ਕਿਉਂਕਿ ਇਥਾਨੌਲ ਲਈ ਵਰਤੀ ਜਾਣ ਵਾਲੀ ਖੰਡ ਦੀ ਹਿੱਸੇਦਾਰੀ 2022-23 ਵਿੱਚ ਲਗਭਗ 12% ਤੋਂ ਘਟ ਕੇ 2025-26 ਵਿੱਚ ਲਗਭਗ 9% ਰਹਿ ਗਈ ਹੈ। ਅਸਲ ਵਿੱਚ, ਮੌਜੂਦਾ ਵਾਧੇ ਦੇ ਮੁੱਖ ਕਾਰਨ ਘਰੇਲੂ ਉਤਪਾਦਨ ਵਿੱਚ ਉਮੀਦ ਨਾਲੋਂ ਕਮੀ, ਤਿਉਹਾਰਾਂ ਕਾਰਨ ਵਧੀ ਮੰਗ, ਬਹੁਤ ਜ਼ਿਆਦਾ ਮੀਂਹ ਕਾਰਨ ਫ਼ਸਲਾਂ ਦਾ ਨੁਕਸਾਨ, ਕੌਮਾਂਤਰੀ ਪੱਧਰ 'ਤੇ ਖੰਡ ਦੀ ਕਮੀ ਅਤੇ ਉਦਯੋਗ ਦੇ ਕੁਝ ਹਿੱਸਿਆਂ ਵੱਲੋਂ ਕੀਤੀ ਜਾ ਰਹੀ ਜਮ?ਾਂਖੋਰੀ ਤੇ ਸੱਟੇਬਾਜ਼ੀ ਹਨ। ਗੰਨਾ ਉਤਪਾਦਕ ਸੂਬਿਆਂ ਦੇ ਸ਼ੁਰੂਆਤੀ ਅਨੁਮਾਨ 343 ਲੱਖ ਮੀਟ੍ਰਿਕ ਟਨ (*$") ਦੇ ਮੁਕਾਬਲੇ ਮੌਜੂਦਾ ਸੀਜ਼ਨ ਵਿੱਚ ਖੰਡ ਦਾ ਕੁੱਲ ਉਤਪਾਦਨ ਲਗਭਗ ਰਹਿਣ ਦੀ ਉਮੀਦ ਹੈ। ਗੰਨੇ ਦੀ ਫ਼ਸਲ 'ਰੈੱਡ ਰੌਟ' ਅਤੇ 'ਟੌਪ ਬੋਰਰ' ਬਿਮਾਰੀਆਂ ਅਤੇ ਬਹੁਤ ਜ਼ਿਆਦਾ ਮੀਂਹ ਕਾਰਨ ਹੋਏ ਜਲ-ਥਲ ਕਾਰਨ ਪ੍ਰਭਾਵਿਤ ਹੋਈ ਹੈ। ਸਟਾਕ ਸੀਮਾ ਲਾਗੂ: ਦੇਸ਼ ਭਰ ਦੇ ਖੰਡ ਡੀਲਰਾਂ ਲਈ 1 ਅਗਸਤ ਤੋਂ 30 ਨਵੰਬਰ 2026 ਤੱਕ 400 ਟਨ ਦੀ ਸਟਾਕ ਸੀਮਾ ਲਾਗੂ ਕੀਤੀ ਗਈ ਹੈ। ਥੋਕ ਖਪਤਕਾਰਾਂ 'ਤੇ ਸ਼ਰਤ: 1 ਸਤੰਬਰ ਤੋਂ ਥੋਕ ਖਪਤਕਾਰਾਂ ਨੂੰ 15 ਦਿਨਾਂ ਦੀ ਖਪਤ ਤੋਂ ਵੱਧ ਖੰਡ ਦਾ ਸਟਾਕ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ। ਡਿਊਟੀ-ਮੁਕਤ ਆਯਾਤ: ਦੇਸ਼ ਵਿੱਚ ਖੰਡ ਦੀ ਉਪਲਬਧਤਾ ਵਧਾਉਣ ਲਈ ਸਰਕਾਰ ਨੇ 10 ਲੱਖ ਮੀਟ੍ਰਿਕ ਟਨ ਕੱਚੀ ਖੰਡ ਦੇ ਡਿਊਟੀ-ਮੁਕਤ ਆਯਾਤ ਦੀ ਮਨਜ਼ੂਰੀ ਦਿੱਤੀ ਹੈ। ਸਰਕਾਰੀ ਜਾਂਚ: ਕੇਂਦਰ ਅਤੇ ਰਾਜ ਸਰਕਾਰ ਦੇ ਅਧਿਕਾਰੀਆਂ ਦੀਆਂ ਸਾਂਝੀਆਂ ਟੀਮਾਂ ਖੰਡ ਮਿੱਲਾਂ ਵਿੱਚ ਜਾ ਕੇ ਸਟਾਕ ਦੀ ਭੌਤਿਕ ਜਾਂਚ ਕਰ ਰਹੀਆਂ ਹਨ। ਸਮੇਂ ਤੋਂ ਪਹਿਲਾਂ ਪੀੜਾਈ: ਸੂਬਾ ਅਤੇ ਮਿੱਲਾਂ ਨੂੰ 15 ਅਕਤੂਬਰ 2026 ਤੋਂ ਗੰਨੇ ਦੀ ਪੀੜਾਈ ਸ਼ੁਰੂ ਕਰਨ ਦੀ ਸਲਾਹ ਦਿੱਤੀ ਗਈ ਹੈ, ਜਿਸ ਨਾਲ ਅਕਤੂਬਰ ਮਹੀਨੇ ਦਾ ਉਤਪਾਦਨ ਆਮ ਤੌਰ 'ਤੇ ਹੁੰਦੇ 3-4 ਤੋਂ ਵਧ ਕੇ 10 ਤੋਂ ਪਾਰ ਹੋਣ ਦੀ ਉਮੀਦ ਹੈ। ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਅਕਤੂਬਰ ਵਿੱਚ ਨਵਾਂ ਸੀਜ਼ਨ ਸ਼ੁਰੂ ਹੋਣ ਤੱਕ ਦੇਸ਼ ਵਿੱਚ ਘਰੇਲੂ ਮੰਗ ਨੂੰ ਪੂਰਾ ਕਰਨ ਲਈ ਲੋੜੀਂਦਾ ਸਟਾਕ ਮੌਜੂਦ ਹੈ। ਇਸ ਦੇ ਨਾਲ ਹੀ ਗੰਨਾ ਕਿਸਾਨਾਂ ਦੇ ਬਕਾਏ ਦੀ ਅਦਾਇਗੀ ਵੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ, ਜਿਸ ਤਹਿਤ 20 ਅਗਸਤ 2026 ਤੱਕ 2025-26 ਸੀਜ਼ਨ ਦੇ 97% ਬਕਾਏ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ।



# ਗੈਰ-ਕਾਨੂੰਨੀ ਪਾਨ ਮਸਾਲਾ ਤੇ ਤੰਬਾਕੂ ਫੈਕਟਰੀ ਦਾ ਪਰਦਾਫਾਸ਼, 185 ਕਰੋੜ ਦੀ ਫੜੀ ਟੈਕਸ ਚੋਰੀ

ਬਿਜ਼ਨੈੱਸ ਡੈਸਕ 22 ਅਗਸਤ। ਵਸਤੂ ਅਤੇ ਸੇਵਾ ਟੈਕਸ ਖੁਫੀਆ ਡਾਇਰੈਕਟੋਰੇਟ ਜਨਰਲ (ਡੀਜੀਜੀਆਈ) ਦੇ ਅਧਿਕਾਰੀਆਂ ਨੇ ਉੱਤਰ ਪ੍ਰਦੇਸ਼ 'ਚ ਇੱਕ ਗੈਰ-ਕਾਨੂੰਨੀ ਪਾਨ ਮਸਾਲਾ ਅਤੇ ਤੰਬਾਕੂ ਫੈਕਟਰੀ ਦਾ ਪਰਦਾਫਾਸ਼ ਕੀਤਾ ਹੈ। ਇਸ ਦੇ ਨਾਲ ਹੀ 27 ਪਾਊਚ-ਪੈਕਿੰਗ ਮਸ਼ੀਨਾਂ ਜ਼ਬਤ ਕੀਤੀਆਂ ਹਨ ਅਤੇ ਲਗਭਗ 185 ਕਰੋੜ ਰੁਪਏ ਦੀ ਟੈਕਸ ਚੋਰੀ ਦਾ ਪਤਾ ਲਗਾਇਆ ਹੈ। ਵਿੱਤ ਮੰਤਰਾਲੇ ਨੇ ਅੱਜ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਡੀਜੀਜੀਆਈ ਦੀ ਲਖਨਊ ਖੇਤਰੀ ਇਕਾਈ ਨੇ ਉੱਤਰ ਪ੍ਰਦੇਸ਼ ਦੇ ਚਿੱਤਰਕੂਟ ਅਤੇ ਬੰਦਾ ਜ਼ਿਲ੍ਹਿਆਂ ਵਿੱਚ ਛੇ ਥਾਵਾਂ 'ਤੇ ਪਾਨ ਮਸਾਲਾ, ਫਲੇਵਰਡ ਜ਼ਰਦਾ ਅਤੇ ਗੁਟਖੇ ਦੇ ਗੈਰ-ਕਾਨੂੰਨੀ ਨਿਰਮਾਣ ਕਾਰਜ ਦਾ ਪਰਦਾਫਾਸ਼ ਕੀਤਾ ਹੈ। 18 ਅਗਸਤ ਨੂੰ ਅੱਧੀ ਰਾਤ ਦੇ ਕਰੀਬ ਲਈ ਗਈ ਤਲਾਸ਼ੀ ਦੌਰਾਨ ਫਲੇਵਰਡ ਜ਼ਰਦਾ ਲਈ ਛੇ, ਪਾਨ ਮਸਾਲਾ ਲਈ ਨੌਂ ਅਤੇ ਦੋਹਰਾ/ਦੇਸੀ ਗੁਟਖੇ ਲਈ 12 ਪਾਊਚ-ਪੈਕਿੰਗ ਮਸ਼ੀਨਾਂ ਸਮੇਤ ਕੁੱਲ 27 ਅਣ-ਐਲਾਨੀ ਮਸ਼ੀਨਾਂ ਜ਼ਬਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਮਿਕਸਿੰਗ, ਸੁਪਾਰੀ ਕਰੱਸ਼ ਕਰਨ ਅਤੇ ਸੁਕਾਉਣ ਵਾਲੀਆਂ ਮਸ਼ੀਨਾਂ ਵੀ ਮਿਲੀਆਂ। ਕਾਰਵਾਈ ਦੌਰਾਨ, ਪਾਨ ਮਸਾਲਾ, ਚਬਾਉਣ ਵਾਲਾ ਤੰਬਾਕੂ, ਸੁਗੰਧਿਤ ਜ਼ਰਦਾ ਅਤੇ ਸੁਗੰਧਿਤ ਸੁਪਾਰੀ ਦੇ 15,50,922 ਤਿਆਰ ਪਾਊਚ ਵੀ ਜ਼ਬਤ ਕੀਤੇ ਗਏ। ਜ਼ਬਤ ਕੀਤੇ ਗਏ ਕੱਚੇ ਮਾਲ ਅਤੇ ਪੈਕੇਜਿੰਗ ਸਮੱਗਰੀ ਵਿੱਚ 32.9 ਟਨ ਸਾਬਤ ਅਤੇ ਕੱਟੀ ਹੋਈ ਸੁਪਾਰੀ, 2.8 ਟਨ ਤੰਬਾਕੂ, 8.4 ਟਨ ਪੈਕਿੰਗ ਸਮੱਗਰੀ, 470 ਕਿਲੋਗ੍ਰਾਮ ਕੱਥਾ ਪਾਊਡਰ, 850 ਕਿਲੋਗ੍ਰਾਮ ਗਲਿਸਰੀਨ, 545 ਕਿਲੋਗ੍ਰਾਮ ਐਸੈਂਸ ਅਤੇ 256 ਕਿਲੋਗ੍ਰਾਮ ਖੁੱਲ੍ਹਾ ਪਾਨ ਮਸਾਲਾ ਸ਼ਾਮਲ ਹੈ। ਮੰਤਰਾਲੇ ਨੇ ਕਿਹਾ ਕਿ ਹੁਣ ਤੱਕ 185 ਕਰੋੜ ਰੁਪਏ ਦੀ ਜੀਐਸਟੀ, ਸੈੱਸ ਅਤੇ ਕੇਂਦਰੀ ਆਬਕਾਰੀ ਡਿਊਟੀ ਦੀ ਚੋਰੀ ਦਾ ਪਤਾ ਲੱਗਿਆ ਹੈ।

## 7 ਮਹੀਨਿਆਂ 'ਚ 2 ਹਜ਼ਾਰ ਤੋਂ ਵੱਧ ਮੁਲਜ਼ਮ ਗ੍ਰਿਫ਼ਤਾਰ

ਅੰਮ੍ਰਿਤਸਰ/ਜਲੰਧਰ 22 ਅਗਸਤ। ਪੰਜਾਬ ਪੁਲਸ ਵੱਲੋਂ ਨਸ਼ਾ ਸਮੱਗਲਰਾਂ, ਗੈਂਗਸਟਰਾਂ ਅਤੇ ਸੰਗਠਿਤ ਅਪਰਾਧ ਖ਼?ਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਾਲ 2026 ਦੇ ਪਹਿਲੇ 7 ਮਹੀਨਿਆਂ ਦੌਰਾਨ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਜਨਵਰੀ ਤੋਂ ਹੁਣ ਤੱਕ ਪੁਲਸ ਨੇ 111.559 ਕਿਲੋਗ੍ਰਾਮ ਹੈਰੋਇਨ ਬਰਾਮਦ ਕਰਦਿਆਂ ਐੱਨ. ਡੀ. ਪੀ. ਐੱਸ. ਐਕਟ ਤਹਿਤ 1,137 ਮਾਮਲੇ ਦਰਜ ਕੀਤੇ ਹਨ ਅਤੇ ਵੱਖ-ਵੱਖ ਕਾਰਵਾਈਆਂ ਦੌਰਾਨ 2 ਹਜ਼ਾਰ ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਕਈ ਅੰਤਰਰਾਸ਼ਟਰੀ ਡਰੱਗ ਨੈੱਟਵਰਕਾਂ ਦਾ ਪਰਦਾਫ਼ਾਸ਼ ਕਰ ਕੇ ਸਰਹੱਦ ਪਾਰੋਂ ਹੋਣ ਵਾਲੀ ਨਸ਼ਾ ਸਮੱਗਲਿੰਗ ਨੂੰ ਵੀ ਵੱਡਾ ਝਟਕਾ ਦਿੱਤਾ ਗਿਆ ਹੈ। ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸਖ਼ਤ ਕਾਨੂੰਨੀ ਕਾਰਵਾਈ ਦੇ ਨਾਲ-ਨਾਲ ਨਸ਼ਾ ਮੁਕਤੀ ਅਤੇ ਮੁੜ ਵਸੇਬੇ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਹੁਣ ਤੱਕ 1,553 ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ, ਜਦਕਿ 2,443 ਵਿਅਕਤੀਆਂ ਨੂੰ ਓਪੀਓਇਡ ਅਸਿਸਟਿਡ ਟ?ਰੀਟਮੈਂਟ ਕੇਂਦਰਾਂ ਵਿੱਚ ਭੇਜਿਆ ਗਿਆ ਹੈ। ਇਸ ਤੋਂ ਇਲਾਵਾ 281 ਵਿਅਕਤੀਆਂ ਨੂੰ ਐਨਡੀਪੀਐਸ ਐਕਟ ਦੀ ਧਾਰਾ 64-ਏ ਦਾ ਲਾਭ ਵੀ ਦਿੱਤਾ ਗਿਆ।

# ਸਮੁੰਦਰੀ ਡਾਕੂਆਂ ਨੇ 22 ਭਾਰਤੀ ਨਾਗਰਿਕਾਂ ਸਮੇਤ 2 ਵਪਾਰਕ ਕੀਤੇ ਅਗਵਾ



ਨੈਸ਼ਨਲ ਡੈਸਕ 22 ਅਗਸਤ। ਯਮਨ ਤੇ ਸੋਮਾਲੀਆ ਦੇ ਤੱਟਾਂ ਤੋਂ ਵੱਖ-ਵੱਖ ਘਟਨਾਵਾਂ 'ਚ ਸਮੁੰਦਰੀ ਡਾਕੂਆਂ ਨੇ ਕੁੱਲ 22 ਭਾਰਤੀ ਨਾਗਰਿਕਾਂ ਨੂੰ ਲੈ ਕੇ ਜਾਣ ਵਾਲੇ ਦੋ ਵਪਾਰਕ ਜਹਾਜ਼ਾਂ ਨੂੰ ਅਗਵਾ ਕਰ ਲਿਆ। ਸ਼ਿਪਿੰਗ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਤਾਜ਼ਾ ਜਾਣਕਾਰੀ ਅਨੁਸਾਰ, ਭਾਰਤੀ ਚਾਲਕ ਦਲ ਦੇ ਮੈਂਬਰ ਸੁਰੱਖਿਅਤ ਹਨ। ਅਧਿਕਾਰੀ ਨੇ ਦੱਸਿਆ ਕਿ ਹਥਿਆਰਬੰਦ ਸਮੁੰਦਰੀ ਡਾਕੂਆਂ ਨੇ 20 ਅਗਸਤ ਨੂੰ ਅਦਨ ਦੀ ਖਾੜੀ ਵਿੱਚ ਯਮਨ ਦੇ ਤੱਟ ਤੋਂ ਲਗਭਗ 30 ਸਮੁੰਦਰੀ ਮੀਲ ਦੂਰ, ਇਰੀਟ?ਰੀਅਨ ਝੰਡੇ ਵਾਲੇ ਤੇਲ ਉਤਪਾਦ ਟੈਂਕਰ ਐਮਟੀ ਸਿਬੂ 1 ਨੂੰ ਅਗਵਾ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਜਹਾਜ਼ 'ਤੇ ਸਵਾਰ 20 ਚਾਲਕ ਦਲ ਦੇ ਮੈਂਬਰਾਂ ਵਿੱਚ 16 ਭਾਰਤੀ ਅਤੇ ਸੀਰੀਆ, ਸੁਡਾਨ ਅਤੇ ਇਰਾਕ ਦਾ ਇੱਕ-ਇੱਕ ਵਿਅਕਤੀ ਸ਼ਾਮਲ ਸੀ, ਜਦੋਂ ਕਿ ਇੱਕ ਹੋਰ ਮਲਾਹ ਦੀ ਕੌਮੀਅਤ ਦੀ ਪੁਸ਼ਟੀ ਅਜੇ ਨਹੀਂ ਹੋਈ ਹੈ। ਉਨ੍ਹਾਂ ਕਿਹਾ ਭਰਤੀ ਅਤੇ ਪਲੇਸਮੈਂਟ ਸੇਵਾਵਾਂ ਲਾਇਸੈਂਸ (ਆਰਪੀਐਸਐਲ) ਏਜੰਸੀ, ਐਸਕੇਐਸ ਕ੍ਰਿਸ਼ੀ ਮਰੀਨ ਸਰਵਿਸਿਜ਼ (ਓਪੀਸੀ) ਪ੍ਰਾਈਵੇਟ ਲਿਮਟਿਡ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਛੇ ਹਥਿਆਰਬੰਦ ਸਮੁੰਦਰੀ ਡਾਕੂ ਇਸ ਸਮੇਂ ਜਹਾਜ਼ 'ਤੇ ਸਵਾਰ ਹਨ ਅਤੇ ਉਨ੍ਹਾਂ ਨੇ ਇਸ 'ਤੇ ਕਬਜ਼ਾ ਕਰ ਲਿਆ ਹੈ, । ਅਧਿਕਾਰੀ ਨੇ ਕਿਹਾ ਕਿ ਆਰਪੀਐਸਐਲ ਏਜੰਸੀ ਨੂੰ ਜਾਂਚ ਅਤੇ ਰਿਕਾਰਡ ਰੱਖਣ ਲਈ ਈ-ਨਾਵਿਕ ਔਨਲਾਈਨ ਸਮੁੰਦਰੀ ਦੁਰਘਟਨਾ ਰਿਪੋਰਟਿੰਗ ਸਿਸਟਮ ਰਾਹੀਂ ਘਟਨਾ ਰਿਪੋਰਟਾਂ ਅਤੇ ਬਾਅਦ ਦੇ ਅਪਡੇਟਸ ਜਮ?ਾਂ ਕਰਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਮੁੰਦਰੀ ਡਾਕੂਆਂ ਨੇ 17 ਅਗਸਤ ਨੂੰ ਸੋਮਾਲੀਆ ਦੇ ਪੁੰਟਲੈਂਡ ਤੱਟ ਤੋਂ ਕੈਮਰੂਨ ਦੇ ਝੰਡੇ ਵਾਲੇ ਇੱਕ ਹੋਰ ਕਾਰਗੋ ਜਹਾਜ਼, ਲੂਟੂਫ ਨੂੰ ਹਾਈਜੈਕ ਕਰ ਲਿਆ ਸੀ। ਜਹਾਜ਼ ਦੇ 10 ਚਾਲਕ ਦਲ ਦੇ ਮੈਂਬਰਾਂ ਵਿੱਚੋਂ ਛੇ ਭਾਰਤੀ ਹਨ। ਜਾਣਕਾਰੀ ਅਨੁਸਾਰ, ਅੱਠ ਸਮੁੰਦਰੀ ਡਾਕੂ ਦੋ ਛੋਟੀਆਂ ਕਿਸ਼ਤੀਆਂ ਵਿੱਚ ਜਹਾਜ਼ 'ਤੇ ਸਵਾਰ ਹੋਏ ਸਨ। ਉਹ ਏਕੇ-47 ਵਰਗੇ ਹਥਿਆਰਾਂ ਨਾਲ ਲੈਸ ਸਨ, ਅਧਿਕਾਰੀ ਨੇ ਕਿਹਾ। ਚਾਲਕ ਦਲ ਦੇ ਮੈਂਬਰ ਪਹਿਲਾਂ ਜਹਾਜ਼ ਦੇ ਸੁਰੱਖਿਅਤ ਕਮਰੇ ਵਿੱਚ ਗਏ ਸਨ, ਪਰ ਸਮੁੰਦਰੀ ਡਾਕੂ ਉੱਥੇ ਪਹੁੰਚ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਜਹਾਜ਼ ਦੇ ਕੰਟਰੋਲ ਰੂਮ (ਪੁਲ) 'ਤੇ ਲੈ ਆਏ। ਜਹਾਜ਼ ਇਸ ਸਮੇਂ ਸਮੁੰਦਰੀ ਡਾਕੂਆਂ ਦੇ ਕੰਟਰੋਲ ਹੇਠ ਹੈ। ਹੁਣ ਤੱਕ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਰਿਪੋਰਟ ਨਹੀਂ ਹੈ।

# ਭਾਰੀ ਬਾਰਿਸ਼ ਕਾਰਨ ਨੁਕਸਾਨਿਆ ਗਿਆ ਵੈਲੀ ਬ੍ਰਿਜ, ਚੀਨ ਸਰਹੱਦ ਨਾਲ ਟੁੱਟਿਆ ਸੰਪਰਕ

**ਕੌਮੀ ਪਤ੍ਰਿਕਾ**


ਪਿਥੌਰਾਗੜ੍ਹ 22 ਅਗਸਤ। ਉੱਚ ਹਿਮਾਲਿਆ ਖੇਤਰ 'ਚ ਹੋ ਰਹੀ ਭਾਰੀ ਬਾਰਿਸ਼ ਕਾਰਨ ਧਾਰਚੂਲਾ ਤੋਂ ਅੱਗੇ ਕੁਲਾਗੜ੍ਹ ਨੇੜੇ ਵੈਲੀ ਬ੍ਰਿਜ ਨੁਕਸਾਨਿਆ ਜਾਣ ਕਾਰਨ ਚੀਨ ਸਰਹੱਦ ਨਾਲ ਸੰਪਰਕ ਟੁੱਟ ਗਿਆ ਹੈ। ਜ਼ਮੀਨ ਖਿਸਕਣ ਕਾਰਨ 2 ਹੋਰ ਸਰਹੱਦੀ ਮਾਰਗ ਵੀ ਬੰਦ ਹੋ ਗਏ ਹਨ। ਪ੍ਰਸ਼ਾਸਨ ਜੰਗੀ ਪੱਧਰ 'ਤੇ ਜੁਟ ਗਿਆ ਹੈ। ਪਿਥੌਰਾਗੜ੍ਹ ਜ਼ਿਲ੍ਹੇ 'ਚ ਭਾਰੀ ਬਾਰਿਸ਼ ਦਾ ਕਹਿਰ ਜਾਰੀ ਹੈ। ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਜ਼ਿਲ੍ਹੇ 'ਚ 19 ਸੜਕਾਂ ਜ਼ਮੀਨ ਖਿਸਕਣ ਕਾਰਨ ਬੰਦ ਹਨ, ਜਿਨ੍ਹਾਂ 'ਚ ਤਿੰਨ ਸਰਹੱਦੀ ਮਾਰਗ ਵੀ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, ਧਾਰਚੂਲਾ-ਗੁੰਜੀ ਸੜਕ 'ਤੇ ਧਾਰਚੂਲਾ ਤੋਂ ਲਗਭਗ 8 ਕਿਲੋਮੀਟਰ ਦੂਰ ਸਥਿਤ ਕੁਲਾਗੜ੍ਹ ਪੁਲ ਨੂੰ ਨੁਕਸਾਨ ਪਹੁੰਚਿਆ ਹੈ, ਜਿਸ ਨਾਲ ਗੁੰਜੀ ਦੇ ਸਰਹੱਦੀ ਖੇਤਰ ਅਤੇ ਇਸ ਤੋਂ ਪਰੇ ਦੇ ਖੇਤਰਾਂ ਨੂੰ ਜੋੜਨ ਵਾਲੇ ਇਸ ਮਹੱਤਵਪੂਰਨ ਰਸਤੇ 'ਤੇ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਧਾਰਚੂਲਾ ਦੇ ਉਪ-ਜ਼ਿਲ੍ਹਾ ਮੈਜਿਸਟ?ਰੇਟ, ਆਸ਼ੀਸ਼ ਜੋਸ਼ੀ ਦੇ ਅਨੁਸਾਰ, ਕੁਲਾਗੜ੍ਹ ਘਾਟੀ ਪੁਲ 'ਤੇ ਇਕ ਵੱਡਾ ਪੱਥਰ ਡਿੱਗਣ ਨਾਲ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਇਸ ਨਾਲ ਗੁੰਜੀ ਅਤੇ ਇਸ ਤੋਂ ਪਾਰ ਸੰਪਰਕ ਟੁੱਟ ਗਿਆ ਹੈ, ਜਿਸ ਨਾਲ ਵਾਹਨਾਂ ਦੀ ਆਵਾਜਾਈ 'ਚ ਠੱਪ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ ਅਤੇ ਸਰਹੱਦੀ ਸੜਕ ਸੰਗਠਨ (ਬੀਆਰਓ) ਇਸ ਸਮੇਂ ਇਕ ਅਸਥਾਈ ਸੜਕ ਬਣਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ, ਧਾਰਚੂਲਾ ਪੁਲਸ, ਐੱਨਐੱਚਪੀਸੀ ਅਤੇ ਬੀਆਰਓ ਦੇ ਅਧਿਕਾਰੀ ਮੌਕੇ 'ਤੇ ਮੌਜੂਦ ਹਨ। ਇਸ ਵੇਲੇ, ਪ੍ਰਸ਼ਾਸਨ ਨੇ ਕੁਲਗੜ੍ਹ ਤੋਂ ਗੁੰਜੀ ਅਤੇ ਧਾਰਚੂਲਾ ਤੋਂ ਦਰਮਾ ਘਾਟੀ ਤੱਕ ਸਾਰੇ ਵਾਹਨਾਂ ਦੀ ਆਵਾਜਾਈ ਨੂੰ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤਾ ਹੈ। ਸ੍ਰੀ ਜੋਸ਼ੀ ਨੇ ਕਿਹਾ ਕਿ ਕੈਲਾਸ਼ ਮਾਨਸਰੋਵਰ ਸ਼ਰਧਾਲੂਆਂ ਦਾ 9ਵਾਂ ਸਮੂਹ ਅੱਜ ਗੁੰਜੀ ਵਾਪਸ ਆਇਆ ਹੈ ਅਤੇ ਅੱਜ ਗੁੰਜੀ 'ਚ ਹੀ ਰਹੇਗਾ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਛੋਟੇ ਵਾਹਨ ਕੱਲ੍ਹ ਸਵੇਰ ਤੱਕ ਸੜਕ ਤੱਕ ਪਹੁੰਚ ਸਕਣਗੇ। ਪਿਥੌਰਾਗੜ੍ਹ ਪੁਲਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਬੇਲੋੜੀ ਯਾਤਰਾ ਤੋਂ ਬਚਣ, ਵਿਕਲਪਿਕ ਪ੍ਰਬੰਧ ਹੋਣ ਤੱਕ ਰਸਤੇ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਅਤੇ ਪ੍ਰਸ਼ਾਸਨ ਅਤੇ ਪੁਲਸ ਦੁਆਰਾ ਜਾਰੀ ਅਧਿਕਾਰਤ ਨਿਰਦੇਸ਼ਾਂ ਦੀ ਹੀ ਪਾਲਣਾ ਕਰਨ। ਧਾਰਚੂਲਾ-ਗੁੰਜੀ ਰੂਟ ਤੋਂ ਇਲਾਵਾ, ਭਾਰੀ ਬਾਰਿਸ਼ ਕਾਰਨ 2 ਹੋਰ ਸਰਹੱਦੀ ਰਸਤੇ ਵੀ ਬੰਦ ਹਨ। ਇਨ੍ਹਾਂ 'ਚ ਤਵਾਘਾਟ-ਗੁੰਜੀ ਅਤੇ ਸੋਬਲਾ-ਦਰ-ਤਿਦਾਂਗ ਮੋਟਰਵੇ ਸ਼ਾਮਲ ਹਨ। ਇਨ੍ਹਾਂ ਰੂਟਾਂ 'ਤੇ ਵੱਖ-ਵੱਖ ਥਾਵਾਂ 'ਤੇ ਮਲਬਾ ਇਕੱਠਾ ਹੋ ਗਿਆ ਹੈ। ਡਿਦੀਹਾਟ ਥਾਲ-ਮੁਨਸਯਾਰੀ ਰਾਜ ਮਾਰਗ ਤੋਂ ਇਲਾਵਾ 15 ਪੇਂਡੂ ਸੜਕਾਂ ਵੀ ਬੰਦ ਹਨ।



# ਦਿੱਲੀ ਪੁਲਸ ਦੀ ਵੱਡੀ ਕਾਰਵਾਈ ! ਨੇਪਾਲ ਰਸਤੇ ਭਾਰਤ ਵੜਿਆ ਪਾਕਿਸਤਾਨੀ ਨਾਗਰਿਕ ਕਾਬੂ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 22 ਅਗਸਤ। ਦਿੱਲੀ ਪੁਲਸ ਦੀ ਅਪਰਾਧ ਸ਼ਾਖਾ ਨੇ ਇੱਕ ਪਾਕਿਸਤਾਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਰਾਸ਼ਟਰੀ ਰਾਜਧਾਨੀ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਅਧਿਕਾਰੀਆਂ ਦੇ ਅਨੁਸਾਰ ਇਸ ਵਿਅਕਤੀ ਨੂੰ ਕ੍ਰਾਈਮ ਸ਼ਾਖਾ ਨੇ 15 ਅਗਸਤ ਨੂੰ ਪੁਰਾਣੀ ਦਿੱਲੀ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਸੀ। ਜਾਂਚਕਰਤਾਵਾਂ ਨੇ ਕਿਹਾ ਕਿ ਪਾਕਿਸਤਾਨੀ ਨਾਗਰਿਕ ਨੇਪਾਲ ਸਰਹੱਦ ਰਾਹੀਂ ਭਾਰਤ 'ਚ ਦਾਖਲ ਹੋਇਆ ਸੀ ਅਤੇ ਦਿੱਲੀ ਦੇ ਇੱਕ ਰੈਸਟੋਰੈਂਟ ਵਿੱਚ ਕੰਮ ਕਰ ਰਿਹਾ ਸੀ। ਮੁਲਜ਼ਮ ਦੀ ਮਾਂ ਪਹਿਲਾਂ ਇੱਕ ਭਾਰਤੀ ਨਾਗਰਿਕ ਸੀ ਅਤੇ ਰਾਸ਼ਟਰੀ ਰਾਜਧਾਨੀ ਦੀ ਰਹਿਣ ਵਾਲੀ ਸੀ, ਫਿਰ ਉਸਨੇ ਪਾਕਿਸਤਾਨੀ ਮੂਲ ਦੇ ਇੱਕ ਵਿਅਕਤੀ ਨਾਲ ਵਿਆਹ ਕੀਤਾ। ਵਿਆਹ ਤੋਂ ਬਾਅਦ ਉਸਨੇ ਬਾਅਦ 'ਚ ਪਾਕਿਸਤਾਨੀ ਨਾਗਰਿਕਤਾ ਪ੍ਰਾਪਤ ਕੀਤੀ। ਅਪਰਾਧ ਸ਼ਾਖਾ ਸਮੇਤ ਕੇਂਦਰੀ ਏਜੰਸੀਆਂ ਨੇ ਗ੍ਰਿਫ਼ਤਾਰ ਕੀਤੇ ਵਿਅਕਤੀ ਤੋਂ ਪੂਰੀ ਤਰ੍ਹਾਂ ਪੁੱਛਗਿੱਛ ਕੀਤੀ ਹੈ। ਦਿੱਲੀ ਪੁਲਸ ਦੀ ਅਪਰਾਧ ਸ਼ਾਖਾ ਨੇ ਉਸਨੂੰ ਵਿਦੇਸ਼ੀ ਖੇਤਰੀ ਰਜਿਸਟ?ਰੇਸ਼ਨ ਦਫਤਰ ਦੇ ਹਵਾਲੇ ਕਰ ਦਿੱਤਾ ਹੈ ਅਤੇ ਉਸਨੂੰ ਪਾਕਿਸਤਾਨ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਰਾਜਧਾਨੀ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀਆਂ ਦੇ ਇੱਕ ਸਮਾਨ ਮਾਮਲੇ ਵਿੱਚ, ਦਿੱਲੀ ਪੁਲਸ ਦੇ ਵਿਸ਼ੇਸ਼ ਸਟਾਫ (ਕੇਂਦਰੀ ਜ਼ਿਲ੍ਹਾ) ਦੇ ਵਿਦੇਸ਼ੀ ਸੈੱਲ ਨੇ ਪਿਛਲੇ ਹਫ਼ਤੇ ਆਪਰੇਸ਼ਨ VISTA 1.0 ਦੌਰਾਨ ਦੋ ਬੰਗਲਾਦੇਸ਼ੀ ਨਾਗਰਿਕਾਂ ਨੂੰ ਉਨ੍ਹਾਂ ਦੇ ਵੀਜ਼ਾ ਤੋਂ ਵੱਧ ਸਮੇਂ ਲਈ ਰਹਿਣ ਲਈ ਗ੍ਰਿਫ਼ਤਾਰ ਕੀਤਾ ਸੀ। ਰਾਸ਼ਟਰੀ ਰਾਜਧਾਨੀ ਵਿੱਚ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਵੀਜ਼ਾ ਸਥਿਤੀ ਦੀ ਪੁਸ਼ਟੀ ਕਰਨ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਲਈ ਸ਼ੁਰੂ ਕੀਤੀ ਗਈ ਇਹ ਕਾਰਵਾਈ, ਕੇਂਦਰੀ ਦਿੱਲੀ ਦੇ ਹੋਟਲਾਂ ਅਤੇ ਗੈਸਟ ਹਾਊਸਾਂ ਦੀ ਪੂਰੀ ਤਰ੍ਹਾਂ ਜਾਂਚ ਕਰਨ ਵਿੱਚ ਸ਼ਾਮਲ ਸੀ। ਨਬੀ ਕਰੀਮ ਖੇਤਰ ਵਿੱਚ ਅਰਕਾਸ਼ਨ ਰੋਡ 'ਤੇ ਇੱਕ ਹੋਟਲ ਵਿੱਚ ਇੱਕ ਤਸਦੀਕ ਮੁਹਿੰਮ ਦੌਰਾਨ, ਪੁਲਿਸ ਅਧਿਕਾਰੀਆਂ ਨੂੰ ਦੋ ਬੰਗਲਾਦੇਸ਼ੀ ਨਾਗਰਿਕ ਉੱਥੇ ਰਹਿੰਦੇ ਮਿਲੇ। ਪਾਸਪੋਰਟ ਅਤੇ ਵੀਜ਼ਾ ਸਮੇਤ ਉਨ੍ਹਾਂ ਦੇ ਯਾਤਰਾ ਦਸਤਾਵੇਜ਼ਾਂ ਦੀ ਜਾਂਚ ਕਰਨ 'ਤੇ, ਅਧਿਕਾਰੀਆਂ ਨੇ ਪਾਇਆ ਕਿ ਦੋਵੇਂ ਵਿਅਕਤੀ ਆਪਣੇ ਵੀਜ਼ਾ ਦੀ ਮਿਆਦ ਤੋਂ ਵੱਧ ਸਮੇਂ ਲਈ ਠਹਿਰੇ ਸਨ। ਦਿੱਲੀ ਪੁਲਸ ਦੇ ਅਨੁਸਾਰ, ਦੋਵੇਂ ਵਿਦੇਸ਼ੀ ਨਾਗਰਿਕ 23 ਜੂਨ ਨੂੰ ਡਬਲ-ਐਂਟਰੀ ਵੀਜ਼ਾ 'ਤੇ ਭਾਰਤ ਵਿੱਚ ਦਾਖਲ ਹੋਏ ਸਨ। ਹਾਲਾਂਕਿ ਉਨ੍ਹਾਂ ਦੇ ਪਾਸਪੋਰਟ 3 ਸਤੰਬਰ ਤੱਕ ਵੈਧ ਸਨ, ਵੀਜ਼ਾ ਸ਼ਰਤਾਂ ਨੇ ਉਨ੍ਹਾਂ ਨੂੰ ਹਰ ਵਾਰ ਸਿਰਫ 15 ਦਿਨ ਭਾਰਤ ਵਿੱਚ ਰਹਿਣ ਦੀ ਇਜ਼ਾਜਤ ਦਿੱਤੀ। ਉਨ੍ਹਾਂ ਦੇ ਦਸਤਾਵੇਜ਼ਾਂ ਦੀ ਵਿਸਥਾਰ ਨਾਲ ਜਾਂਚ ਤੋਂ ਪਤਾ ਲੱਗਾ ਕਿ ਦੋਵੇਂ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਨਿਰਧਾਰਤ ਸਮੇਂ ਤੋਂ ਵੱਧ ਦੇਸ਼ ਵਿੱਚ ਰਹੇ ਸਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਐਮਡੀ ਅਨਹਾਰੁਲ ਇਸਲਾਮ ਸੌਰਬ ਖਾਨ (23) ਵਜੋਂ ਹੋਈ ਹੈ, ਜੋ ਕਿ ਹਬੀਗੰਜ, ਬੰਗਲਾਦੇਸ਼ ਦਾ ਰਹਿਣ ਵਾਲਾ ਹੈ ਅਤੇ ਤਾਰਿਕੁਲ ਇਸਲਾਮ ਸੁਜਾਨ (27) ਹੈ, ਜੋ ਕਿ ਬੰਗਲਾਦੇਸ਼ ਦਾ ਰਹਿਣ ਵਾਲਾ ਹੈ।




# ਰਿਸ਼ਵਤ ਮਾਮਲੇ 'ਚ ਕੈਂਟ ਰੇਲਵੇ ਬ੍ਰਿਜ ਵਰਕਸ਼ਾਪ ਦਾ ਐੱਸਐੱਸਈ ਮਿਲਿੰਦ ਕੁਮਾਰ ਸੀਬੀਆਈ ਨੇ ਕੀਤਾ ਗ੍ਰਿਫ਼ਤਾਰ

ਜਲੰਧਰ 22 ਅਗਸਤ। ਕੈਂਟ ਰੇਲਵੇ ਸਟੇਸ਼ਨ ਦੀ ਬ੍ਰਿਜ ਵਰਕਸ਼ਾਪ ਦੇ ਸੀਨੀਅਰ ਸੈਕਸ਼ਨ ਇੰਜਨੀਅਰ (ਐੱਸਐੱਸਈ) ਮਿਲਿੰਦ ਕੁਮਾਰ ਨੂੰ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਬੁੱਧਵਾਰ ਨੂੰ ਗ੍ਰਿਫ਼ਤਾਰ ਕਰ ਲਿਆ। ਸੀਬੀਆਈ ਦੇ ਇੰਸਪੈਕਟਰ ਕੁਲਦੀਪ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਨੇ ਵਰਕਸ਼ਾਪ ਵਿੱਚ ਛਾਪੇਮਾਰੀ ਕਰਕੇ ਇਹ ਕਾਰਵਾਈ ਕੀਤੀ। ਗ੍ਰਿਫ਼ਤਾਰੀ ਠੇਕੇਦਾਰ ਹੇਮੰਤ ਬਾਂਸਲ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ। ਠੇਕੇਦਾਰ ਹੇਮੰਤ ਬਾਂਸਲ ਨੇ ਦੋਸ਼ ਲਾਇਆ ਕਿ ਬ੍ਰਿਜ ਵਰਕਸ਼ਾਪ ਵਿੱਚ ਕੀਤੇ ਮਸ਼ੀਨਰੀ ਦੇ ਕੰਮਾਂ ਦੇ ਕਰੀਬ 50 ਤੋਂ 60 ਲੱਖ ਰੁਪਏ ਦੇ ਬਕਾਇਆ ਭੁਗਤਾਨ ਨੂੰ ਜਾਰੀ ਕਰਨ ਦੇ ਬਦਲੇ ਐੱਸਐੱਸਈ ਵੱਲੋਂ ਦੋ ਫ਼ੀਸਦੀ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਬੰਧੀ ਹੋਈ ਮੋਬਾਈਲ ਗੱਲਬਾਤ ਦੀ ਰਿਕਾਰਡਿੰਗ ਵੀ ਉਨ੍ਹਾਂ ਕੋਲ ਮੌਜੂਦ ਹੈ। ਰਿਸ਼ਵਤ ਨਾ ਦੇਣ ਕਾਰਨ ਉਨ੍ਹਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਗਿਆ ਅਤੇ ਕੰਮ ਵਿੱਚ ਦੇਰੀ ਦਾ ਹਵਾਲਾ ਦੇ ਕੇ ਤਿੰਨ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ, ਜਿਸ ਦੀ ਅਦਾਇਗੀ ਉਹ ਕਰ ਚੁੱਕੇ ਹਨ। ਠੇਕੇਦਾਰ ਨੇ ਦੱਸਿਆ ਕਿ ਇਸ ਵੇਲੇ ਕਰੀਬ 28 ਲੱਖ ਰੁਪਏ ਦਾ ਭੁਗਤਾਨ ਬਕਾਇਆ ਸੀ, ਪਰ ਐੱਸਐੱਸਈ ਵੱਲੋਂ ਇਹ ਕਹਿ ਕੇ ਰੋਕਿਆ ਜਾ ਰਿਹਾ ਸੀ ਕਿ ਵਰਕਸ਼ਾਪ ਵਿੱਚ ਮਸ਼ੀਨਰੀ ਕਿਸ ਦੀ ਇਜਾਜ਼ਤ ਨਾਲ ਲਗਾਈ ਗਈ ਹੈ, ਜਦਕਿ ਉਨ੍ਹਾਂ ਕੋਲ ਇਸ ਕੰਮ ਦਾ ਵਿਧੀਵਤ ਵਰਕ ਆਰਡਰ ਮੌਜੂਦ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਛੇ ਮਹੀਨਿਆਂ ਵਿੱਚ ਮੁਕੰਮਲ ਹੋਣ ਵਾਲੇ ਕੰਮ ਨੂੰ ਦੋ ਸਾਲ ਲੱਗਣ ਦਾ ਹਵਾਲਾ ਦੇ ਕੇ ਉਨ੍ਹਾਂ 'ਤੇ ਜੁਰਮਾਨਾ ਲਗਾਇਆ ਗਿਆ। ਠੇਕੇਦਾਰ ਮੁਤਾਬਕ ਉਨ੍ਹਾਂ ਨੇ ਪਹਿਲਾਂ ਬੜੌਦਾ ਹਾਊਸ, ਨਵੀਂ ਦਿੱਲੀ ਸਥਿਤ ਬ੍ਰਿਜ ਵਰਕਸ਼ਾਪ ਦੇ ਮੁੱਖ ਇੰਜਨੀਅਰ ਆਰਪੀ ਸਿੰਘ ਕੋਲ ਸ਼ਿਕਾਇਤ ਕੀਤੀ। ਮੁੱਖ ਇੰਜਨੀਅਰ ਨੇ ਵਰਕਸ਼ਾਪ ਵਿੱਚ ਲਗਾਈ ਗਈ ਮਸ਼ੀਨਰੀ ਦੀ ਖਰੀਦ ਅਤੇ ਕੰਮ ਦੀ ਕ੍ਰਾਸ ਜਾਂਚ ਕਰਨ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਠੇਕੇਦਾਰ ਨੇ ਸੀਬੀਆਈ ਕੋਲ ਵੀ ਸ਼ਿਕਾਇਤ ਦਰਜ ਕਰਵਾ ਕੇ ਰਿਸ਼ਵਤ ਮੰਗਣ ਸਬੰਧੀ ਮੋਬਾਈਲ ਰਿਕਾਰਡਿੰਗ ਮੁਹੱਈਆ ਕਰਵਾਈ। ਸ਼ਿਕਾਇਤ ਦੀ ਜਾਂਚ ਤੋਂ ਬਾਅਦ ਸੀਬੀਆਈ ਨੇ ਵਿਸ਼ੇਸ਼ ਟੀਮ ਬਣਾਈ ਅਤੇ ਬੁੱਧਵਾਰ ਨੂੰ ਬ੍ਰਿਜ ਵਰਕਸ਼ਾਪ ਵਿੱਚ ਛਾਪੇਮਾਰੀ ਕਰਕੇ ਐੱਸਐੱਸਈ ਮਿਲਿੰਦ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ। ਟੀਮ ਨੇ ਮੌਕੇ ਤੋਂ ਕੁਝ ਦਸਤਾਵੇਜ਼ ਵੀ ਆਪਣੇ ਕਬਜ਼ੇ ਵਿੱਚ ਲਏ। ਕਾਰਵਾਈ ਦੌਰਾਨ ਵਰਕਸ਼ਾਪ ਵਿੱਚ ਹੜਕੰਪ ਮਚ ਗਿਆ ਅਤੇ ਸੀਬੀਆਈ ਦੀ ਟੀਮ ਮੁਲਜ਼ਮ ਨੂੰ ਆਪਣੇ ਨਾਲ ਲੈ ਗਈ। ਬੜੌਦਾ ਹਾਊਸ ਸਥਿਤ ਬ੍ਰਿਜ ਵਰਕਸ਼ਾਪ ਦੇ ਮੁੱਖ ਇੰਜੀਨੀਅਰ ਆਰਪੀ ਸਿੰਘ ਨੇ ਐੱਸਐੱਸਈ ਮਿਲਿੰਦ ਕੁਮਾਰ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ।

# ਬੁਰਜ ਖ਼ਲੀਫ਼ਾ ਦੇ ਸਭ ਤੋਂ ਮਹਿੰਗੇ ਫ਼ਲੈਟ ਦਾ ਮਾਲਕ ਕੌਣ? ਦੋ ਮੰਜ਼ਿਲਾਂ 'ਤੇ ਫੈਲਿਆ ਹੈ ਲਗਜ਼ਰੀ ਪੈਂਟਹਾਊਸ; 460 ਮੀਟਰ ਦੀ ਉਚਾਈ 'ਤੇ ਹੈ ਮੌਜੂਦ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 22 ਅਗਸਤ। ਦੁਬਈ ਦਾ ਪ੍ਰਤੀਕ, ਬੁਰਜ ਖਲੀਫਾ, ਨਾ ਸਿਰਫ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਹੋਣ ਲਈ ਮਸ਼ਹੂਰ ਹੈ, ਸਗੋਂ ਇਸਦੇ ਅੰਦਰ ਬਣੇ ਲਗਜ਼ਰੀ ਘਰਾਂ ਦੀਆਂ ਬਹੁਤ ਜ਼ਿਆਦਾ ਕੀਮਤਾਂ ਲਈ ਵੀ ਮਸ਼ਹੂਰ ਹੈ। ਇਸ ਗਗਨਚੁੰਬੀ ਇਮਾਰਤ ਵਿੱਚ ਸਭ ਤੋਂ ਵੱਧ ਚਰਚਿਤ ਅਤੇ ਮਹਿੰਗੀਆਂ ਰਿਹਾਇਸ਼ੀ ਜਾਇਦਾਦਾਂ ਵਿੱਚੋਂ 'ਸਕਾਈ ਪੈਲੇਸ' ਡੁਪਲੈਕਸ ਹੈ, ਜੋ 107ਵੀਂ ਅਤੇ 108ਵੀਂ ਮੰਜ਼ਿਲ 'ਤੇ ਸਥਿਤ ਹੈ। ਲਗਪਗ 21,000 ਵਰਗ ਫੁੱਟ ਵਿੱਚ ਫੈਲੇ ਇਸ ਪੈਂਟਹਾਊਸ ਦੀ ਕੀਮਤ ਲਗਪਗ 180 ਮਿਲੀਅਨ ਦਿਰਹਮ (ਲਗਪਗ £51 ਮਿਲੀਅਨ) ਸੀ, ਜੋ ਕਿ ਭਾਰਤੀ ਮੁਦਰਾ ਵਿੱਚ ਲਗਪਗ ?488 ਕਰੋੜ ਬਣਦੀ ਹੈ। 'ਸਕਾਈ ਪੈਲੇਸ' ਬੁਰਜ ਖਲੀਫਾ ਦੀ 108ਵੀਂ ਮੰਜ਼ਿਲ ਤੱਕ ਫੈਲਿਆ ਹੋਇਆ ਹੈ ਅਤੇ ਦੁਨੀਆ ਦੀਆਂ ਸਭ ਤੋਂ ਉੱਚੀਆਂ ਨਿੱਜੀ ਰਿਹਾਇਸ਼ੀ ਜਾਇਦਾਦਾਂ ਵਿੱਚੋਂ ਇੱਕ ਹੈ। ਲਗਭਗ 460 ਮੀਟਰ ਦੀ ਉਚਾਈ 'ਤੇ ਸਥਿਤ, ਇਹ ਡੁਪਲੈਕਸ ਦੋ ਮੰਜ਼ਿਲਾਂ 'ਤੇ ਫੈਲਿਆ ਹੋਇਆ ਹੈ। ਰਿਪੋਰਟਾਂ ਦੇ ਅਨੁਸਾਰ, ਇਸਦਾ ਕੁੱਲ ਖੇਤਰਫਲ ਲਗਪਗ 21,000 ਵਰਗ ਫੁੱਟ ਹੈ ਅਤੇ ਇਸ ਵਿੱਚ ਦੋ ਪੱਧਰਾਂ ਨੂੰ ਜੋੜਨ ਵਾਲੀ ਇੱਕ ਨਿੱਜੀ ਲਿਫਟ ਹੈ। ਇਸਦੀ ਵਿਸ਼ਾਲ ਉਚਾਈ ਦੁਬਈ ਦੇ ਲਗਪਗ 360-ਡਿਗਰੀ ਦ੍ਰਿਸ਼ ਦੀ ਪੇਸ਼ਕਸ਼ ਕਰਦੀ ਹੈ, ਇੱਕ ਅਜਿਹਾ ਕਾਰਕ ਜੋ ਇਸਦੀ ਕੀਮਤ ਨੂੰ ਹੋਰ ਵਧਾਉਂਦਾ ਹੈ। ਪੈਂਟਹਾਊਸ ਦੀ ਉੱਚ ਕੀਮਤ ਦਾ ਮੁੱਖ ਕਾਰਨ ਸਿਰਫ਼ ਆਕਾਰ ਨਹੀਂ ਹੈ। ਉਚਾਈ, ਗੋਪਨੀਯਤਾ, ਸੀਮਤ ਉਪਲਬਧਤਾ ਅਤੇ ਇਮਾਰਤ ਦੀ ਵਿਸ਼ਵਵਿਆਪੀ ਪ੍ਰਤਿਸ਼ਠਾ ਵਰਗੇ ਕਾਰਕ ਇਸ ਜਾਇਦਾਦ ਨੂੰ 'ਟਰਾਫੀ ਸੰਪਤੀ' ਬਣਾਉਂਦੇ ਹਨ। ਸਕਾਈ ਪੈਲੇਸ ਵਿੱਚ ਵਿਸ਼ਾਲ ਖੁੱਲ੍ਹੀਆਂ ਥਾਵਾਂ, ਫਰਸ਼ ਤੋਂ ਛੱਤ ਤੱਕ ਸ਼ੀਸ਼ੇ ਦੀਆਂ ਖਿੜਕੀਆਂ ਅਤੇ ਨਿੱਜੀ ਸਹੂਲਤਾਂ ਲਈ ਕਾਫ਼ੀ ਜਗ?ਾ ਹੈ। ਇਸਦੀ ਸਭ ਤੋਂ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਇੱਕ ਮਿਆਰੀ ਅਪਾਰਟਮੈਂਟ ਵਜੋਂ ਨਹੀਂ, ਸਗੋਂ ਇੱਕ ਬਹੁਤ ਹੀ ਦੁਰਲੱਭ ਫੁੱਲ-ਫਲੋਰ ਡੁਪਲੈਕਸ ਵਜੋਂ ਡਿਜ਼ਾਈਨ ਕੀਤਾ ਗਿਆ ਹੈ। ਕੀਮਤ ਦੇ ਮਾਮਲੇ ਵਿੱਚ ਇਸ ਪੈਂਟਹਾਊਸ ਨੂੰ ਨਵੰਬਰ 2024 ਵਿੱਚ 180 ਮਿਲੀਅਨ ਦਿਰਹਾਮ ਲਗਪਗ £49.5 ਮਿਲੀਅਨ ਵਿੱਚ ਵਿਕਰੀ ਲਈ ਸੂਚੀਬੱਧ ਕੀਤਾ ਗਿਆ ਸੀ। ਬਾਅਦ ਵਿੱਚ 2025 ਵਿੱਚ ਇਸਦੀ ਕੀਮਤ ਲਗਪਗ £51 ਮਿਲੀਅਨ ਦੱਸੀ ਗਈ ਸੀ। ਭਾਰਤੀ ਮੁਦਰਾ ਦੇ ਸ਼ਬਦਾਂ ਵਿੱਚ ਇਹ ਰਕਮ ਕਈ ਸੌ ਕਰੋੜ ਰੁਪਏ ਵਿੱਚ ਅਨੁਵਾਦ ਕਰਦੀ ਹੈ। ਹਾਲਾਂਕਿ, ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਇਹ ਸੂਚੀਬੱਧ ਜਾਂ ਮੰਗੀ ਗਈ ਕੀਮਤ ਸੀ; ਅੰਤਿਮ ਵਿਕਰੀ ਜ਼ਰੂਰੀ ਨਹੀਂ ਕਿ ਇਸ ਅੰਕੜੇ 'ਤੇ ਹੋਈ ਹੋਵੇ। ਬੁਰਜ ਖਲੀਫਾ ਵਿੱਚ ਹੋਰ ਜਾਇਦਾਦਾਂ ਦੀਆਂ ਕੀਮਤਾਂ ਮੌਜੂਦਾ ਬਾਜ਼ਾਰ ਵਿੱਚ ਕਾਫ਼ੀ ਘੱਟ ਹਨ। 2025 ਵਿੱਚ ਸਭ ਤੋਂ ਮਹਿੰਗਾ ਬ੍ਰਾਂਡ ਵਾਲਾ ਨਿਵਾਸ 44 ਮਿਲੀਅਨ ਦਿਰਹਾਮ ਵਿੱਚ ਵਿਕਿਆ। ਸਵਾਲ ਉੱਠਦਾ ਹੈ: ਇਸ ਅਤਿ-ਮਹਿੰਗੇ ਅਪਾਰਟਮੈਂਟ ਦਾ ਮਾਲਕ ਕੌਣ ਸੀ? ਜਨਤਕ ਰਿਪੋਰਟਾਂ ਦੇ ਅਨੁਸਾਰ, ਕਾਰੋਬਾਰੀ ਅਤੇ ਆਈਆਰਸੀ ਇਨਵੈਸਟ ਦੇ ਮੁਖੀ ਕਾਰਲ ਹਦਾਦ ਇਸ ਪੈਂਟਹਾਊਸ ਦੇ ਮਾਲਕ ਸਨ। ਉਸਨੇ ਇਸਨੂੰ 180 ਮਿਲੀਅਨ ਦਿਰਹਾਮ ਵਿੱਚ ਖਰੀਦਿਆ ਸੀ। ਬੁਰਜ ਖ਼ਲੀਫ਼ਾ ਦੇ ਸਭ ਤੋਂ ਮਹਿੰਗੇ ਫ਼ਲੈਟ ਦਾ ਮਾਲਕ ਕੌਣ? ਦੋ ਮੰਜ਼ਿਲਾਂ 'ਤੇ ਫੈਲਿਆ ਹੈ ਲਗਜ਼ਰੀ ਪੈਂਟਹਾਊਸ; 460 ਮੀਟਰ ਦੀ ਉਚਾਈ 'ਤੇ ਹੈ ਮੌਜੂਦ ਹਾਲਾਂਕਿ, ਮਾਰਚ 2026 ਦੀ ਇੱਕ ਰਿਪੋਰਟ ਨੇ ਸੰਕੇਤ ਦਿੱਤਾ ਕਿ ਹਦਾਦ ਨੇ ਇਸ ਬੁਰਜ ਖਲੀਫਾ 'ਸਕਾਈ ਪੈਲੇਸ' ਨੂੰ ਵੇਚ ਦਿੱਤਾ ਸੀ। ਨਤੀਜੇ ਵਜੋਂ, ਨਵੇਂ ਮਾਲਕ ਦੀ ਪਛਾਣ ਇਸ ਸਮੇਂ ਜਨਤਕ ਤੌਰ 'ਤੇ ਨਹੀਂ ਜਾਣੀ ਜਾਂਦੀ, ਜਿਸ ਕਾਰਨ ਇਸ ਸਮੇਂ ਕਿਸੇ ਖਾਸ ਵਿਅਕਤੀ ਨੂੰ ਮਾਲਕੀ ਦੇਣਾ ਅਣਉਚਿਤ ਹੈ। ਬੁਰਜ ਖਲੀਫਾ ਵਿਖੇ ਰੀਅਲ ਅਸਟੇਟ ਮਾਰਕੀਟ ਇਮਾਰਤ ਦੀ ਵਿਲੱਖਣ ਸਥਿਤੀ ਨੂੰ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ। ਨਾਈਟ ਫ?ਰੈਂਕ ਦੇ ਅਨੁਸਾਰ, 2024 ਵਿੱਚ ਉੱਥੇ 98 ਗੈਰ-ਬ੍ਰਾਂਡਡ ਰਿਹਾਇਸ਼ੀ ਯੂਨਿਟ 4.8 ਮਿਲੀਅਨ ਦਿਰਹਾਮ ਦੀ ਔਸਤ ਕੀਮਤ 'ਤੇ ਵੇਚੇ ਗਏ ਸਨ। ਇਸ ਦੌਰਾਨ, 18 ਬ੍ਰਾਂਡਡ ਰਿਹਾਇਸ਼ੀ ਯੂਨਿਟ ਵੇਚੇ ਗਏ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਮਹਿੰਗਾ - ਪੰਜ ਬੈੱਡਰੂਮ ਵਾਲਾ ਯੂਨਿਟ - 44 ਮਿਲੀਅਨ ਦਿਰਹਾਮ ਪ੍ਰਾਪਤ ਹੋਇਆ। ਅਗਸਤ 2026 ਤੱਕ ਉਪਲਬਧ ਲੈਣ-ਦੇਣ ਦੇ ਅੰਕੜੇ ਇਹ ਵੀ ਦਰਸਾਉਂਦੇ ਹਨ ਕਿ ਕਈ ਅਪਾਰਟਮੈਂਟ ਲੱਖਾਂ ਦਿਰਹਾਮ ਵਿੱਚ ਵਿਕ ਰਹੇ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬੁਰਜ ਖਲੀਫਾ ਦੀਆਂ ਕੀਮਤਾਂ ਸਿਰਫ਼ ਘਰ ਦੇ ਆਕਾਰ ਦੁਆਰਾ ਨਿਰਧਾਰਤ ਨਹੀਂ ਕੀਤੀਆਂ ਜਾਂਦੀਆਂ; ਫਰਸ਼ ਦਾ ਪੱਧਰ, ਦ੍ਰਿਸ਼, ਗੋਪਨੀਯਤਾ, ਬ੍ਰਾਂਡਿੰਗ ਅਤੇ ਦੁਰਲੱਭਤਾ ਵਰਗੇ ਕਾਰਕ ਕੀਮਤ ਨੂੰ ਕਈ ਗੁਣਾ ਵਧਾ ਸਕਦੇ ਹਨ। ਫਿਲੌਰ ਅਤੇ ਗੁਰਾਇਆ ਦੇ ਇਲਾਕਿਆਂ ਵਿੱਚ ਗੁੱਜਰਾਂ ਵੱਲੋਂ ਆਪਣੇ ਪਸ਼ੂਆਂ ਨੂੰ ਖੁੱਲ੍ਹੇਆਮ ਸੜਕਾਂ 'ਤੇ ਛੱਡਣ ਕਾਰਨ ਪ੍ਰਸ਼ਾਸਨ ਦੇ ਹੁਕਮਾਂ ਦੀਆਂ ਧੱਜੀਆਂ ਉੱਡ ਰਹੀਆਂ ਹਨ। ਹਾਈਵੇਅ ਦੀ ਸਰਵਿਸ ਲੇਨ ਅਤੇ ਪਿੰਡਾਂ ਦੀਆਂ ਮੁੱਖ ਸੜਕਾਂ 'ਤੇ ਘੁੰਮਦੇ ਇਹ ਪਸ਼ੂ ਜਿੱਥੇ ਵੱਡੇ ਸੜਕੀ ਹਾਦਸਿਆਂ ਦਾ ਕਾਰਨ ਬਣ ਰਹੇ ਹਨ, ਉੱਥੇ ਹੀ ਵਣ ਵਿਭਾਗ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਲਗਾਏ ਗਏ ਲੱਖਾਂ ਰੁਪਏ ਦੇ ਕੀਮਤੀ ਬੂਟਿਆਂ ਦਾ ਭਾਰੀ ਨੁਕਸਾਨ ਕਰ ਰਹੇ ਹਨ।

